# ਸਿਰਜਣਾ

ਜੁਲਾਈ–ਸਤੰਬਰ 1979

ਨਿਗਰਾਨ : ਸੰਤ ਸੰਘ ਸੇਖੋਂ
ਸੰਪਾਦਕ : ਰਘਬੀਰ ਸਿੰਘ

35

ਮੁੱਲ · ਢਾਈ ਰੁਪਏ
ਸਾਲਾਨਾ : ਦਸ ਰੁਪਏ

# ਸਿਰਜਣਾ

ਜੁਲਾਈ-ਸਤੰਬਰ 1979

●

ਨਿਗਰਾਨ
**ਸੰਤ ਸਿੰਘ ਸੇਖੋਂ**

●

ਸੰਪਾਦਕ
**ਰਘਬੀਰ ਸਿੰਘ**

●

ਪਤਾ
**1023, ਸੈਕਟਰ 38-ਬੀ
ਚੰਡੀਗੜ੍ਹ-160023**

●

SIRJANA is approved by DPI Punjab for all schools, colleges and social education centres vide letter No. 2/6-66 B (EP) dated 26.9.66


## ਇਸ ਅੰਕ ਵਿਚ


ਰਘਬੀਰ ਸਿੰਘ/ਸੰਪਾਦਕੀ/ਸਿਥਲਤਾ ਦੀ ਸਥਿਤੀ/1
ਪਿਆਰਾ ਸਿੰਘ ਸਹਿਰਾਈ/ਕਵਿਤਾ/ਸੀ ਹਰਫੀ ਅੱਜ ਦੀ/3
ਸੰਤੋਖ ਸਿੰਘ ਧੀਰ/ਕਵਿਤਾ/ਦੁਸਹਿਰੇ ਦੀ ਖੇਡ/7
ਜਗਤਾਰ/ਗ਼ਜ਼ਲ/8
ਵਰਿਆਮ ਸਿੰਘ ਸੰਧੂ/ਕਹਾਣੀ/ਨਾਇਕ/9
ਨ੍ਰਿਪਇੰਦ੍ਰ ਐਸ. ਰਤਨ/ਕਹਾਣੀ/ਫ੍ਰਸਟਰੇਸ਼ਨ/19
ਹਰਜੀਤ ਚੌਧਰੀਆ/ਕਵਿਤਾ/ਬੂਰਾ ਝੋਟਾ/22
ਸੁਖਚੈਨ ਮਿਸਤਰੀ/ਕਵਿਤਾ/ਕਵੀ ਕਵਿਤਾ ਲਿਖਦਾ ਹੈ/23
ਗੁਰਚਰਨ ਸਿੰਘ ਸਹਿੰਸਰਾ/ਕਹਾਣੀ/ਕਮਾਂਡਰ ਇਨ ਚੀਫ਼/25
ਰਣਜੀਤ ਮਾਧੋਪੁਰੀ/ਕਵਿਤਾ/ਮੇਰੇ ਮਿਹਰਬਾਨ/36
ਜਸਵੰਤ ਸਿੰਘ ਵਿਰਦੀ/ਸਕੈੱਚ/ਲੂਣੀ/37
ਪ੍ਰੀਤਮ ਸਿੰਘ/ਕਵਿਤਾ/ਖੁਦਾ/44
ਸੁਰਜੀਤ ਗਿੱਲ/ਨਿਬੰਧ/ਭਾਪਾ ਵਰਿਆਮ ਸਿੰਘ/45
ਰਾਜਿੰਦਰ ਸੋਢੀ/ਕਵਿਤਾ/ਸਮੁੰਦਰ, ਤਾਰਾਗਣ ਤੇ ਬੁੱਧੀ ਬ੍ਰਿਖ/48
ਭੂਪਿੰਦਰ ਬਰਾੜ/ਕਵਿਤਾ/ਏਕ ਉਮਰ ਕੇ ਬਾਅਦ/49
ਗੁਰਮੇਲ ਸਿੱਧੂ/ਕਵਿਤਾ/ਅਸੀਂ ਤਾਂ/52
ਸੁਰਜੀਤ ਹਾਂਸ/ਨਿਬੰਧ/ਜਨਮ ਸਾਖੀ ਸਾਹਿਤ-ਰੂਪ/53
ਸ਼ਹਿਰਯਾਰ/ਨਜ਼ਮਾਂ/ਦੋ ਨਜ਼ਮਾਂ ਬੇਨਾਮ/59
ਕੁਲਜੀਤ ਸਿੰਘ/ਨਿਬੰਧ/ਰੀਵੀਊ ਅਤੇ ਪੰਜਾਬੀ ਰੀਵੀਊ/61
ਲੋਕ ਨਾਥ/ਰੰਗਮੰਚ/ਨਾਰਕੀ : ਪਾਠ-ਪੁਸਤਕ ਤੋਂ ਰੰਗਮੰਚ ਤਕ/65
ਟੀ. ਆਰ. ਵਿਨੋਦ/ਪੰਜਾਬੀ ਨਾਵਲ/ਰੀਵੀਊ/67
ਰਿਸ਼ਤਿਆਂ ਦੇ ਰੰਗ/ਰੀਵੀਊ/ਗੁਰਤੇਜ ਸਿੰਘ ਭੁੱਲਰ/69
ਕੱਚ ਦੇ ਟੁਕੜੇ, ਦੇਖ ਕਬੀਰਾ ਹੱਸਿਆ/ਰੀਵੀਊ/ਭੂਸ਼ਨ/72
ਵਿਚਿਤ੍ਰ/ਰੀਵੀਊ/ਹਰਭਜਨ ਹਲਵਾਰਵੀ/75
ਰਾਤਾਂ ਕਾਲੀਆਂ/ਰੀਵੀਊ/ਇਕਬਾਲ ਦੀਪ/76
ਕੋਠੇ ਵਾਲੀ ਮਾਂ/ਰੀਵੀਊ/ਤੇਜਵੰਤ ਮਾਨ/78
ਲਹੂ ਪਾਣੀ ਨਹੀਂ ਬਣਿਆ/ਰੀਵੀਊ/ਸੁਭਾਸ਼/79
ਪੰਛੀਆਂ ਦੇ ਆਲ੍ਹਣੇ/ਰੀਵੀਊ/ਸੁਰਜੀਤ ਗਿੱਲ/81

# ਸਿਥਲਤਾ ਦੀ ਸਥਿਤੀ

ਪੰਜਾਬੀ ਸਾਹਿਤ ਸੰਸਾਰ ਜਮੂਦ ਵਾਲੀ ਸਥਿਤੀ ਵਿਚੋਂ ਲੰਘ ਰਿਹਾ ਹੈ। ਨਵੇਂ ਸਿਰਜਕ ਬਹੁਤ ਘੱਟ ਉਭਰ ਰਹੇ ਹਨ ਅਤੇ ਪੁਰਾਣੇ ਹੰਭੇ ਹਾਰੇ ਜਾਪਦੇ ਹਨ। ਅਜਿਹਾ ਕੁਝ ਨਹੀਂ ਸਿਰਜਿਆ ਜਾ ਰਿਹਾ ਜੋ ਚਮਤਕਾਰੀ ਹੋਣ ਦੇ ਨਾਲ ਨਾਲ ਸਾਰਥਕ ਵੀ ਹੋਵੇ ਤੇ ਚਿਰ-ਜੀਵੀ ਵੀ। ਇਸ ਤੋਂ ਵੀ ਵਧੇਰੇ ਚਿੰਤਾ ਵਾਲੀ ਗੱਲ ਇਹ ਹੈ ਕਿ ਕੁਝ ਨਾ ਕਰ ਸਕਣ ਕਾਰਨ ਸੰਵੇਦਨਸ਼ੀਲ ਲੋਕਾਂ ਨੂੰ ਜੋ ਇਕ ਪ੍ਰਕਾਰ ਦੀ ਖੋਹ ਜਿਹੀ ਮਹਿਸੂਸ ਹੁੰਦੀ ਹੈ ਅਤੇ ਕੁਝ ਕਰਨ ਲਈ ਪ੍ਰੇਰਨ ਵਾਲੀ ਅਸੰਤੁਸ਼ਟਤਾ ਉਭਰਦੀ ਹੈ, ਉਸ ਤਰ੍ਹਾਂ ਦੀ ਸੰਵੇਦਨਸ਼ੀਲਤਾ ਦਾ ਪ੍ਰਮਾਣ ਵੀ ਕਿਧਰੇ ਨਹੀਂ ਮਿਲ ਰਿਹਾ। ਸ਼ਾਇਦ ਇਹ ਸਮੁੱਚੇ ਸਮਾਜੀ ਜੀਵਨ ਵਿਚ ਵਿਆਪੀ ਸਿਥਲਤਾ ਦਾ ਹੀ ਪਰਤੌ ਹੈ। ਸਮਾਜਕ, ਆਰਥਿਕ ਤੇ ਰਾਜਨੀਤਕ ਜੀਵਨ ਵਿਚ ਇਕ ਅਜਿਹਾ ਗਤੀਰੋਧ ਵਿਦਮਾਨ ਹੈ ਜਿਸ 'ਚੋਂ ਨਿਕਲਣ ਦਾ ਕੋਈ ਰਾਹ ਨਜ਼ਰ ਨਹੀਂ ਆਉਂਦਾ।

ਪੰਜਾਹਵਿਆਂ ਤੇ ਸੱਠਵਿਆਂ ਵਿਚ ਉਭਰੀਆਂ ਸਾਹਿਤਕ ਤੇ ਸਾਂਸਕ੍ਰਿਤਿਕ ਲਹਿਰਾਂ ਉਭਰ ਰਹੇ ਪੂੰਜੀਵਾਦੀ ਰਿਸ਼ਤਿਆਂ ਦਾ ਪਰਤੌ ਸਨ। ਪੂੰਜੀਵਾਦੀ ਸਮਾਜ-ਵਿਵਸਥਾ ਦੇ ਬਹੁਤ ਕੁਝ ਕਰ ਸਕਣ ਦੀ ਸੰਭਾਵਨਾ ਸੀ। ਜਾਂ ਘੱਟੋ ਘੱਟ ਇਸ ਵਰਗ ਨੂੰ ਇਹ ਆਸ ਸੀ ਕਿ ਉਹ ਆਪਣੇ ਵਿਕਾਸ ਦੇ ਨਾਲ ਨਾਲ ਸਮੁੱਚੇ ਸਮਾਜਕ ਜੀਵਨ ਨੂੰ ਅੱਗੇ ਲੈ ਜਾਵੇਗਾ ਅਤੇ ਸੁਤੰਤਰ ਪੂੰਜੀਵਾਦੀ ਅਰਥ-ਵਿਵਸਥਾ ਵਿਚ ਵਿਅਕਤੀ ਵੀ ਸਭ ਬੰਧਨਾਂ ਤੋਂ ਮੁਕਤ ਹੋ ਜਾਵੇਗਾ। ਵਿਅਕਤੀ ਦੀ ਸੁਤੰਤਰਤਾ ਦੀ ਇਹ ਰੁਮਾਂਟਿਕ ਕਲਪਨਾ ਦਾ ਮਧਵਰਗੀ ਕਲਾ-ਕਾਰ ਕੁਝ ਵਧੇਰੇ ਹੀ ਸ਼ਿਕਾਰ ਹਨ। ਉਹਨਾਂ ਨੇ ਭੂਪਵਾਦੀ ਜੀਵਨ ਅਤੇ ਉਸਦੀਆਂ ਕਦਰਾਂ ਕੀਮਤਾਂ ਦੇ ਟਾਕਰੇ ਇਕ ਅਜਿਹੇ ਪੂੰਜੀਵਾਦੀ ਸਮਾਜ ਦੀ ਕਲਪਨਾ ਕੀਤੀ ਜਿਸ ਵਿਚ ਵਿਅਕਤੀ ਲਈ ਸਮਾਜੀ ਉਤਰਦਾਇਤਵ ਜ਼ਰੂਰੀ ਨਹੀਂ ਰਹਿ ਜਾਂਦਾ ਅਤੇ ਉਹ ਹਰ ਪ੍ਰਕਾਰ ਦਾ ਸੁਖ ਭੋਗਦਾ ਹੈ। ਕਿਸੇ ਆਦਰਸ਼ ਦੇ ਅਭਾਵ ਵਿਚ ਸੁਖੀ ਜੀਵਨ ਵਿਕ੍ਰਿਤੀਆਂ ਦਾ ਸ਼ਿਕਾਰ ਹੁੰਦਾ ਹੈ, ਇਸ ਲਈ ਮਧਵਰਗੀ-ਕਲਾਕਾਰ ਦੇ ਕਾਲਪਨਿਕ ਸੰਸਾਰ ਵਿਚ ਸਮ੍ਰਿਧੀ ਤੋਂ ਉਤਪੰਨ ਇਹ ਵਿਕ੍ਰਿਤੀਆਂ ਵੀ ਉਭਰਨ ਲੱਗੀਆਂ ਸਨ। ਕੁਝ ਵੀ ਹੋਵੇ ਸੁਤੰਤਰਤਾ ਪਿਛੋਂ ਪੂੰਜੀਵਾਦੀ ਵਿਵਸਥਾ ਦੇ ਉਭਾਰ ਦੇ ਸਮਾਨਾਂਤਰ ਸਾਹਿਤ ਤੇ ਕਲਾ ਦੇ ਜਗਤ ਵਿਚ, ਭਾਵੇਂ ਕਿਹੋ ਜਿਹੀ ਵੀ ਹੋਵੇ, ਤੇਜ਼ ਸਰਗਰਮੀ ਵੇਖੀ ਜਾ ਸਕਦੀ ਸੀ।

ਪਰ ਪੂੰਜੀਵਾਦੀ ਵਿਵਸਥਾ ਨੇ ਜਿੰਨ੍ਹਾਂ ਪ੍ਰਾਪਤੀਆਂ ਦੀ ਕਲਪਨਾ ਕੀਤੀ ਸੀ ਉਹ ਉਨ੍ਹਾਂ ਨੂੰ ਅੰਸ਼ ਮਾਤਰ ਵੀ ਸਾਕਾਰ ਨਹੀਂ ਕਰ ਸਕੀ। ਆਪਣੇ ਵਿਕਾਸ ਦੇ ਤਰਕ ਅਨੁਸਾਰ ਹੀ ਉਹ ਲਗਾਤਾਰ ਸੰਕਟ ਵਲ ਵਧਦੀ ਗਈ ਹੈ। ਅੱਜ ਦੇ ਜੁੱਗ ਵਿਚ ਇਹ ਕਲਪਨਾ ਕਰਨਾ ਕਿ

ਆਰਥਿਕ ਤੌਰ 'ਤੇ ਕੋਈ ਅਵਿਕਸਿਤ ਦੇਸ਼ ਪੂੰਜੀਵਾਦੀ ਲੀਹਾਂ ਉਤੇ ਚਲਕੇ ਪਛਮੀ ਜਗਤ ਦੇ ਰੱਜੇ ਪੁੱਜੇ ਦੇਸ਼ਾਂ ਦੀ ਪੱਧਰ ਨੂੰ ਪਹੁੰਚ ਸਕਦਾ ਹੈ, ਆਪਣੇ ਆਪ ਨੂੰ ਧੋਖਾ ਦੇਣਾ ਹੈ। ਇਸਲਈ ਭੂਪਵਾਦੀ ਰਿਸ਼ਤਿਆਂ ਦੇ ਅੰਸ਼ਕ ਰੂਪ ਵਿਚ ਟੁੱਟਣ ਅਤੇ ਪੂੰਜੀਵਾਦੀ ਰਿਸ਼ਤਿਆਂ ਦੀ ਉਸੇ ਅਨੁਪਾਤ ਨਾਲ ਸਥਾਪਨਾ ਦੇ ਬਾਵਜੂਦ ਸਮਾਜਕ ਜੀਵਨ ਵਿਚ ਕੋਈ ਮਹੱਤਵ-ਪੂਰਨ ਤਬਦੀਲੀ ਨਹੀਂ ਆ ਸਕੀ। ਪਦਾਰਥਕ ਸਮ੍ਰਿਧੀ ਦੇ ਫਲਸਰੂਪ ਵਿਅਕਤੀ ਦੇ ਸੁਤੰਤਰ ਹੋਣ ਦੀ ਗੱਲ ਤਾਂ ਦੂਰ ਰਹੀ, ਸਗੋਂ ਸੰਕਟ ਗ੍ਰਸਿਆ ਪੂੰਜੀਵਾਦੀ ਪ੍ਰਬੰਧ ਸਮਾਜਕ ਜੀਵਨ ਨੂੰ ਹੋਰ ਵੀ ਵਧੇਰੇ ਤੰਦਾਂ ਵਿਚ ਜਕੜਦਾ ਗਿਆ ਹੈ।

ਇਸ ਸਥਿਤੀ 'ਚੋਂ ਸਾਹਿਤ ਕਲਾ ਵਿਚ ਦੋ ਤਰ੍ਹਾਂ ਦੀਆਂ ਪਰਸਪਰ ਵਿਰੋਧੀ ਧੁਨੀਆਂ ਉਭਰਨ ਲੱਗੀਆਂ : ਇਕ ਵਿਸ਼ਾਦ ਦੀ ਅਤੇ ਦੂਜੀ ਇਸ ਸਭ ਨੂੰ ਤੋੜ ਭੰਨ ਕੇ ਇਸ ਤੋਂ ਮੁਕਤ ਹੋਣ ਦੀ। ਇਹ ਮਗਰਲੀ ਧੁਨੀ ਬਹੁਤ ਸਾਰਥਕ ਹੋ ਸਕਦੀ ਸੀ ਜੇਕਰ ਇਹ ਵਿਆਪਕ ਜਨ ਸਮੂਹ ਵਿਚੋਂ ਉਭਰਦੀ। ਪਰ ਇਹ ਵੀ ਵਿਸ਼ਾਦ ਵਾਲੀ ਧੁਨੀ ਵਾਂਗ ਹੀ ਮਧ ਵਰਗ 'ਚੋਂ ਹੀ ਉਭਰੀ ਸੀ ਤੇ ਆਪਣੇ ਮੂਲ ਚਰਿਤਰ ਵਿਚ ਪਹਿਲੀ ਨਾਲੋਂ ਬਹੁਤੀ ਵੱਖਰੀ ਨਹੀਂ ਸੀ। ਇਸਦੇ ਫਲਸਰੂਪ ਵਕਤੀ ਤੌਰ 'ਤੇ ਕੁਝ ਝਟਕਾ ਜਿਹਾ ਆਇਆ ਅਤੇ ਇਸਨੇ ਪੂੰਜੀਵਾਦੀ ਵਿਕਾਸ ਦਾ ਭਰਮ ਜਾਲ ਤੋੜ ਕੇ ਯਥਾਰਥ ਦਾ ਆਭਾਸ ਵੀ ਕਰਾਇਆ। ਪਰ ਕੁਝ ਕਰ ਗੁਜ਼ਰਨ ਲਈ ਲੰਮੇ ਸਾਹ ਦੀ ਲੋੜ ਹੁੰਦੀ ਹੈ, ਜਦਕਿ ਮਧਵਰਗ ਕੋਲ ਹੋਰ ਕੁਝ ਹੋਵੇ ਤਾਂ ਹੋਵੇ ਲੰਮਾ ਸਾਹ ਬਿਲਕੁਲ ਨਹੀਂ ਹੁੰਦਾ। ਇਸ ਲਈ ਸਮਾਜਕ ਤੇ ਰਾਜਨੀਤਕ ਜੀਵਨ ਵਿਚਲੇ ਯਥਾਰਥ ਵਾਂਗ ਥੋੜੇ ਚਿਰ ਲਈ ਕੁਝ ਉਚੀਆਂ ਸੁਰਾਂ ਉਭਰੀਆਂ ਤੇ ਮੁੜ ਚੁਪ ਚਾਂ।

ਹੁਣ ਸਥਿਤੀ ਇਹ ਹੈ ਕਿ ਨਾ ਤਾਂ ਪੂੰਜੀਵਾਦੀ ਵਿਵਸਥਾ ਵਿਚੋਂ ਕੋਈ ਸੁਨਹਿਰੀ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ ਅਤੇ ਨਾ ਹੀ ਇਸ ਵਿਵਸਥਾ ਤੋਂ ਛੁਟਕਾਰੇ ਦਾ ਕੋਈ ਹੀਲਾ ਬਣਦਾ ਜਾਪਦਾ ਹੈ। ਇਸ ਸਥਿਤੀ ਵਿਚ ਫਸਿਆ ਮਧਵਰਗੀ ਸਾਹਿਤਕਾਰ ਸਿੱਥਲ ਹੋਇਆ ਬੈਠਾ ਹੈ। ਭਾਵੇਂ ਆਸ਼ਾ ਕਰਕੇ, ਭਾਵੇਂ ਵਿਸ਼ਾਦ ਦੇ ਫਲਸਰੂਪ, ਪਹਿਲਾਂ ਜੋ ਗਤੀਸ਼ੀਲਤਾ ਨਜ਼ਰ ਆਉਂਦੀ ਸੀ, ਹੁਣ ਉਹ ਵੀ ਲੋਪ ਹੈ।

ਸਾਹਿਤ ਬਹੁਤ ਵੱਡੇ ਕਾਰਜ ਨੇਪਰੇ ਨਹੀਂ ਚਾੜ੍ਹ ਸਕਦਾ। ਵਿਆਪਕ ਸੰਗਠਿਤ ਸਮਾਜੀ ਸੰਘਰਸ਼ ਦਾ ਬਦਲ ਤਾਂ ਇਹ ਬਿਲਕੁਲ ਨਹੀਂ। ਮੂਲ ਰੂਪ ਵਿਚ ਇਹ ਯਥਾਰਥ ਦਾ ਹੀ ਪਰਤੌ ਹੁੰਦਾ ਹੈ। ਪਰ ਯਥਾਰਥ ਦੀ ਸਿਰਜਣਾ ਵਿਚ ਇਸਦਾ ਕੋਈ ਰੋਲ ਨਾ ਹੋਵੇ, ਅਜਿਹੀ ਗੱਲ ਵੀ ਨਹੀਂ। ਇਹ ਲੋਕ ਚੇਤਨਾ ਨੂੰ ਉਭਾਰਨ ਅਤੇ ਸਮਾਜਕ ਸਿਥਲਤਾ ਨੂੰ ਦੂਰ ਕਰਨ ਵਿਚ ਆਪਣਾ ਯੋਗਦਾਨ ਦੇ ਸਕਦਾ ਹੈ। ਸਾਡੇ ਸਾਹਿਤਕਾਰ ਜੋ ਮਧਵਰਗੀ ਸੰਸਕਾਰਾਂ ਤੋਂ ਮੁਕਤ ਹੋਣ ਦਾ ਦਾਅਵਾ ਕਰਦੇ ਹਨ, ਜਾਂ ਮੁਕਤ ਹੋਣ ਦੀ ਲੋੜ ਬਾਰੇ ਚੇਤਨ ਹਨ, ਉਹਨਾਂ ਲਈ ਸਮਾਜ ਨੂੰ ਤੇ ਸਾਹਿਤ ਨੂੰ ਇਸ ਸਿਥਲਤਾ 'ਚੋਂ ਕੱਢਣ ਵਾਸਤੇ ਯਤਨ-ਸ਼ੀਲ ਹੋਣਾ ਲਾਜ਼ਮੀ ਹੈ। ਵੇਖੀਏ ਸਾਡੇ ਸਾਹਿਤਕਾਰ ਆਪਣੇ ਆਪ ਨੂੰ ਇਸ ਲੋੜ ਦੇ ਹਾਣੀ ਬਣਨ ਦੇ ਸਮਰੱਥ ਸਾਬਤ ਕਰਦੇ ਹਨ ਜਾਂ ਨਹੀਂ।

[ਰਘਬੀਰ ਸਿੰਘ]

ਪਿਆਰਾ ਸਿੰਘ ਸਹਿਰਾਈ

# ਸੀ–ਹਰਫ਼ੀ ਅਜ ਦੀ

**ਅਲਫ਼** ਅੱਜ ਰਿੱਝੀ ਢੱਕੀ ਕੋਈ ਨਾ ਰਹੀ, ਅਸਾਂ ਸਭ ਹਕੀਕਤਾਂ ਜਾਣੀਆਂ ਜੀ ।
ਨਵੀਂ ਪੂੰਜੀ-ਜਾਗੀਰੂ ਸਰਕਾਰ ਕੀਤਾ, ਸੌਦਾ ਨਾਲ ਸੌਦਾਗਰਾਂ, ਬਾਣੀਆਂ ਜੀ ।
ਬੈਠੀ ਤ੍ਰਿਕੜੀ ਜਨਤਾ ਦੀ ਧੌਣ 'ਤੇ ਚੜ੍ਹ, ਤੇ ਪਰਧਾਨ ਓਵੇਂ ਵੰਡਾਂ ਕਾਣੀਆਂ ਜੀ ।
ਨੌਕਰਸ਼ਾਹਾਂ ਦੇ ਹੱਥ ਨੇ ਕੁਲ ਵਾਗਾਂ, ਲੋਕ-ਦੁਸ਼ਮਣਾਂ ਦੀਆਂ ਇਹ ਢਾਣੀਆਂ ਜੀ ।
**ਬੇ** ਬੜੇ ਹੀ ਧੋਖੇ ਫ਼ਰੇਬ ਖਾਧੇ, ਅਤੇ ਵਿਗੜਦੀ ਗਈ ਤਕਦੀਰ ਸਾਡੀ ।
ਵੈਦ ਰਹੇ ਬੁਲਾਂਵਦੇ ਵੈਦਗੀ ਲਈ ਬਸ ਏਹੋ ਸੀ ਵੱਡੀ ਤਕਸੀਰ ਸਾਡੀ ।
ਹਰ ਇਕ ਨੂੰ ਆਪਣੇ ਹਿਤ ਪਿਆਰੇ, ਕਿਸੇ ਕੋਲ ਨਹੀਓਂ ਅਕਸੀਰ ਸਾਡੀ ।
ਸਾਡੇ ਦੁੱਖਾਂ ਦਾ ਦਰਮਲ ਤਾਂ ਕੋਲ ਸਾਡੇ, ਰੰਗ ਲਿਆਏਗੀ ਬੱਸ ਤਕਦੀਰ ਸਾਡੀ ।
**ਪੇ** ਪਹਿਰਾ ਹੈ ਕੂੜ ਦਾ ਜਿਵੇਂ ਸੀ ਕਲ੍ਹ, ਮੂਲ ਕੋਈ ਤਬਦੀਲੀ ਨਾ ਹੋਈ, ਲੋਕਾ !
ਪਹਿਲਾਂ-ਹਾਰ ਧਿਗਾਣੇ ਨੇ ਨਿੱਤ ਹੁੰਦੇ, ਮਿਲਦੀ ਨਹੀਂ ਮਜ਼ਲੂਮ ਨੂੰ ਢੋਈ, ਲੋਕਾ !
ਦਬਿਆਂ ਕੁਚਲਿਆਂ ਦਾ ਲਾਉਣ ਸਭ ਨਾਹਰਾ, ਸੁਣਦਾ ਕੋਈ ਨਾ ਪਰ ਅਰਜ਼ੋਈ, ਲੋਕਾ !
ਲੁਟ-ਚੋਂਘ 'ਤੇ ਪਲਦੀ ਜੋ ਰਹੀ ਅਜ ਤਕ, ਦੁਨੀਆ ਅਜੇ ਹੈ ਜਿਊਂਦੀ, ਨਾ ਮੋਈ, ਲੋਕਾ !
**ਤੇ** ਤੱਤੇ-ਘਾਹ ਫ਼ੈਸਲਾ ਠੀਕ ਕੀਤਾ, ਜੁੰਡੀ–ਰਾਜ ਦਾ ਜੋ ਫ਼ਸਤਾ ਵੱਢਿਆ ਈ ।
ਜਿਹੜੇ ਸਮਝਦੇ ਸਨ ਜੱਦ ਰੱਲਣੀ ਹੁਣ, ਮੂੰਹ ਰਹਿ ਗਿਆ ਉਨ੍ਹਾਂ ਦਾ ਟੱਡਿਆ ਈ ।
ਅਮਰ ਵੇਲ ਲਪੇਟਿਆ ਜਿਨ੍ਹਾਂ ਤਾਈਂ, ਇਕ ਵੀ ਰੁੱਖ ਉਜੇਹਿਆ ਨਾ ਛੱਡਿਆ ਈ ।
ਗ਼ਲਤ ਸਮਝਿਆ ਪਰ ਲੋਕਾਂ ਇਹ, ਯਾਰਾਕਿ ਲੋਕ-ਰਾਜ ਦਾ ਕਾਰਜ ਗਿਆ ਵਿੱਢਿਆ ਈ ।
**ਟੇ** ਟੁਰ ਗਿਆ ਧਾੜ੍ਹਵੀ ਇਕ ਟੋਲਾ, ਦੂਜਾ ਸਿਰਾਂ 'ਤੇ ਆ ਅਸਵਾਰ ਹੋਇਆ ।
ਢਿਡ ਉਤੇ ਆ ਉਹਨੇ ਵੀ ਲੱਤ ਮਾਰੀ, ਜਿਹੜਾ ਸਾਡਾ ਸੀ ਪਹਿਲਾਂ ਗ਼ਮਖ਼ਾਰ ਹੋਇਆ ।
ਜੇ ਨਾ ਜਾਣਿਆ, ਦੱਸੋ ਕਸੂਰ ਕੀਹਦਾ, ਜੋ ਹੈ ਅੱਜ ਹੋਇਆ ਵਾਰੰਵਾਰ ਹੋਇਆ ।
'ਲੋਕ-ਰਾਜ' ਇਹ ਖੇਡ ਮਦਾਰੀਆਂ ਦੀ, ਅਸੀਂ ਸਮਝ ਬਹਿੰਦੇ 'ਚਮਤਕਾਰ' ਹੋਇਆ ।
**ਸੇ** ਸਾਬਤੀ ਦੇ ਨਾਲ ਵੇਖ, ਲੋਕਾ, ਏਸ ਮਹਿਫ਼ਲ ਵਿਚ ਤੇਰਾ ਅੰਗਪਾਲ ਕਿਹੜਾ ।
ਤੇਰੀ ਪੀੜ ਦਾ ਕੀਹਦੇ ਕੋਲ ਹੈ ਦਾਰੂ, ਦੁੱਖਾਂ ਦਰਦਾਂ ਦਾ ਤੇਰੇ ਖ਼ਿਆਲ ਕਿਹੜਾ ।
ਗਲੀ ਯਾਰ ਦੀ ਜਾ ਜਿਹੜਾ ਸੀਸ ਵਾਰੇ, ਏਸ ਢਾਣੀ 'ਚ 'ਜੇਹਾ ਸਿਰਦਾਰ ਕਿਹੜਾ ।
ਪ੍ਰੇਮ ਖੇਡਣ ਦਾ ਚਾਓ ਹੈ ਜਿਹਨੂੰ ਚੜ੍ਹਿਆ, ਸੁਆਰਥ ਆਪਣਾ ਨਹੀਂ ਰਵਾਲ, ਕਿਹੜਾ ।
**ਜੀਮ** ਜਮਾਂ ਜਮਾਤਾਂ 'ਚ ਫ਼ਰਕ ਨਹੀਓਂ, ਖੜ੍ਹੀਆਂ ਜਿਹੜੀਆਂ ਪਿਛੇ ਵਜ਼ਾਰਤਾਂ ਦੇ ।
ਚੱਕਰ-ਵਿਹੂ ਫਾਥੇ ਲੋਕਾਂ ਭੋਲਿਆਂ ਲਈ ਅਰਥ ਲਭਣੇ ਔਖੇ ਬੁਝਾਰਤਾਂ ਦੇ ।

ਚਕਾਚੋਂਧ ਮੁਲੰਮੇ ਨੇ ਕਰ ਦਿੰਦੇ, ਲੋਕ-ਰਾਜ ਦੀਆਂ ਸੁੰਦਰ ਇਮਾਰਤਾਂ ਦੇ।
ਗੱਲ ਅਜ ਜੋ, ਸਦਾ ਤਾਂ ਨਹੀਂ ਰਹਿਣੀ, ਸਾਣ ਚੜ੍ਹਨਗੇ ਹੁਸਨ ਬਸ਼ਾਰਤਾਂ ਦੇ।

**ਚੇ** ਚੱਲਣ ਅਨੀਤੀਆਂ ਵਾਂਗ ਪਹਿਲਾਂ, ਬੱਤੀ ਸਿਆਲ ਤੇ ਬੱਤੀ ਹੁਨਾਲ ਬੀਤੇ।
ਦਿਲ ਦਾ ਰੋਗ ਨਾ ਗਿਆ ਹੈ ਲਗਿਆ ਜੋ, ਦਾਰੂ ਦਰਮਲ ਵੀ ਅਸਾਂ ਕਮਾਲ ਕੀਤੇ।
ਪਰਾਧੀਨਤਾ ਵਿਚ ਕੋਈ ਖੁਸ਼ੀ ਨਾ ਸੀ, ਅਸਾਂ ਹੱਲ ਅਜ਼ਾਦੀ-ਸੁਆਲ ਕੀਤੇ।
ਸੰਗਲ ਆਤਮਾ ਅਤੇ ਸਰੀਰ ਤੋਂ ਪਰ, ਲੱਥੇ ਅਜੇ ਨਾ, ਹੋਰ ਮੰਦਹਾਲ ਕੀਤੇ।

**ਹੇ** ਹਰਫ਼ ਦੀ ਸਾਰ ਨਾ ਅਸਾਂ ਜਾਣੀ, ਅਸਾਂ ਆਪ ਹੀ ਅਰਥ ਕੁਅਰਥ ਕੀਤੇ।
ਮੁੜ ਮੁੜ ਆਪਣੇ ਫੱਟ ਉਧੇੜਦੇ ਰਹੇ, ਜਿਹੜੇ ਆਪੂ ਸੀ ਇਕ ਦਿਨ ਅਸਾਂ ਸੀਤੇ।
ਜੈਂਦੇ ਲਈ ਉਧੜਾਈ ਸੀ ਖੱਲ, ਲੋਕਾ, ਜੈਂਦੇ ਲਈ ਸੀ ਵਿਹੁ ਦੇ ਜਾਮ ਪੀਤੇ।
ਕੀ ਉਹ ਹੀਰ-ਆਜ਼ਾਦੀ ਹੈ ਮਿਲੀ ਸਾਨੂੰ, ਜੀਹਦੇ ਲਈ ਸੀ ਜੀਣ ਵਰਾਨ ਕੀਤੇ।

**ਖ਼ੇ** ਖ਼ੂਬਸੂਰਤ ਮੁਖ ਯਾਰ ਦਾ ਸੀ, ਛਡਿਆ ਉਹਦੇ ਲਈ ਤਖ਼ਤ-ਹਜ਼ਾਰਿਆ ਨੂੰ।
ਜੂਹ ਛਡ ਅਪਣੀ ਗਏ ਨਾਥ-ਡੇਰੇ, ਸਾਕਾਂ ਅੰਗਾਂ ਨੂੰ ਛੱਡ ਪਿਆਰਿਆਂ ਨੂੰ।
ਘਾਲ ਘਾਲਣਾ ਮੁੜੇ ਤਾਂ ਮੁੜ ਤਕੀਏ, ਉਨ੍ਹਾਂ ਛੰਨਾਂ ਨੂੰ ਉਨ੍ਹਾਂ ਹੀ ਢਾਰਿਆਂ ਨੂੰ।
ਇਨ੍ਹਾਂ ਉਤੇ ਵੀ ਕਬਜ਼ਾ ਓ ਗ਼ੈਰ ਦਾ ਏ, ਕੋਈ ਝੱਲੇ ਨਾ ਕਰਮਾਂ ਦਿਆਂ ਮਾਰਿਆਂ ਨੂੰ।

**ਦਾਲ** ਦਰਦ ਦਾ ਸਬਕ ਨਾ ਇਨ੍ਹਾਂ ਪੜ੍ਹਿਆ, ਐਵੇਂ ਤੱਕੀਏ ਇਹਨਾਂ ਦਾ ਰਾਹ, ਲੋਕੋ!
ਅਪਣਾ ਸਮਝਿਆ ਉਹਨੂੰ ਜੋ ਗ਼ੈਰ ਸੀਗਾ, ਹੁੰਦੇ ਰਹੇ ਹਾਂ ਏਦਾਂ ਗੁਮਰਾਹ, ਲੋਕੋ।
ਸ਼੍ਰੇਣੀ-ਸੂਝ ਬਾਝੋਂ ਅਕਲ ਰਹੀ ਧੁੰਦੀ, ਧੋਖਾ ਖਾਂਦੇ ਰਹੇ ਕਰ ਵਸਾਹ, ਲੋਕੋ।
ਤੱਕੋ, ਅੱਜ ਮੁੜ ਲੋਕ-ਵਿਰੋਧੀਆਂ ਦਾ, ਅੰਦਰ-ਖ਼ਾਨਿਉਂ ਹੁੰਦਾ ਨਕਾਹ, ਲੋਕੋ।

**ਡਾਲ** ਡਰ ਉਡਣ ਉਦੋਂ ਖੰਭ ਲਾ ਕੇ, ਜਦੋਂ ਚੇਤੰਨਤਾ ਚੜ੍ਹਦੀ ਏ ਸਾਣ, ਲੋਕਾ!
ਰੋਹ ਜਾਗ ਪੈਂਦਾ ਲੋਕ-ਅਣਖ ਨੂੰ, ਜਦ ਸਿਧਾ ਮਾਰਦਾ ਸ਼ਤਰੂ ਬਾਣ, ਲੋਕਾ!
ਤੁਰਦੇ ਤਦੋਂ ਸਮੂਹ ਰਣਾਂ ਤੱਤਿਆਂ ਨੂੰ, ਅਤੇ ਹੁੰਦੇ ਨੇ ਵੱਡੇ ਘਮਸਾਣ, ਲੋਕਾ!
ਰਿੜ੍ਹਦੇ ਤਖ਼ਤ ਤੇ ਉਡਦੇ ਤਾਜ ਓਦੋਂ, ਪਾਉਂਦੇ ਭੰਗੜੇ ਗਭਰੂ ਜੁਆਨ, ਲੋਕਾ!

**ਜ਼ਾਲ** ਜ਼ਰਾ ਨਾ ਗਾਫ਼ਲਾ ਸੋਚਿਆ ਤੂੰ, ਤੇਰਾ ਵਿਰਦ ਕੀ, ਤੇਰਾ ਅਹਿਵਾਲ ਕੀ ਏ।
ਵਰਤਮਾਨ ਦਾ ਬੀਤੇ ਨਾਲ ਵਾਸਤਾ ਕੀ, ਤੇ ਭਵਿਖ ਵੱਲ ਏਸਦੀ ਚਾਲ ਕੀ ਏ।
ਖੜਾ ਅੱਜ ਤੂੰ ਜਿਹੜੇ ਪੜੁੱਲ ਉਤੇ, ਲਾਉਣੀ ਹੈ ਜੋ ਏਥੋਂ ਜੋ ਛਾਲ, ਕੀ ਏ।
ਹਾਲੇ ਤਕ ਨਾ ਅੰਗਿਆ, ਸਮਝਿਆ ਨਾ ਅਪਣਾ ਸੁਆਲਾਂ ਦਾ ਸੁਆਲ, ਸੁਆਲ ਕੀ ਏ।

**ਰੇ** ਰਕਮ ਕਰ ਆਪਣੇ ਭਾਗ ਆਪੀਂ, ਢਾਈ ਬੈਠਾ ਕਿਉਂ ਬੰਦਿਆ ਢੇਰੀਆਂ ਓਏ।
ਪੂੰਜੀਪਤੀ, ਭੋਂ-ਪਤੀ ਹੀ ਅੱਜ ਤੋੜੀ ਲਿਖਦੇ ਆਏ ਨੇ ਕਿਸਮਤਾਂ ਤੇਰੀਆਂ ਓਏ।
ਜੇ ਤੂੰ ਸੁਬਹ ਤੋਂ ਚਾਰਦਾ ਸੰਝ ਤੀਕਰ ਬਝਣ ਸ਼ਾਹਾਂ ਦੇ ਘਰੀਂ ਲਵੇਰੀਆ ਓਏ।
ਨਾ ਮੂੰਹ ਬਾਲਾਂ ਦੇ ਦੁੱਧ ਦੀ ਛਿੱਟ ਪੈਂਦੀ, ਤੇਰੇ ਨਾਲ ਕਿਉਂ ਕਿਸਮਤਾਂ ਵੇਹਰੀਆਂ ਓਏ।

**ਜ਼ੇ** ਜ਼ੰਗ ਲੱਗੀ ਲੋਕ-ਰਾਜ ਨੂੰ ਤਾਂ, ਜੰਮਦਿਆਂ ਸਾਰ ਹੀ ਲੱਗਾ ਜ਼ੰਗਾਲ ਲੋਕਾ!
ਨੌਕਰਸ਼ਾਹੀ ਮਸ਼ੀਨ ਸੀ ਮਿਲੀ ਵਿਰਸੇ, ਜਿਹੜੀ ਅਜ ਤਕ ਬਣੀ ਜੰਜਾਲ, ਲੋਕਾ।

ਪਹਿਲਾਂ ਵਾਂਗ ਹੀ ਪੂੰਜੀ ਦੀਆਂ ਬੇੜੀਆਂ ਨੇ ਗਲ ਪਈ ਜਗੀਰੂ-ਪੰਜਾਲ, ਲੋਕਾ।
ਕੀ ਇਹਨੂੰ ਜਮਹੂਰ ਦਾ ਰਾਜ ਕਹਿੰਦੇ, ਜਿਥੇ ਸੁੱਖ ਨਾ ਕੋਈ ਰਵਾਲ, ਲੋਕਾ !

**ਸੀਨ** ਸੰਨ ਸੰਤਾਲੀ ਦੇ ਅਜੇ ਚੇਤੇ, ਲਥ-ਪਥ ਖ਼ੂਨ ਵਿਚ ਮਿਲੀਆਂ ਆਜ਼ਾਦੀਆਂ ਸੀ।
ਵੀਰਾਂ ਤਾਈਂ ਸੀ ਵੀਰਾਂ ਨੇ ਵਢਿਆ ਜਦ, ਹੋਈਆਂ ਇਜ਼ਤਾਂ ਦੀਆਂ ਬਰਬਾਦੀਆਂ ਸੀ :
ਚੇਤੇ ਆਉਂਦੇ ਤਾਂ ਸ਼ਰਮ ਵਿਚ ਡੁਬ ਜਾਈਏ, ਭਲਾ ਇਹ ਆਜ਼ਾਦੀਆਂ ਕ੍ਹਾਦੀਆਂ ਸੀ।
ਖ਼ੈਰ, ਗ਼ੈਰ ਤਾਂ ਗਿਆ ਸੀ ਟੁਰ ਆਖ਼ਰ, ਇਸੇ ਵਿਚ ਬੱਸ ਸਾਡੀਆਂ ਸ਼ਾਦੀਆਂ ਸੀ।

**ਸ਼ੀਨ** ਸ਼ਾਦੀ ਬਰਬਾਦੀ ਦੀ ਗੱਲ ਤੁਰ ਪਈ, ਦੁੱਖ ਸੁੱਖ ਤੇ ਦਾਦ ਫ਼ਰਿਆਦ ਦੀ ਗੱਲ।
ਗੱਲ ਉਜੜਿਆਂ ਦੀ, ਗੱਲ ਵੱਸਿਆਂ ਦੀ, ਬੇ-ਆਬਾਦ ਦੀ ਅਤੇ ਆਬਾਦ ਦੀ ਗੱਲ।
ਸਾਰਾ ਸਿਲਸਲਾ ਵਿਰੋਧ-ਵਿਕਾਸ ਦਾ ਏ, ਤਾਹੀਉਂ ਕੀਤੀ ਹੈ ਮੈਂ ਤੱਜ਼ਾਦ ਦੀ ਗੱਲ।
ਕਾਫ਼ੀ ਆਖ ਦਿਤਾ, ਹੁਣ ਤੋਰ ਸ਼ਾਇਰਾ, ਜਦੋਜਹਿਦ, ਸੰਗਰਾਮ, ਜਹਾਦ ਦੀ ਗੱਲ।

**ਸੁਆਦ** ਸਬਰ ਸੰਤੋਖ ਕਰ ਬੈਠ ਰਹਿਣਾ, ਗੁੜ੍ਹਤੀ ਵਿਚ ਹੀ ਮਿਲੀ ਇਹ ਵਾਣ ਸਾਨੂੰ।
ਭੁਲ ਬੀਤੇ ਨੂੰ ਆਪਣੇ ਆਹਰ ਲਗੀਏ, ਬੱਸ ਲਗਾ ਰਹੇ ਇਕ ਅਰਮਾਨ ਸਾਨੂੰ।
ਕੀ ਆਜ਼ਾਦੀ, ਜਮਹੂਰੀਅਤ ਕੀ ਹੁੰਦੀ, ਇਹਦਾ ਹੋਇਆ ਨਾ ਮੂਲ ਗਿਆਨ ਸਾਨੂੰ।
ਬਿੰਦ ਭਰ ਲਈ ਰੋਸ ਬੱਸ ਜਾਗ ਪੈਂਦੇ, ਜ਼ਹਿਰ-ਭਿੱਜੇ ਜਦ ਲਗਦੇ ਬਾਣ ਸਾਨੂੰ।

**ਜ਼ੁਆਦ** ਜ਼ਰਬ ਤੇ ਜ਼ਰਬ ਹੈ ਲਗਦੀ ਰਹੀ, ਪਾਸਾ ਪਰਤਿਆ, ਫੇਰ ਗ਼ਲਤਾਨ ਹੋ ਗਏ।
ਠੰਡਾ ਲਗਿਆ, ਪੁਟੀਆਂ ਕੁਝ ਅੱਖਾਂ, ਮੁੜ ਛੇਤੀ ਹੀ ਬੇ-ਧਿਆਨ ਹੋ ਗਏ।
ਸੰਘੀ ਘੋਪ ਕੇ ਮਾਰ ਮੁਕਾਉਣ ਵਾਲੇ, ਹੱਥ ਜੋੜ ਕੇ ਸਾਡੇ ਮਹਿਮਾਨ ਹੋ ਗਏ।
ਝੁੱਗਾ ਚੌੜ ਕਰਵਾ ਕੇ ਹੋਸ਼ ਆਈ, ਉਹ ਵੀ ਪੂਰੀ ਨਾ, ਤੇ ਪਰੇਸ਼ਾਨ ਹੋ ਗਏ।

**ਤੋਏ** ਤਰਫ਼ ਸੌਦਾਗਰਾਂ ਤਕਦੇ ਰਹੇ, ਮੌਮੋਠਗਣੇ ਜਿਹੜੇ ਕਮਾਲ ਦੇ ਨੇ।
ਸਾਡੇ ਦੁੱਖਾਂ 'ਤੇ ਅਥਰੂ ਡੋਲ੍ਹਦੇ ਨੇ, ਮਿੱਤਰ ਬਣ ਉਹ ਦੁੱਮਣ ਕੰਗਾਲ ਦੇ ਨੇ।
ਅੱਜ ਇਕ ਕਲ੍ਹ ਦੂਜੇ ਦੇ ਮਗਰ ਲੱਗੀਏ, ਲੱਛਣ ਸਾਰੇ ਇਹ ਖ਼ਾਮ-ਖ਼ਿਆਲ ਦੇ ਨੇ।
ਇੰਜ ਵਰਤਦੇ ਰਹੇ ਅਣਭੋਲ ਜਿੰਦਾਂ, ਜਿਹੜੇ ਮਾਰਦੇ ਓਹੋ ਜੁਆਲਦੇ ਨੇ।

**ਜ਼ੋਏ** ਜ਼ਰਫ਼ ਇਸ ਅਕਲ ਦਾ ਮਾਂਜ ਲੈ ਝਬ, ਸਮਝ ਲਵੋ ਇਤਿਹਾਸ ਦਾ ਸਾਰ, ਲੋਕੋ।
ਤਿਖੀ ਕਰੋ ਜਮਾਤ ਦੀ ਸੂਝ ਅਪਣੀ, ਤੱਕੋ ਆਪਣਾ ਮੂਲ ਆਧਾਰ, ਲੋਕੋ।
ਤੁਹਾਡੀ ਕਿਰਤ ਨੂੰ ਫਲ ਨਾ ਕਿਉਂ ਲੱਗੇ, ਪਵੇ ਤੁਹਾਨੂੰ ਕਿਉਂ ਕਰਮਾਂ ਦੀ ਮਾਰ ਲੋਕੋ।
ਸਾਡੇ ਏਸ ਸਮਾਜ ਦੀ ਵੰਡ ਕਾਣੀ, ਤੱਕੋ ਏਸਦਾ ਵਡਾ ਪਸਾਰ, ਲੋਕੋ।

**ਐਨ** ਐਨ ਇਹ ਸਮਝ ਲੈ ਗਾਫ਼ਿਲਾ ਓਏ, ਸਾਨੂੰ ਅੱਜ ਇਹ ਗਾਫ਼ਿਲੀ ਪੁੱਗਦੀ ਨਾ।
"ਰੁੱਖੀ ਸੁਕੀ ਖਾ ਸਬਰ ਇਹ ਕਰਨ ਵਾਲੀ", ਗੱਲ ਵਿਚ ਜ਼ਮਾਨੇ ਦੇ ਹੁਸਦੀ ਨਾ।
ਕਰਮ ਅੱਜ ਦਾ ਜੇ ਕਰਮ ਮੰਨ ਲੈਂਦੇਂ, ਤੇਰੇ ਲਈ ਧਰਤੀ ਭੁਖ ਉਗਦੀ ਨਾ।
ਕੌਣ ਕਹੇ ਫਿਰ ਡੌਲੇ ਇਹ ਫਰਕਦੇ ਨਾ, ਕੌਣ ਕਹੇ ਹਿੱਕੀਂ ਅੱਗ ਸੁਲਘਦੀ ਨਾ।

**ਗ਼ੈਨ** ਗਾਫ਼ਿਲੀ ਵਿਚ ਨੇ ਜੁਗ ਬੀਤੇ, ਚਿੱਲੇ ਚਾੜ੍ਹ ਲੈ ਅੱਜ ਕਮਾਨ, ਲੋਕਾ।

ਦੇ ਦੇ ਲੋਰੀਆਂ ਐਵੇਂ ਸੁਲਾ ਨਾ ਤੂੰ, ਰਣ-ਤੱਤੇ ਵੱਲ ਘੱਲ ਸੰਤਾਨ ਲੋਕਾ ।
ਸੱਤ੍ਹਾ-ਹੀਣਾ ਅਤੇ ਸੱਤਾ-ਧਾਰੀਆਂ ਦਾ ਮਚਣ ਵਾਲ੍ਹਾ ਏ ਅੰਤਮ ਘਮਸਾਣ, ਲੋਕਾ ।
ਦਬਿਆਂ, ਕੁਚਲਿਆਂ, ਪੀੜਤਾਂ, ਭੁਖਿਆਂ ਦੇ, ਉੱਚੇ ਝੂੱਲਣੇ ਹੈਨ ਨਿਸ਼ਾਨ, ਲੋਕਾ ।

ਫ਼ੇ ਫ਼ਕਤ ਆਜ਼ਾਦੀ ਦੇ ਅਰਥ ਏਹੋ, ਬੰਧਨ-ਮੁਕਤ ਸਰੀਰ ਤੇ ਆਤਮਾ ਜਦ ।
ਕਿਸੇ ਅੱਗੇ ਜ਼ਦ ਤਰਲੇ ਦੀ ਲੋੜ ਨਾ ਰਹੇ, ਬੰਦਾ ਆਪ ਬਣ ਜਾਏ ਪਰਮਾਤਮਾ ਜਦ ।
ਕਿਰਤ ਸਫਲ ਹੋਵੇ, ਜਨਮ ਸਫਲ ਹੋਵੇ, ਲੁਟ-ਚੋਂਘ ਦਾ ਹੋ ਜਾ ਖ਼ਾਤਮਾ ਜਦ ।
ਹੱਥਾਂ ਤਾਈਂ ਅਧੀਨ ਨਾ ਕਰੇ ਪੂੰਜੀ, ਨਾ ਹੀ ਰੂਹ ਨੂੰ ਕੋਈ 'ਧਰਮਾਤਮਾ' ਜਦ ।

ਕਾਫ਼ ਕਰਮ ਕਮਾਵਣੇ ਨਹੀਂ ਕਾਫ਼ੀ, ਕਰਮਾਂ ਸੰਦੜਾ ਖੇਤ ਜੇ ਫਲੇ ਨਾਹੀਂ ।
ਅਰਥ ਜਿਊਣ ਦੇ ਕੀ, ਸਾਡਾ ਜੀਵਣਾ ਕੀ, ਹੋਣੀ ਗ਼ੈਰ ਦੀ ਘੜੀ ਜੇ ਟਲੇ ਨਾਹੀਂ ।
ਫੂਕਾਂ ਮਾਰਦੇ ਰਹੇ, ਐਪਰ ਲਾਭ ਕੀ ਏ, ਧੂਣੀ ਆਪਣੀ ਸਾਥੋਂ ਜੇ ਬਲੇ ਨਾਹੀਂ ।
ਭਾਂਡਾ ਗ਼ੈਰ ਦਾ, ਅੱਗ ਵੀ ਗ਼ੈਰ ਦੀ ਏ, ਫੇਰ ਝੋਰਾ ਕੀ, ਦਾਲ ਜੇ ਗਲੇ ਨਾਹੀਂ ।

ਗਾਫ਼ ਗਿਣਤੀਆਂ ਕਰੇਂ ਬੇਅਰਥ ਬਹਿ ਕੇ, ਭਲਾ ਆਪਣਾ ਕਦੋਂ ਅਗਿਆਰ ਬਣਦਾ ।
ਤੇਰੀ ਸ਼ਕਤੀ ਤਾਂ ਤੇਰੀ ਜਮਾਤ ਅੰਦਰ, ਜਮਾਤੋਂ ਬਾਹਰ ਨਾ ਕੋਈ ਅਧਿਕਾਰ ਬਣਦਾ ।
ਹੁਣ ਛਡ ਦੇ ਝਾਕਣਾ ਓਸ ਪਾਸੇ, ਉਨ੍ਹਾਂ ਵਿਚੋਂ ਨਾ ਕੋਈ ਦਿਲਦਾਰ ਬਣਦਾ ।
ਨਗ਼ਮੇ ਬੁਲਬੁਲਾਂ ਦੇ ਗਾਵਣ ਬੁਲਬੁਲਾਂ ਹੀ, ਸ਼ਿਕਰਾ ਕਦੇ ਵੀ ਨਹੀਉਂ ਗੁਲਨਾਰ ਬਣਦਾ ।

ਲਾਮ ਲਾਮ ਬੇ-ਮਾਲਿਕ ਦੀ ਮਾਲਿਕਾਂ ਸੰਗ, ਜਾਬਰ ਅਤੇ ਮਜਬੂਰ ਦਾ ਭੇੜ ਹੋਇਆ ।
ਸ਼੍ਰੇਣੀ-ਯੁਧ ਦੇ ਏਸ ਪੜਾਅ ਉਤੇ, ਹੈ ਕਿਰਸਾਨ ਮਜ਼ਦੂਰ ਦਾ ਨੇੜ ਹੋਇਆ ।
ਬੁਧੀਜੀਵੀ ਇਸ ਜੁਟ ਦਾ ਅੰਗ ਬਣ ਰਹੇ, ਨਿਰਬਲ ਜ਼ਬਰ ਤੇ ਬਲਰਾਮ ਹੈ ਜ਼ੋਰ ਹੋਇਆ ।
ਸੁਆਮੀ ਦਾਸਾਂ ਦੇ ਰੋਹ ਤੋਂ ਤ੍ਰਹਿ ਆਖਣ : ਤੇਰੇ ਘਰ ਕੀ ਰੱਬਾ ਹਨੇਰ ਹੋਇਆ ।

ਮੀਮ ਮਿਲਣਗੇ ਜਿਹੜੇ ਖੁਆਰ ਹੋਏ, ਨੀਵੇਂ ਛੁਹਣਗੇ ਹੁਣ ਬੁਲੰਦੀਆਂ ਜੀ ।
ਹੱਥ ਖੁਲ੍ਹਣੇ ਕਿਰਤ ਆਜ਼ਾਦ ਹੋਸੀ, ਟੁਟ ਜਾਣੀਆਂ ਕੁਲ ਪਾਬੰਦੀਆਂ ਜੀ ।
ਨੇਕੀ ਬਦੀ ਦੀ ਜੰਗ ਵਿਚ ਹਾਰ, ਯਾਰੋ, ਕਢਸਨ ਲਿਲਕੜੀ ਤਾਕਤਾਂ ਮੰਦੀਆਂ ਜੀ ।
ਨੱਚ ਉਠੇਗੀ ਜ਼ਿੰਦਗੀ ਤੱਦ, ਜਦੋਂ ਰੰਦੇ ਕਿਰਤ ਦੇ ਕਿਸਮਤਾਂ ਰੰਦੀਆਂ ਜੀ ।

ਨੂਨ ਨਵੀਂ ਜਮਹੂਰੀਅਤ ਸਿਰਜ ਧਰੀਏ, ਪੂਰਨ ਨਿਆਂ ਹੋਇ ਜੀਹਦਾ ਆਧਾਰ, ਲੋਕੋ ।
ਬੱਸ ਕਿਰਤ ਹੋਵੇ ਸ਼ਾਨ ਜ਼ਿੰਦਗੀ ਦੀ, ਰਹੇ ਪੂੰਜੀ ਨਾ ਉੱਕਾ ਸਿਕਦਾਰ, ਲੋਕੋ ।
ਬੰਧਨ-ਮੁਕਤ ਮਿਹਨਤ, ਬੰਧਨ-ਮੁਕਤ ਬੰਦਾ, ਬਦਲ ਜਾਏਗਾ ਫੇਰ ਕਿਰਦਾਰ, ਲੋਕੋ ।
ਤਲਬ ਇਕ ਸਚਾਈ ਦੀ ਰਹੇ ਬਾਕੀ, ਰੋਮ ਰੋਮ ਵਿਚ ਵੱਸੇ ਪਿਆਰ, ਲੋਕੋ ।

ਵਾਓ ਵਿਰਦ ਪਛਾਣੀਏਂ ਅਸੀਂ ਆਪਣਾ, ਮੂਲ ਕਦਰਾਂ ਮਨੁਖੀ ਪਿਆਰੀਏ ਜੀ ।
ਨਿਜ ਅਤੇ ਸਮੂਹ ਦੀ ਖੁਸ਼ੀ ਮਿਲ ਜਾਇ, ਸਰਬ-ਸਾਂਝ ਦਾ ਪੰਥ ਨਿਹਾਰੀਏ ਜੀ ।
ਦੁੱਖ ਦੂਜੇ ਦਾ ਆਪਣਾ ਦੁੱਖ ਬਣ ਜਾਇ, ਸਰਬ-ਦੁੱਖ ਨੂੰ ਏਦਾਂ ਨਿਵਾਰੀਏ ਜੀ ।
ਹੰਝੂ ਡੁੱਲੇ ਨਾ ਕਿਸੇ ਵੀ ਅੱਖ ਵਿਚੋਂ, ਹਰ ਨਜ਼ਰ ਨੂੰ ਇੰਜ ਖ਼ੁਮਾਰੀਏ ਜੀ । ○

[343, ਚਾਬੀ ਗੰਜ, ਕਸ਼ਮੀਰੀ ਗੇਟ, ਦਿੱਲੀ 5]

ਸੰਤੋਖ ਸਿੰਘ ਧੀਰ

## ਦਸਹਿਰੇ ਦੀ ਖੇਡ

ਅੱਜ ਸ਼ਾਮ
ਇਕ ਰਾਜਾ
ਦੂਜੇ ਰਾਜੇ ਨੂੰ
ਮਾਰੇਗਾ ਬਾਣ ।

ਕਵੀਆਂ ਨੇ
ਇਕ ਰਾਜੇ ਨਾਲ
ਨੇਕੀ ਜੋੜ ਦਿੱਤੀ
ਦੂਜੇ ਨਾਲ ਬਦੀ
ਰਾਜਾ ਹੋਣਾ ਹੀ ਬਦੀ ਹੈ
ਇਹ ਗੱਲ ਛੁਪਾ ਹੀ ਦਿੱਤੀ ।

ਦਸ ਹਜ਼ਾਰ ਰਾਮ ਚੰਦਰ
ਮਾਰਦੇ ਰਹਿਣ ਬਾਣ
ਬਦੀ ਕਾਇਮ ਰਹੇਗੀ
ਇਹ ਉਦੋਂ ਹੀ ਭਸਮ ਹੋਵੇਗੀ
ਜਦੋਂ ਰਾਮ ਚੰਦਰ ਦੀ ਥਾਂ
ਭੀਲ ਬਾਣ ਮਾਰਨਗੇ
ਗੰਢੀਲੇ
ਸੋਨੇ ਦੀ ਲੰਕਾ ਉਤੇ
ਅੱਗ ਦੇ ਗੋਲੇ ਸੁੱਟਣਗੇ ।

ਨਹੀਂ ਤਾਂ
ਇਹ ਅਗਨੀ ਬਾਣ
(ਜਿਹੜੇ ਸੱਚੇ ਵੀ ਨਹੀਂ ਹਨ)
ਦਸਹਿਰੇ ਦੀ ਖੇਡ ਹੀ ਹੋਣਗੇ ।

o

[ਪਿੰਡ ਡਡਹੇੜੀ, ਡਾਕਘਰ ਮੰਡੀ ਗੋਬਿੰਦਗੜ੍ਹ-147301]

ਜਗਤਾਰ

## ਗ਼ਜ਼ਲ

ਸ਼ੀਸ਼ਿਆਂ ਦੇ ਸਭ ਘਰਾਂ ਵਿਚ ਰੋਸ਼ਨੀ ਚੁੰਧਿਆ ਰਹੀ।
ਬਸਤੀਆਂ ਵਿਚ ਹੋਰ ਗੂੜ੍ਹੀ ਰਾਤ ਹੁੰਦੀ ਜਾ ਰਹੀ।

ਨੰਗੀਆਂ ਸ਼ਾਖ਼ਾਂ, ਹਵਾ ਪੀਲੀ, ਸਿਆਹ ਮੌਸਮ ਅਜੇ।
ਨਾ ਕਿਤੇ ਫੁਟਦੀ ਪਪੀਸੀ ਨਾ ਕਲੀ ਮੁਸਕਾ ਰਹੀ।

ਆ ਗਏ ਹਾਂ ਬਚਕੇ ਕੁਝ ਹਾਲਤ ਨਾ ਪੁੱਛੋ ਦੋਸਤੋ,
ਉਸ ਗਰਾਂ ਦੇ ਰਾਹ 'ਚ ਪੱਥਰਾਂ ਨੂੰ ਉਦਾਸੀ ਖਾ ਰਹੀ।

ਰਾਤ ਜੋ ਲੋਕਾਂ ਲਈ ਸੂਲੀ 'ਤੇ ਸੀ ਟੰਗਿਆ ਗਿਆ,
ਦਿਨ ਚੜ੍ਹੇ ਮੇਲੇ ਤਰ੍ਹਾਂ ਹੈ ਭੀੜ ਵੇਖਣ ਜਾ ਰਹੀ।

ਹਰ ਕਿਸੇ ਦਾ ਜਿਸਮ ਪੱਥਰ ਦਾ ਤੇ ਸ਼ੀਸ਼ੇ ਦਾ ਮਕਾਨ,
ਦੋਸਤ ਤੇ ਦੁਸ਼ਮਣ ਦੀ ਵੀ ਇਸ ਸ਼ਹਿਰ ਨਿਭਦੀ ਜਾ ਰਹੀ।

ਮਕਬਰੇ ਢਾਹ ਕੇ ਵਸਾ ਦਿੱਤੀਆਂ ਨੇ ਭਾਵੇਂ ਬਸਤੀਆਂ,
ਰੂਹ ਅਜੇ ਸਾਹਾਂ ਦੀ ਪਰ ਹੈ ਜੀਉਂਦਿਆਂ ਨੂੰ ਖਾ ਰਹੀ।

ਰਾਤ ਦੀ ਕਹਿਰੀ ਨਦੀ, ਕਾਲੀ ਹਵਾ, ਖ਼ੂਨੀ ਘਟਾ,
ਕੁਝ ਉਪਾ ਸੋਚੋ ਕਿਤੇ ਵੀ ਲੋ ਨਜ਼ਰ ਨਾ ਆ ਰਹੀ।

ਆਸਰਾ ਦੇਵੋ ਜਾਂ ਇਸਦਾ ਜ਼ਹਿਰ ਪੀਵੋ ਦੋਸਤੋ,
ਜ਼ਿੰਦਗੀ ਇਸ ਦੌਰ ਦੀ ਕਿਉਂ ਡਗਮਗਾਉਂਦੀ ਜਾ ਰਹੀ।

ਹਰ ਗ਼ਜ਼ਲ ਮੇਰੀ 'ਚ ਧੜਕੇ ਮੇਰਾ ਦਿਲ ਮੇਰਾ ਲਹੂ,
ਮੇਰਿਆਂ ਸ਼ਬਦਾਂ ਨੂੰ ਹੈ ਤੇਰੀ ਹਿਨਾ ਰੁਸ਼ਨਾ ਰਹੀ।

ਬਰਫ਼ ਡਿਗਦੀ ਵਿਚ ਵੀ ਇਹ 'ਜਗਤਾਰ' ਹੋਣੈਂ ਇਸ ਸਮੇਂ
ਲੜਖੜਾਉਂਦੇ ਉਸਦੇ ਪੈਰਾਂ ਦੀ ਸਦਾ ਹੈ ਆ ਰਹੀ।

o

[ਗੌਰਮਿੰਟ ਕਾਲਿਜ, ਹੁਸ਼ਿਆਰਪੁਰ]

ਵਰਿਆਮ ਸਿੰਘ ਸੰਧੂ

# ਨਾਇਕ

ਬਾਹਰਲੇ ਦਰਵਾਜ਼ੇ ਦਾ ਕੁੰਡਾ ਖੜਕਿਆ ਤੇ ਦੂਜੇ ਪਲ ਸ਼ਰਾਬ ਵਿਚ ਗੁੱਟ ਗੁਰਬਚਨ ਸਿੰਘ ਉਰਫ਼ ਹਸਰਤ ਉਰਫ਼ ਸ਼ੰਕਰ ਭਗਵਾਨ ਦਰਵਾਜ਼ਾ ਖੋਲ੍ਹਕੇ ਅੰਦਰ ਆ ਧਮਕਿਆ। ਉਹਦੀਆਂ ਅੱਖਾਂ ਤਾੜੇ ਲੱਗਆਂ ਹੋਈਆਂ ਸਨ। ਤੇੜ ਬਰੇਕਾਂ ਵਾਲੀ ਕੱਛ, ਗਲ ਤਰੀਜ਼ਾਂ ਵਾਲਾ ਕੁੜਤਾ। ਕਰੜ ਬਰੜੀ ਖੁੱਲ੍ਹੀ ਹੋਈ ਦਾਹੜੀ ਅਤੇ ਮੌਲਵੀ-ਕੱਟ ਮੁੱਛਾਂ। ਉਹ ਲੜਖੜਾਉਂਦੀ ਜ਼ਬਾਨ ਵਿਚ ਬੋਲਿਆ, "ਜੈ ਬੰਮ ਬੰਮ...ਸੁਨਾਓ ਪਿਆਰੇ"

ਉਸਨੇ ਮੇਰੇ ਵੱਲ ਘੁੰਡ ਮੁੜੀਆਂ ਉਂਗਲਾਂ ਵਾਲਾ ਸੱਜਾ ਹੱਥ ਮਿਲਾਉਣ ਲਈ ਅੱਗੇ ਵਧਾਇਆ।

"ਠੀਕ ਹੈ ਭਗਵਾਨ—ਆਪਣੀ ਸੁਣਾਓ", ਮੈਂ ਉਸਦਾ ਹੱਥ ਫੜਦਿਆਂ ਉਸਨੂੰ ਸੋਫੇ 'ਤੇ ਬੈਠ ਜਾਣ ਲਈ ਕਿਹਾ।

ਉਹ ਬੈਠਦਾ ਹੀ ਬੋਲਿਆ, "ਮੈਂ ਕੱਲ ਭੀ ਆਇਆ ਥਾ...ਤੁਮ ਨਹੀਂ ਮਿਲੇ...ਅਰੇ ਸ਼ੰਕਰ ਭਗਵਾਨ ਤੋ ਆਸਮਾਨ ਸੇ ਬਹੁਤ ਮੁਸ਼ਕਿਲ ਸੇ ਨੀਚੇ ਆਤੇ ਹੈਂ...ਅਪਨੇ ਗੁਰ ਮੇਂ ਆਤੇ ਹੈਂ...ਔਰ ਫਿਰ ਆਪਕੋ ਮਿਲਨੇ ਆਤੇ ਹੈਂ ਤੋ ਆਪ ਘਰ ਨਹੀਂ ਮਿਲਤੇ...ਅਜੀਬ ਮਾਜਰਾ ਹੈ ਮਿਰੇ ਯਾਰ..." ਉਹ ਥੁੱਕ ਲੰਘਾ ਕੇ ਸਿਰ ਹਿਲਾਕੇ ਹੱਸਣ ਲੱਗਾ ਤੇ ਫਿਰ ਕਿੰਨਾ ਹੀ ਚਿਰ ਹੱਸਦਾ ਹੋਇਆ ਸਿਰ ਹਿਲਾਈ ਗਿਆ।

ਮੇਰੇ ਪੁੱਛਣ 'ਤੇ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਪੰਜਾਬੀ ਵਿਚ ਗੱਲਾਂ ਕਿਉਂ ਨਹੀਂ ਕਰ ਰਿਹਾ, ਹਸਰਤ ਕਹਿਣ ਲੱਗਾ, "ਪੰਜਾਬੀ ? ਕੌਨ ਸਾਲੀ ਪੰਜਾਬੀ ?...ਤੁਮ ਮਾਸਟਰ ਤਾਰਾ ਸਿੰਘ ਕੇ ਬੇਟੇ ਕਹਾਂ ਸੇ ਆ ਗਏ...ਅਰੇ ਪਗਲੇ ਭਗਵਾਨ ਭਾਸ਼ਾ ਕੀ ਜੰਗ ਨਹੀਂ ਲੜਤੇ...ਸਾਲੇ ਹਿੰਦੂ ਸਿੱਖ ਲੜਤੇ ਹੈ..." ਉਹ ਫਿਰ ਸਿਰ ਹਿਲਾਉਂਦਾ ਮਜ਼ਾਕ ਵਿਚ ਹੱਸਣ ਲੱਗਾ। ਉਸਦੇ ਬੁਲ੍ਹ ਵਰਾਛਾਂ ਤੱਕ ਅੱਡੇ ਤੇ ਦੰਦ ਮੀਟੇ ਹੋਏ ਸਨ ਅਤੇ ਇੰਝ ਲੱਗਦਾ ਸੀ, ਜਿਵੇਂ ਉਹ ਹੱਸਣ ਲਈ ਡਾਢਾ ਜ਼ੋਰ ਲਾ ਰਿਹਾ ਹੋਵੇ।

"ਅਰੇ ਛੋੜੋ ਇਸ ਬਾਤ ਕੋ...ਅੱਛਾ ਵੁਹ ਮਿਲ ਗਈ ਨਾ ?..." ਉਹਨੇ ਜ਼ੋਰ ਲਾਕੇ ਨਸ਼ਈ ਪਲਕਾਂ ਪੁਟੀਆਂ ਤੇ ਮੇਰੀਆਂ ਅੱਖਾਂ ਨਾਲ ਅੱਖਾਂ ਮਿਲਾਈਆਂ।

"ਕੀ ?"

"ਵੁਹ...ਜਬ ਮੈਂ ਕੱਲ੍ਹ ਆਇਆ ਤੋ ਤੁਮ ਗੁਰ ਨਹੀਂ ਥੇ...ਏਕ ਲੜਕੀ ਬਾਹਰ ਆਈ...ਕੌਨ ਥੀ ਵੁਹ ਲੜਕੀ...ਬੋਲੋ ਕੌਨ ਥੀ ਵੁਹ ਲੜਕੀ ?"

"ਮੇਰੀ ਘਰਵਾਲੀ ਸੀ"

''ਵੁਹ ਤੁਮ੍ਹਾਰੀ ਗੁਰਵਾਲੀ...ਤੁਮਾਰੀ ਬੀਵੀ ਥੀ ?'' ਉਹ ਹੱਸਦਾ ਹੋਇਆ ਫਿਰ ਸਿਰ ਹਿਲਾਉਣ ਲੱਗਾ, ''ਸੋਚਤੀ ਹੋਗੀ ਯੇਹ ਕੌਨ ਸ਼ਰਾਬੀ ਸਾਲਾ ਬਾਟੀ-ਮਾਂਜ ਸ਼ਰਾਬ ਕੇ ਸਾੜ ਪਊਏ ਪੀ ਕਰ ਆ ਗਇਆ ਹੈ...ਮੈਨੇ ਉਸਕੋ ਏਕ ਰਿਸਾਲਾ ਦੀਆ ਥਾ...ਉਸ ਮੇਂ ਏਕ ਕਵਿਤਾ ਥੀ...ਕੱਲ ਮੁਝੇ ਬਾਜ਼ਾਰ ਮੇਂ ਬਿਕਤੀ ਰੱਦੀ ਮੇਂ ਮਿਲਾ ਥਾ...ਮੈਂ ਬਹੁਤ ਜਗਹ ਰੱਦੀ ਬਨ ਕਰ ਬਿਕ ਰਹਾ ਹੂੰ...ਤੁਮਨੇ ਉਸਕੋ ਪਰਸੋਂ ਦੀਏ ਮੇਰੇ ਰੀਕਾਰਡ ਮੇਂ ਸ਼ਾਮਿਲ ਕਰ ਲੇਨਾ...ਕਿਆ ਕਵਿਤਾ ਥੀ ਵੁਹ ?...'' ਉਸਨੇ ਇਕ ਪਲ ਜ਼ਿਹਨ 'ਤੇ ਜ਼ੋਰ ਪਾਇਆ ਤੇ ਫਿਰ, ''ਮੁੰਡਾ ਪਤਲਾ ਪਤੰਗ ਸੂਰ ਸਿੰਘ ਦਾ ਤੇ ਤੂੰ ਕੁੜੀ ਪੱਟੀ ਸ਼ਹਿਰ ਦੀ .. ਪੱਟੀ ਸ਼ਹਿਰ ਦੀ . ਹੋਅ ਪੱਟੀ ਸ਼ਹਿਰ ਦੀ...'' ਕਰਦਾ ਗਾਉਣ ਲੱਗਾ ਤੇ ਫਿਰ ਉਠਕੇ ਸਿਰ ਤੋਂ ਕਾਲਾ ਪਰਨਾ ਲਾਹ ਕੇ ਚੁਟਕੀਆਂ ਵਜਾਉਂਦਾ ਲੜਖੜਾਉਂਦਾ ਨੱਚਣ ਲੱਗਾ ਤੇ ਗੇੜਾ ਕੱਟ ਕੇ ਸੋਫ਼ੇ 'ਤੇ ਟੇਢਾ ਹੋ ਗਿਆ।

''ਕਰਤੀ ਕਿ ਨਹੀਂ ਬਿਜ਼ਤੀ ਆਪਾਂ ਪੱਟੀ ਸ਼ਹਿਰ ਦੀ ?.. ਐਂਜ ਕਰੀਦੀ ਉ ..'' ਉਹ ਇਕ-ਦਮ ਪੰਜਾਬੀ ਬੋਲਦਾ ਡੂੰਘੀ ਸੋਚ ਵਿਚ ਉਤਰ ਗਿਆ ਤੇ ਫ਼ਲਸਫ਼ਾਨਾ ਅੰਦਾਜ਼ ਵਿਚ ਬੋਲਿਆ, ''ਦਰਅਸਲ ਕੁੜੀਆਂ ਜੰਮਦੀਆਂ ਈ ਬਿਜ਼ਤੀ ਕਰਾਉਣ ਨੇ ਜਾਂ ਬਿਜ਼ਤੀ ਕਰਨ...ਹੂੰਅ...ਹਾਂਅ...ਆਹੋ ਜੀ...''

ਮੈਂ ਉਠ ਕੇ ਉਸ ਲਈ ਚਾਹ ਬਨਾਉਣ ਦਾ ਸੁਨੇਹਾ ਦੇਣ ਲਈ ਕਮਰੇ 'ਚੋਂ ਬਾਹਰ ਨਿਕਲਿਆ ਤਾਂ ਮੇਰੀ ਕਲਪਨਾ ਵਿਚ ਹਸਰਤ ਵੀ ਮੇਰੇ ਨਾਲ ਹੀ ਹੋ ਤੁਰਿਆ। ਪਿਛਲੇ ਕਈ ਸਾਲਾਂ ਵਿਚ ਮੈਂ ਉਸਦੇ ਕਈ ਰੂਪ ਵੇਖੇ ਸਨ। ਉਹ ਬਹੁਤ ਦਿਲਚਸਪ ਬੰਦਾ ਸੀ। ਸਮੇਂ ਸਮੇਂ ਉਸਦੀਆਂ ਦਿਲਚਸਪੀਆਂ ਦੇ ਕੇਂਦਰ ਬਦਲਦੇ ਰਹੇ ਸਨ, ਪਰ ਇਕ ਗੱਲ ਜੋ ਹਰ ਬਦਲੀ ਦਿਲਚਸਪੀ ਵਿਚ ਉਸਦੇ ਵਿਚਾਰਾਂ 'ਤੇ ਹਾਵੀ ਰਹੀ ਸੀ, ਉਹ ਉਹਦੀ ਇਹ ਇੱਛਾ ਸੀ ਕਿ ਬੰਦੇ ਨੂੰ ਜ਼ਿੰਦਗੀ ਵਿਚ ਕੁਝ ਨਾ ਕੁਝ ਕੁਝ ਮਹੱਤਵਪੂਰਨ ਕਰਨਾ ਚਾਹੀਦਾ ਹੈ। ਸ਼ਾਂਤ.. ਚੁਪ-ਚਾਪ ਜ਼ਿੰਦਗੀ ਕੀ ਹੋਈ ? ਤੇ ਬੰਦਾ ਵੀ ਕੀ ਹੋਇਆ ਜੇ ਚੁੱਪ-ਚਾਪ ਜੰਮਿਆਂ ਤੇ ਜੂਨ ਭੋਗਕੇ ਚੁੱਪ-ਚਾਪ ਮਰ ਗਿਆ। ਆਖ਼ਰ ਜ਼ਿੰਦਗੀ ਵਿਚ ਕੁਝ ਘਟਣਾ ਚਾਹੀਦਾ ਹੈ। ਕੋਈ ਹੰਗਾਮਾਂ...ਕੋਈ ਉਬਾਲ...ਕੋਈ ਛੱਲ . ਕੋਈ ਕਰਵਟ...ਕੋਈ ਸ਼ੋਰ-ਸ਼ਰਾਬਾ। ਇਹੋ ਸਾਰਾ ਕੁਝ ਹੀ ਤਾਂ ਬੰਦੇ ਦੇ ਜ਼ਿੰਦਾ ਰਹਿਣ ਦੀ ਨਿਸ਼ਾਨੀ ਹੈ। ਘਟਨਾ-ਰਹਿਤ ਚੁੱਪ-ਚਾਪ ਸ਼ਾਂਤ ਬੰਦਾ ਅਤੇ ਜ਼ਿੰਦਗੀ ਵਿਅਰਥ ਹਨ।

ਸ਼ਾਇਦ ਜ਼ਿੰਦਗੀ ਵਿਚ ਮਹੱਤਵਪੂਰਨ ਦਿਸਣ ਦੀ ਇਹ ਰੀਝ ਹੀ ਸੀ ਕਿ ਉਹ ਜ਼ਿੰਦਗੀ ਦੇ ਕਿਸੇ ਇਕ ਖੇਤਰ ਵਿਚ ਕਦੀ ਸਿਰਤੋੜ ਦੌੜਿਆ ਸੀ ਤੇ ਕਦੀ ਦੂਸਰੇ ਖੇਤਰ ਵਿਚ.. ਸ਼ਾਇਦ ਇਹੋ ਹੀ ਰੀਝ ਸੀ ਜਿਸਨੇ ਉਸਦਾ ਨਾਂ 'ਹਸਰਤ' ਰਖਵਾਇਆ।

ਕਾਲਜ ਵਿਚ ਪੜ੍ਹਦਿਆਂ ਉਸਨੇ ਡਰਾਮੇਂ ਖੇਡਣੇ ਤੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਇੰਜ ਦੂਜਿਆਂ ਤੋਂ ਵੱਖਰਾ ਤੇ ਵਿਸ਼ੇਸ਼ ਹੋਕੇ ਮਾਣ ਵਿਚ ਫੁੱਲਿਆ ਰਹਿੰਦਾ। ਉਰਦੂ ਵਿਚ ਲਿਖੇ ਅਫ਼ਸਾਨੇ ਤੇ ਗ਼ਜ਼ਲਾਂ ਵੱਖ ਵੱਖ ਪਰਚਿਆਂ ਵਿਚ ਛਪੀਆਂ ਵੇਖ ਉਹ ਆਪਣੇ ਸਾਥੀਆਂ 'ਤੇ ਆਪਣੀ ਸਿਆਣਪ ਦਾ ਰੁਹਬ ਪਾਉਂਦਾ। ਕਿੰਨਾ ਕਿੰਨਾ ਚਿਰ ਛਪਿਆ ਹੋਇਆ ਆਪਣਾ ਨਾਂ ਪੜ੍ਹਕੇ ਖ਼ੁਸ਼ ਤੇ ਮੁਗਧ ਹੋਇਆ ਰਹਿੰਦਾ। 'ਕੁਝ ਹੋਣ' ਦਾ

ਅਹਿਸਾਸ ਉਸਨੂੰ ਨਸ਼ਿਆਈ ਰੱਖਦਾ। ਉਹ ਲੇਖਕ ਬਣਕੇ 'ਅਮਰ' ਹੋਣ ਵੱਲ ਜਾ ਰਿਹਾ ਸੀ।

ਪਰ ਉਹਦੇ ਬਾਹਰੀ ਰੁਝੇਵੇਂ ਏਨੇ ਵਧ ਗਏ ਕਿ ਹਾਰਕੇ ਉਸਨੂੰ ਪੜ੍ਹਾਈ ਵਿਚੇ ਹੀ ਛੱਡਣੀ ਪਈ। ਕਮਿਊਨਿਸਟ ਪਾਰਟੀ ਦੇਸ਼ ਦੀ ਆਜ਼ਾਦੀ ਤੋਂ ਪਿਛੋਂ ਜ਼ੋਰ ਫੜ ਰਹੀ ਸੀ। 'ਲੇਖਕ ਉਹ ਨਹੀਂ ਜੋ ਲਿਖੇ...ਸਗੋਂ ਲੋਕਾਂ ਲਈ ਲਿਖੇ ਤੇ ਲੋਕਾਂ ਲਈ ਲੜੇ ਤਾਂ ਹੀ ਮਹੱਤਵ-ਪੂਰਨ ਹੈ' ਇਹ ਵਿਚਾਰ ਉਸਦੇ ਮਨ ਅੰਦਰ ਘਰ ਕਰ ਗਿਆ ਤੇ ਉਹ ਕਮਿਊਨਿਸਟਾਂ ਵਿਚ ਰਲ ਗਿਆ। ਆਪਣੇ ਪਿੰਡ ਅਤੇ ਇਲਾਕੇ ਵਿਚ ਅੱਗੇ ਹੋ ਕੇ ਡਰਾਮਿਆਂ ਅਤੇ ਜਲਸਿਆਂ ਵਿਚ ਭਾਗ ਲੈਂਦਾ। ਨਿੱਕੀਆਂ ਨਿੱਕੀਆਂ ਕਵਿਤਾਵਾਂ ਲਿਖਦਾ...ਜਿਹਨਾਂ ਵਿਚ ਗਰੀਬਾਂ 'ਤੇ ਹੁੰਦੇ ਜ਼ੁਲਮ ਦਾ ਜ਼ਿਕਰ ਹੁੰਦਾ। ਅਮੀਰੀ ਗਰੀਬੀ ਦੇ ਪਾੜੇ ਨੂੰ ਦੂਰ ਕਰਨ ਅਤੇ ਸਾਰੇ ਸੰਸਾਰ ਵਿਚ ਅਮਨ ਦੀ ਘੁੱਗੀ ਉਡਾਉਣ ਦਾ ਸੰਦੇਸ਼ ਹੁੰਦਾ। ਤੇ ਇੰਜ ਉਹ ਲੇਖਕ ਬਣਦਾ ਬਣਦਾ ਸਿਆਸੀ ਲੀਡਰ ਬਣਨ ਦੇ ਸੁਪਨੇ ਲੈਣ ਲੱਗਾ। ਬੁਲਗਾਨਿਨ ਭਾਰਤ ਆਇਆ ਤਾਂ ਹਸਰਤ ਨੇ ਸਿਰ ਮੁਨਾ ਲਿਆ ਤੇ ਉਸ ਵਰਗੀ ਦਾੜ੍ਹੀ ਬਣਵਾ ਲਈ। ਇਕ ਅਜੀਬ ਮਸਤੀ ਉਹਦੀਆਂ ਅੱਖਾਂ ਵਿਚ ਹੁੰਦੀ। ਉਹਦੇ ਪੈਰਾਂ ਵਿਚ ਰਵਾਨਗੀ ਤੇ ਦਿਲ 'ਚ ਰਾਂਗਲੀ ਧੜਕਣ ਹੁੰਦੀ। ਉਹਦੀ ਜ਼ਿੰਦਗੀ ਸੁਕਾਰਥੇ ਆ ਰਹੀ ਸੀ। ਸਟੇਜ ਉੱਤੇ ਡਰਾਮੇ ਕਰਦਾ, ਨਾਇਕ ਬਣਿਆ ਹਸਰਤ ਸੋਚਦਾ, ਜ਼ਿੰਦਗੀ ਹੀ ਤਾਂ ਹੈ ਜੇ ਬੰਦਾ ਨਾਇਕ ਬਣਕੇ ਜੀਵੇ ਤਾਂ...ਸੁਨੱਖਾ ਹਸਰਤ ਸਟੇਜ ਉੱਪਰ ਨਾਟਕ ਕਰ ਰਿਹਾ ਹੁੰਦਾ ਅਤੇ ਹਜ਼ਾਰਾਂ ਮਰਦ ਔਰਤਾਂ ਦੀਆਂ ਪ੍ਰਸ਼ੰਸਕ ਅੱਖਾਂ ਉਸਦੀ ਰੂਹ ਨੂੰ ਸਰਸ਼ਾਰ ਕਰੀ ਰੱਖਦੀਆਂ। ਇਹਨਾਂ ਪ੍ਰਸ਼ੰਸਕ ਅੱਖਾਂ ਵਿਚੋਂ ਹੀ ਦੋ ਹਿਰਨੋਟੀਆਂ ਅੱਖਾਂ ਸਦਾ ਲਈ ਉਸਦੇ ਦਿਲ ਵਿਚ ਖੁਭ ਗਈਆਂ—ਉਹਦੇ ਇਲਾਕੇ ਦੇ ਪਾਰਟੀ ਲੀਡਰ ਦੀ ਕੁੜੀ ਦੀਆਂ ਚੜ੍ਹਦੀ ਜਵਾਨੀ ਦੇ ਨਸ਼ੇ ਨਾਲ ਮਖ਼ਮੂਰ ਝੂਮਦੀਆਂ ਅੱਖਾਂ.. ਤੇ ਉਸ ਕੂਲੀ ਜਿਹੀ ਕੁੜੀ ਦੀ 'ਹਾਂ' ਪਾਕੇ ਉਹ ਧਰਤੀ ਤੋਂ ਉੱਚਾ ਹੋ ਕੇ ਉਡਣ ਲੱਗਾ। ਪਰ ਮਨੁੱਖਤਾ ਦੀ ਆਜ਼ਾਦੀ ਲਈ ਜੂਝਣ ਵਾਲੀ ਪਾਰਟੀ ਦੇ ਆਗੂ ਤੋਂ ਉਹਨਾਂ ਨੂੰ ਰੂਹ ਦੀ ਆਜ਼ਾਦੀ ਨਾ ਮਿਲੀ। 'ਹਸਰਤ' ਉਂਜ ਵੀ ਪਾਰਟੀ ਵਿਚ ਉਸਰ ਰਹੀ ਨਵੀਂ ਧੜੇਬੰਦੀ ਵਿਚ ਉਸਦਾ ਸਾਥ ਨਹੀਂ ਸੀ ਦੇ ਰਿਹਾ। ਇਸਤੋਂ ਬਿਨਾਂ ਪਾਰਟੀ ਦੇ ਕਲਾਕਾਰਾਂ ਵੱਲ ਲੀਡਰਾਂ ਦਾ ਰਵੱਈਆ ਸਤਿਕਾਰ ਪੂਰਨ ਹੋਣ ਦੀ ਥਾਂ ਉਹਨਾਂ ਨੂੰ ਮਰਾਸੀਆਂ ਵਾਂਗ ਸਮਝਣਾ ਜਿਹਾ ਸੀ।...ਤੇ ਉਸਦੀ ਮਹਿਬੂਬ ਕੁੜੀ ਜੋ ਸੱਤ ਜਨਮਾਂ ਤੱਕ ਉਹਦੀ ਬਣੀ ਰਹਿਣ ਦਾ ਇਕਰਾਰ ਕਰਦੀ ਸੀ; ਛੇ ਮਹੀਨੇ ਪਿਛੋਂ ਹੀ ਸ਼ਹਿਰ ਦੇ ਬਾਜ਼ਾਰ ਵਿਚ ਆਪਣੇ ਪਤੀ ਨਾਲ, ਲਾਲ ਕੱਪੜਿਆਂ ਵਿਚ ਲਪੇਟੀ, ਦੰਦ-ਖੰਡ ਦਾ ਚੂੜਾ ਪਾਈ ਸ਼ਾਪਿੰਗ ਕਰ ਰਹੀ ਸੀ। ਉਸਨੇ ਹਸਰਤ ਨੂੰ ਭੀੜ ਵਿਚਲਾ ਇਕ ਆਮ ਆਦਮੀ ਸਮਝਦਿਆਂ ਆਪਣੇ ਪਤੀ ਦਾ ਹੱਥ ਖਿਚਦਿਆਂ ਲਾਡ ਨਾਲ ਮੂੰਹ ਬਣਾਕੇ ਕਿਹਾ, "ਛੇਤੀ ਤੁਰੋ ਵੀ ਨਾ ਜੀ...ਇੰਜ ਰੁਕ ਰੁਕ ਨ੍ਹੀਂ ਤੁਰੀਦਾ ਹੁੰਦਾ..." ਉਹ ਤਾਂ ਤੁਰ ਪਈ ਪਰ ਹਸਰਤ ਜ਼ਿੰਦਗੀ ਵਿਚ ਰੁਕਕੇ ਚਾਰ ਚੁਫੇਰੇ ਖ਼ਾਮੋਸ਼ ਹੋਇਆ ਵੇਖਦਾ ਰਿਹਾ।

...ਮੈਂ ਵਾਪਸ ਕਮਰੇ ਵਿਚ ਆਇਆ ਤਾਂ ਮੇਰੇ ਨਾਲ ਤੁਰ ਆਈ ਮੇਰੀ ਛੋਟੀ ਬੱਚੀ ਨੂੰ ਵੇਖ ਕੇ ਉਸ ਨੇ ਉਸ ਨੂੰ ਫੜਕੇ ਕੁੱਛੜ ਚੁੱਕ ਲਿਆ। ਉਹ ਡੌਰ ਭੌਰ ਹੋਈ ਕਦੀ

ਉਸਨੂੰ ਤੇ ਕਦੀ ਮੈਨੂੰ ਵੇਖ ਰਹੀ ਸੀ।

"ਬੇਟਾ ਡਰੋ ਮਤ...ਬੋਲੋ ਜੈ ਸ਼ਿਵ ਸ਼ੰਕਰ...ਜੈ ਬੰਮ ਬੰਮ..." ਉਹ ਉਸ ਨੂੰ ਕਿੰਨਾ ਚਿਰ ਗਲ ਨਾਲ ਲਾਈ ਖ਼ਾਮੋਸ਼ ਬੈਠਾ ਰਿਹਾ, ਜਿਵੇਂ ਕਿਸੇ ਦੂਸਰੇ ਸੰਸਾਰ ਵਿਚ ਪਹੁੰਚ ਗਿਆ ਹੋਵੇ।

"ਜਬ ਹਮਾਰਾ ਫਸਟ ਪ੍ਰੋਡਕਸ਼ਨ ਲੜਕੀ ਹੂਆ ਨਾ...ਤੋ ਬਹੁਤ ਖ਼ੁਸ਼ੀ ਹੂਈ...ਬਹੁਤ ਖ਼ੁਸ਼ੀ ਹੂਈ...ਕਿਉਂ ਬੇਟਾ ?" ਬੱਚੀ ਨੂੰ ਢਿੱਲਾ ਛੱਡਦਿਆਂ ਉਹਨੇ ਉਹਦਾ ਚਿਹਰਾ ਆਪਣੇ ਵੱਲ ਭੁਆਉਣ ਦਾ ਯਤਨ ਕੀਤਾ। ਉਸਦੀ ਕੱਸ ਢਿੱਲੀ ਹੋਈ ਵੇਖ ਡਰੀ ਹੋਈ ਬੱਚੀ ਇਕ ਦਮ ਦੌੜ ਕੇ ਮੇਰੀ ਗੋਦ ਵਿਚ ਆ ਬੈਠੀ।

"ਬਹੁਤ ਖ਼ੁਸ਼ੀ ਹੂਈ...ਬਹੁਤ ਖ਼ੁਸ਼ੀ ਹੂਈ..." *ਉਸ ਫਿਰ ਬੋਲਣਾ ਸ਼ੁਰੂ ਕੀਤਾ* "ਲੇਕਿਨ ਅਬ ਜਬ ਲੜਕਾ ਦੇਖਨੇ ਜਾਤੇ ਹੈਂ ਤੋ ਪੂਛਤੇ ਹੈਂ ਕਿਆ ਦੋਗੇ ?...ਮੈਂ ਕਹਿਤਾ ਹੂੰ ਸਾਲੇ ਏਕ ਗੋਲੀ ਦੂੰਗਾ ਪਿਸਤੌਲ ਕੀ...ਅਗਰ ਚਾਹੋਂ ਤੋਂ ਦੋ ਤੀਨ ਭੀ ਦੇ ਸਕਤਾ ਹੂੰ..." ਤੇ ਉਹ ਫਿਰ ਸਿਰ ਹਿਲਾਉਂਦਾ ਹੱਸਣ ਲੱਗਾ।

ਇਸ਼ਕ ਵਿਚੋਂ ਹੋਈ ਹਾਰ ਨੇ ਭਾਵੇਂ ਉਸਨੂੰ ਅੰਦਰੋਂ ਕਰਾਰੀ ਚੋਟ ਮਾਰੀ...ਤੇ ਉਹ ਟੁੱਟ ਗਿਆ ਸੀ...ਪਰ ਪਾਰਟੀ ਵਿਚ ਹੋਈ ਟੁੱਟ ਭੱਜ ਨੇ ਉਸਨੂੰ ਹੋਰ ਵੀ ਤੋੜ ਕੇ ਰੱਖ ਦਿੱਤਾ। 'ਤੁਸੀਂ ਗ਼ਲਤ ਅਸੀਂ ਠੀਕ। ਅਸੀਂ ਠੀਕ...ਤੁਸੀਂ ਗਲਤ...' ਦੇ ਸ਼ੋਰ ਨੇ ਉਹਦੇ ਕੰਨ ਪਾੜਨੇ ਸ਼ੁਰੂ ਕਰ ਦਿਤੇ। ਕੋਈ ਉਸਨੂੰ ਆਪਣੇ ਵੱਲ ਖਿੱਚਦਾ ਤੇ ਕੋਈ ਹੋਰ ਆਪਣੇ ਵੱਲ...ਤੇ ਇਸ ਰੌਲੇ ਤੋਂ ਖਿਝਕੇ ਉਹਦਾ ਜੀ ਕੀਤਾ ਕਿਤੇ ਦੂਰ ਦੁਰੇਡੇ ਦੌੜ ਜਾਵੇ। ਉਸ ਅੰਦਰਲੇ ਨਾਇਕ ਨੇ ਕੁਝ ਦਿਨ ਸੋਚਿਆ ਤੇ ਫਿਰ ਉਹ ਆਪਣੇ ਹਿੱਸੇ ਆਉਂਦੀ ਜ਼ਮੀਨ ਵਿਚੋਂ ਕੁਝ ਜ਼ਮੀਨ ਗਹਿਣੇ ਪਾਕੇ ਬੰਬਈ ਪਹੁੰਚ ਗਿਆ ਐਕਟਰ ਬਣਨ ਲਈ... ਤਿੰਨ ਚਾਰ ਸਾਲ ਤੋਂ ਪਿੱਛੋਂ ਉਹ ਵਾਪਸ ਪਿੰਡ ਆਇਆ ਤਾਂ ਪਿੰਡ ਦੇ ਨੌਜਵਾਨ ਉਹਨੂੰ ਬੰਬਈ ਵਿਚ ਪ੍ਰਾਪਤ ਕੀਤੇ ਅਨੁਭਵ ਬਾਰੇ ਸਵਾਲ ਕਰਦੇ। ਉਹ ਉਹਨਾਂ ਨਾਲ ਐਕਟਰ ਐਕਟਰਸਾਂ ਦੀਆਂ ਗੱਲਾਂ ਬੜੇ ਚਸਕੇ ਲੈ ਲੈ ਕੇ ਕਰਦਾ। ਵੱਡੀਆਂ ਵੱਡੀਆਂ ਹੀਰੋਇਨਾਂ ਨਾਲ ਆਪਣੇ ਸੰਬੰਧ ਦੱਸਦਾ।...ਨਿੰਮੀ ਨਾਲ ਬੈਠਕੇ ਉਸਨੇ ਕਈ ਵਾਰ ਸ਼ਰਾਬ ਪੀਤੀ ਸੀ...ਜੁਆਨੀ ਚੜ੍ਹਦੀ ਮੁਮਤਾਜ਼ ਨੇ ਉਸਨੂੰ ਕਿਹਾ ਸੀ," ਅਰੇ ਤੂ ਕਿਤਨਾ ਹੁਸੀਨ ਹੈ ਰੇ...ਜੀਅ ਚਾਹਤਾ ਹੈ ਤੁਝੇ ਗਲੇ ਸੇ ਲਗਾ ਲੂੰ..."...ਇੰਦਰਾ ਬਿੱਲੀ ਨਾਲ ਉਹ ਛੇਤੀ ਹੀ ਇਕ ਫਿਲਮ ਵਿਚ ਆ ਰਿਹਾ ਸੀ ਅਤੇ ਉਹ ਤਾਂ ਉਸਦੀ ਘੜੇ ਦੀ ਮੱਛੀ ਸੀ। ਗੁਪਾਲ ਸਹਿਗਲ ਤੇ ਖ਼ਰੈਤੀ ਭੇਂਗੇ ਵਰਗੇ ਤਾਂ ਉਹਦੇ ਜੁੱਟ ਸਨ ਆਦਿ...ਉਹ ਕਈ ਫਿਲਮਾਂ ਦੇ ਨਾਂ ਵੀ ਲੈਂਦਾ ਜਿਹੜੀਆਂ ਅਜੇ ਰੀਲੀਜ਼ ਹੋਣੀਆਂ ਸਨ ਅਤੇ ਜਿਨ੍ਹਾਂ ਵਿਚ ਉਸਨੇ ਹੀਰੋ ਦਾ ਰੋਲ ਕੀਤਾ ਸੀ। ਨੌਜਵਾਨ ਮੁੰਡੇ ਉਸਦੇ ਦੁਆਲੇ ਘੰਟਿਆਂ ਬੱਧੀ ਬੈਠੇ ਰਹਿੰਦੇ। ਉਹ ਉਹਨਾਂ ਸਾਹਮਣੇ ਖ਼ਿਆਲਾਂ ਵਿਚ ਹੀ ਪਰੀਆਂ ਦੀ ਦੁਨੀਆਂ ਵਸਾ ਦਿੰਦਾ। ਉਹ ਖ਼ੁਸ਼ ਸੀ...ਪਿੰਡ ਦੇ ਸਿਆਣੇ ਨਾ ਸਹੀ...ਨੌਜਵਾਨ ਤਬਕਾ ਤਾਂ ਉਹਨੂੰ ਅਜੇ ਵੀ ਨਾਇਕ ਮੰਨਣ ਲਈ ਤਿਆਰ ਸੀ। ਪਰ ਅੰਦਰੋਂ ਉਹ ਟੁੱਟ ਚੁੱਕਾ ਸੀ। ਬੰਬਈ ਤੋਂ ਸ਼ਰਾਬ ਤੇ ਸਿਗਰਟ ਦੀ ਆਦਤ ਉਹ ਆਪਣੇ ਨਾਲ ਲੈਕੇ ਆਇਆ ਸੀ। ਉਹ ਹਰ ਸਮੇਂ ਨਸ਼ੇ ਵਿਚ ਗੁੱਟ ਰਹਿਣ

ਲੱਗਾ। ਨਸ਼ਈ ਹੋਇਆ ਗਲੀਆਂ 'ਚ ਫਿਰਦਾ ਉਹ ਕਈ ਰਹੱਸ ਉਦਘਟਨ ਕਰਦਾ। ਉਹ ਕਹਿੰਦਾ ਸ਼ਰਾਬ ਪੀਤਿਆਂ ਉਸਨੂੰ ਮੱਛਰ ਨਹੀਂ ਲੜਦਾ।

"...ਕਿਉਂਕਿ ਜਦੋਂ ਮੈਂ ਸ਼ਰਾਬੀ ਹੁੰਦਾ ਹਾਂ ਤਾਂ ਮੱਛਰ ਲੜੇ ਵੀ ਤਾਂ ਮੈਨੂੰ ਸੁਰਤ ਨਹੀਂ ਹੁੰਦੀ...ਪਰ ਜਦੋਂ ਮੈਨੂੰ ਹੋਸ਼ ਆਉਂਦੀ ਹੈ...ਓਨੇ ਚਿਰ ਨੂੰ ਮੈਨੂੰ ਲੜ ਲੜ ਕੇ ਮੱਛਰ ਖ਼ੁਦ ਸ਼ਰਾਬੀ ਹੋ ਜਾਂਦਾ ਹੈ ਤੇ ਉਸ ਵਿਚ ਲੜਨ ਦੀ ਹਿੰਮਤ ਨਹੀਂ ਰਹਿੰਦੀ..." ਲੋਕ ਉਹਦੇ ਤਰਕ 'ਤੇ ਹੱਸ ਹੀ ਰਹੇ ਹੁੰਦੇ ਤੇ ਉਹ ਬੋਲ ਉਠਦਾ, "ਇਹ ਸਭ ਲੋਕ ਮੱਛਰ ਨੇ...ਮੈਨੂੰ ਕੱਟਣਾ ਚਾਹੁੰਦੇ ਨੇ...ਨਿਰ੍ਹੀ ਬਿਮਾਰੀ. ਨਿਰ੍ਹਾ ਮਲੇਰੀਆ ਨੇ ਇਹ ਲੋਕ..." ਹੋਰ ਪੈਲੀ ਗਹਿਣੇ ਪਾਕੇ ਉਸਨੇ ਇਕ ਪ੍ਰੋਜੈਕਟਰ ਵੀ ਲਿਆਂਦਾ ਅਤੇ ਰਾਤ ਨੂੰ ਸ਼ਰਾਬੀ ਹੋਇਆ ਪਿੰਡ ਦੀਆਂ ਗਲੀਆਂ ਵਿਚ ਮੁੰਡੀਰ ਨੂੰ ਇਕੱਠੀ ਕਰਕੇ 'ਬਗ਼ਦਾਦ ਕੀ ਰਾਤੇਂ' ਫਿਲਮ ਵਿਖਾਉਂਦਾ ਜਿਸ ਵਿਚ ਉਸਨੇ ਕੰਮ ਕੀਤਾ ਸੀ ਅਤੇ ਇਕ ਖੋਤੇ ਦੀ ਪਿੱਠ 'ਤੇ ਪਿਛਲੇ ਪਾਸੇ ਮੂੰਹ ਕਰੀ ਉਸਦੀ ਪੂਛ ਫੜਕੇ ਬੈਠਾ ਸੀ।

"ਔਹ ਵੇਖੋ ਤੁਹਾਡੇ ਹੀਰੋ ਗੁਰਬਚਨ ਸਿੰਘ ਹਸਰਤ ਆਫ਼ ਸੁਰ ਸਿੰਘ ਵੀ..." ਉਹ ਖ਼ੁਸ਼ੀ ਵਿਚ ਚੀਕ ਉਠਦਾ।

ਮਾੜੀਆਂ ਵਹਿਬਤਾਂ ਤੇ ਨਸ਼ਿਆ ਵਿਚ ਉਹ ਗਰਕ ਹੋ ਰਿਹਾ ਸੀ। ਉਸਨੂੰ ਲਗਦਾ ਉਸਦੇ ਜ਼ਮੀਨ ਤੋਂ ਪੈਰ ਉਖੜ ਗਏ ਸਨ ਤੇ ਤੇਜ਼ ਪਾਣੀ ਉਸਨੂੰ ਰੋੜ੍ਹ ਕੇ ਲਈ ਜਾ ਰਿਹਾ ਸੀ। ਪਰ ਉਹ ਤਾਂ ਪਾਣੀ ਵਿਚ ਚੱਟਾਨ ਬਣਕੇ ਉਭਰਨਾ ਚਾਹੁੰਦਾ ਸੀ।

ਉਸਦੇ ਘਰਦਿਆਂ ਅੰਗਾਂ ਸਾਕਾਂ, ਸਹੁਰਿਆਂ, ਸਭ ਨੇ ਪੂਰੀ ਵਾਹ ਲਾਈ ਕਿ ਉਹ 'ਰਾਹ ਰਾਸਤੇ' 'ਤੇ ਆ ਜਾਵੇ।

"ਤੁਸੀਂ ਮੈਨੂੰ ਕਿਹੜੇ ਰਾਹ ਤੋਰਨਾ ਚਾਹੁੰਦੇ ਹੋ?...ਜਾਓ ਮੈਂ ਤੁਹਾਡੇ ਰਾਹ 'ਤੇ ਨਹੀਂ ਤੁਰਦਾ...ਤੁਸੀਂ ਕੌਣ ਹੋ ਫੈਸਲਾ ਕਰਨ ਵਾਲੇ ਕਿ ਤੁਹਾਡਾ ਰਾਹ ਠੀਕ ਹੈ...ਮੈਂ ਕਹਿੰਨਾਂ...ਮੈਂ ਠੀਕ ਹਾਂ...ਮੇਰਾ ਰਾਹ ਸੱਚ ਨੂੰ ਜਾਂਦਾ...ਰੱਬ ਨੂੰ ਜਾਂਦਾ..." ਉਹ ਆਖਦਾ।

ਪਰ ਫਿਰ ਪਤਾ ਨਹੀਂ ਉਸ ਦੇ ਮਨ ਵਿਚ ਕੀ ਆਈ। ਉਸ ਨੇ ਦਸ ਪੰਦਰਾਂ ਦਿਨ ਬਿਲਕੁਲ ਸ਼ਰਾਬ ਨਾ ਪੀਤੀ। ਉਹਦੀ ਦਾੜ੍ਹੀ ਵਧ ਗਈ ਸੀ। ਸਿਰ ਉਤੇ ਉਸ ਨੇ ਫੇਰ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ ਸੀ। ਬੜਾ ਘੱਟ ਬੋਲਦਾ...ਹਰ ਵੇਲੇ ਕੁਝ ਨਾ ਕੁਝ ਸੋਚਦਾ ਰਹਿੰਦਾ।...ਤੇ ਇਕ ਦਿਨ ਉਸ ਨੇ ਗ੍ਰੰਥੀਆਂ ਨੂੰ ਬੁਲਾ ਕੇ ਆਪਣੇ ਘਰ ਅਖੰਡ ਪਾਠ ਆਰੰਭ ਕਰਵਾ ਦਿੱਤਾ। ਆਪ ਨਹਾ ਧੋ ਕੇ ਸਫ਼ੈਦ ਕਪੜੇ ਪਹਿਨੇ ਅਤੇ ਪਾਠ ਸੁਣਨ ਬੈਠ ਗਿਆ। ਘੰਟਾ...ਦੋ ਘੰਟੇ...ਉਹ ਗੰਮ ਸੁੰਮ ਹੋਇਆ ਬੈਠਾ ਰਿਹਾ ਅਤੇ ਫਿਰ ਪਤਾ ਨਹੀਂ ਉਸ ਦੇ ਮਨ ਵਿਚ ਕੀ ਆਈ, ਸ਼ਰਾਬ ਦੀ ਬੋਤਲ ਲੈ ਕੇ ਬਰੂਹਾਂ ਵਿਚ ਪੀਣ ਬੈਠ ਗਿਆ। ਘਰ ਦੇ ਸੌ ਖਿਝੇ.. ਸੌ ਲੜੇ...ਪਰ ਉਹ ਪੀਤੀ ਜਾ ਰਿਹਾ ਸੀ...ਬੋਤਲ ਤੇ ਬੋਤਲ...। ਉਹ ਦਿਨ...ਅਗਲਾ ਦਿਨ ਉਹ ਵਿਹੜੇ ਵਿਚ ਸ਼ਰਾਬ ਪੀਂਦਾ ਰਿਹਾ। ਜਿਸ ਦਿਨ ਭੋਗ ਪੈਣਾ ਸੀ, ਉਸ ਦਿਨ ਸਵੇਰੇ ਉਠ ਕੇ ਉਸ ਫਿਰ ਇਸ਼ਨਾਨ ਕੀਤਾ। ਧੋਤੇ ਕੱਪੜੇ ਪਾਏ ਅਤੇ ਭੋਗ ਦੀ ਅਰਦਾਸ ਵਿਚ ਆ ਸ਼ਾਮਿਲ ਹੋਇਆ। ਗ੍ਰੰਥੀ ਤੋਂ ਪਿੱਛੋਂ ਉਸ ਨੇ ਆਪਣੀ ਅਰਦਾਸ ਸ਼ੁਰੂ

ਕਰ ਦਿੱਤੀ।

"...ਹੇ ਗਰੀਬ ਨਿਵਾਜ਼... ਕਰਨ ਕਰਾਵਣ ਆਪੇ ਆਪ ਮਾਨਸ ਕੇ ਕਿਛ ਨਹੀਂ ਹਾਥ...ਮਹਾਰਾਜ ਜੀਓ ! ਮੇਰੇ ਪਰਿਵਾਰ ਨੂੰ...ਭਾਈਚਾਰੇ ਨੂੰ...ਪਿੰਡ ਨੂੰ ਮੇਰੇ 'ਤੇ ਰੋਸ ਹੈ ਕਿ ਮੈਂ ਆਪ ਜੀ ਦੀ ਹਜ਼ੂਰੀ ਵਿਚ ਸ਼ਰਾਬ ਪੀਤੀ... ਪਰ ਸਤਿਗੁਰੂ ਜੀਓ...ਮੈਂ ਅੱਜ ਤੁਹਾਡੀ ਕਸਮ ਖਾ ਕੇ ਕਹਿੰਦਾ ਹਾਂ ਕਿ ਮੈਂ ਅੱਜ ਤੋਂ ਬਾਦ ਸ਼ਰਾਬ ਨਹੀਂ ਪੀਆਂਗਾ। ਮੇਰੇ ਵਲੋਂ ਅੱਜ ਤੋਂ ਸ਼ਰਾਬ ਬੰਦ ਹੈ।...ਜੇ ਪੀਤੀ ਤਾਂ ਸਤਿਗੁਰੂ ਜੀਓ ਇਹ ਮੇਰਾ ਨਹੀਂ ਆਪਦਾ ਹੀ ਕਸੂਰ ਹੋਵੇਗਾ...ਸੱਚਿਓ ਪਾਤਸ਼ਾਹੋ ! ਜੁਗਿੰਦਰ ਨਗਰੋਂ ਸੁੱਚ ਨੱਪਿਆਂ ਹੀ ਬਿਜਲੀ ਜਗਦੀ ਹੈ ਜਾਂ ਬੁਝਦੀ ਹੈ.. ਮੈਂ ਤਾਂ ਇਕ ਬਲਬ ਹਾਂ...ਨਿਮਾਣਾ ਜਿਹਾ ਜੀਵ..." ਲੋਕ ਹੱਸ ਵੀ ਰਹੇ ਸਨ, ਬੁੜਬੁੜਾ ਵੀ ਰਹੇ ਸਨ। ਪਰ ਉਹ ਅੱਖਾਂ ਮੀਟੀ ਅੰਤਰ ਧਿਆਨ ਹੋਇਆ ਪਿਆ ਸੀ।

ਪਰ ਉਸ ਨੇ ਸੱਚੀਂ ਹੀ ਸ਼ਰਾਬ ਛੱਡ ਦਿੱਤੀ। ਆਪਣੇ ਬਚੇ ਖੇਤਾਂ ਵਿਚ ਉਸ ਨੇ ਹੱਥੀਂ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਉਹ ਪੜ੍ਹਿਆ ਲਿਖਿਆ ਸੀ। ਨਵੇਂ ਸਾਧਨਾਂ ਰਾਹੀਂ ਖੇਤੀ ਕਰਕੇ ਉਹ ਅੱਗੇ ਵਧਣਾ ਚਾਹੁੰਦਾ ਸੀ ਤਾਂ ਕਿ ਉਸ ਨੂੰ ਮਜ਼ਾਕ ਕਰਨ ਵਾਲੇ ਕਿਸਾਨ ਵੇਖ ਸਕਣ ਕਿ ਉਹ ਕਿਸੇ ਦੀ ਨੂੰਹ ਧੀ ਨਾਲੋਂ ਘੱਟ ਨਹੀਂ ਸੀ। ਉਸ ਦੀ ਕੁਝ ਜ਼ਮੀਨ ਤਾਂ ਗਹਿਣੇ ਪੈ ਗਈ ਸੀ। ਬਾਕੀ ਜ਼ਮੀਨ ਵਿਚੋਂ ਵੀ ਚੰਗੀ ਮੰਦੀ ਜ਼ਮੀਨ ਦੀ ਵੰਡ ਵੰਡਾਈ ਤੋਂ ਦੋਹਾਂ ਭਰਾਵਾਂ 'ਚ ਝਗੜਾ ਹੋ ਪਿਆ। ਉਹ ਪਹਿਲਾਂ ਡਾਂਗੋ ਡਾਂਗੀ ਹੋਏ ਤੇ ਫਿਰ ਅਦਾਲਤਾਂ ਦੇ ਰਾਹ ਤੁਰ ਪਏ। ਤੇ ਅੰਤ ਨੂੰ ਉਹਦਾ ਭਰਾ ਹਿੱਕ ਦੇ ਜ਼ੋਰ ਨਾਲ ਉਸ ਦੀ ਚੰਗੀ ਜ਼ਮੀਨ 'ਤੇ ਕਬਜ਼ਾ ਕਰਕੇ ਬੈਠ ਗਿਆ। ਕਿਉਂਕਿ ਉਹ ਪਿੰਡ ਵਿਚ ਰਸੂਖ ਵਾਲਾ ਆਦਮੀ ਸੀ ਤੇ ਹਸਰਤ ਨੂੰ ਸਾਰੇ ਨਿਕੰਮਾ ਆਦਮੀ ਸਮਝਦੇ ਸਨ। ਇਸ ਲਈ ਸਾਰੇ ਲੋਕ ਉਸ ਦੇ ਭਰਾ ਦੀ ਹੀ ਮਦਦ ਕਰਦੇ। ਭਾਵੇਂ ਖੇਤੀ ਵਿਚ ਉਸ ਨੇ ਪਹਿਲਾਂ ਪਹਿਲਾਂ ਅੱਗੇ ਵਧਣ ਦੇ ਯਤਨ ਕੀਤੇ ਤੇ ਉਹ ਦੱਸਦਾ ਰਹਿੰਦਾ ਕਿ ਉਸ ਨੇ ਐਨੇ ਕਿੱਲੇ ਦੀ ਮੂਲੀ ਕੱਢੀ ਹੈ। ਉਹਦਾ ਝੋਨੇ ਦਾ ਝਾੜ ਕਿੱਲੇ ਵਿਚੋਂ ਏਨਾ ਹੋਇਆ ਹੈ ਆਦਿ...। ਪਰ ਇਹ ਝਾੜ ਜੇਬ ਵਿਚੋਂ ਪਹਿਲਾਂ ਕੁਝ ਝੜਿਆਂ ਹੀ ਝੜਦਾ ਸੀ। ਇਸ ਲਈ ਹਸਰਤ ਖੇਤੀ ਨਾਲ ਵੀ ਬਹੁਤੀ ਦੂਰ ਤੱਕ ਨਾ ਤੁਰ ਸਕਿਆ।

ਉਸ ਫਿਰ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਉਹ ਖਲੋਤਾ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਵਿਚ ਲਾਈਆਂ ਦੌੜਾਂ ਬਾਰੇ ਸੋਚਦਾ ਰਹਿੰਦਾ ਜਿਨ੍ਹਾਂ ਦੌੜਾਂ ਵਿਚ ਉਸ ਨੇ ਪਹਿਲੇ ਨੰਬਰ 'ਤੇ ਆਉਣਾ ਸੋਚਿਆ ਸੀ। ਨਾਇਕ ਬਣਨਾ ਸੋਚਿਆ ਸੀ। ਖੇਤੀ ਵਿਚੋਂ ਹੋਈ ਅਸਫਲਤਾ ਅਤੇ ਭਰਾ ਨਾਲ ਹੋਈ ਲੜਾਈ ਨੂੰ ਬਿਆਨ ਕਰਦਿਆਂ ਉਸ ਨੇ ਵਾਰਿਸ ਸ਼ਾਹ ਦੀ ਪੈਰੋਡੀ ਕਰ ਦਿੱਤੀ। "ਭਾਈ ਮਰਨ ਤੇ ਪੈਂਦੀਆਂ ਭੱਜ ਬਾਹਾਂ..." ਦੀ ਥਾਂ 'ਤੇ ਉਹ ਗਾਉਂਦਾ ਰਹਿੰਦਾ :

"ਭਾਈ ਮਰਨ ਤਾਂ ਉਸ ਦੀਆਂ ਚਾਰ ਬਾਹਾਂ,
ਭਾਈ ਮਰਨ ਤੇ ਪੁਰੇ ਦੀ ਵਾ ਵਗਦੀ।

ਭਾਈ ਮਰਨ ਤੇ ਵਿਹੜਾ ਮੋਕਲਾ ਈ,
ਕਿਸੇ ਭਾਈ ਨਾ, ਹੋਵੇ ਨਾ ਕੰਧ ਲੱਗਦੀ।"

ਸਰਗਰਮ ਸਿਆਸਤ ਤੋਂ ਉਹ ਹੁਣ ਬਿਲਕੁਲ ਵੱਖ ਹੋ ਚੁੱਕਾ ਸੀ। ਕਮਿਊਨਿਸਟ ਵੰਡੇ ਜਾ ਚੁੱਕੇ ਸਨ ਤੇ ਉਹਦੇ ਆਪਣੇ ਯਾਰ ਕੁਝ ਇਕ ਪਾਸੇ ਕੁਝ ਦੂਜੇ ਪਾਸੇ ਬਕੌਲ ਉਸ ਦੇ, "ਪੰਜਾਲੀ ਵਿਚ ਸਿਰ ਦਿੱਤੀ" ਵਗੀ ਜਾ ਰਹੇ ਸਨ ਅਤੇ ਉਹਨਾਂ ਦੇ ਸਿਰਾਂ 'ਤੇ ਛਾਂਟੇ ਲੈ ਕੇ ਬੈਠੇ ਲੀਡਰਾਂ ਬਾਰੇ ਉਹ ਕਹਿੰਦਾ, "ਸਭ ਸਾਲੇ ਹਾਥੀ ਨੇ...ਵਿਖਾਣ ਵਾਲੇ ਦੰਦ ਹੋਰ...ਖਾਣ ਵਾਲੇ ਦੰਦ ਹੋਰ..." ਉਹ ਗੱਲੀਂ ਬਾਤੀਂ ਸਭ ਯਾਰਾਂ ਨੂੰ ਖੁਸ਼ ਰੱਖਦਾ ਪਰ ਵੋਟ ਕਿਸੇ ਨੂੰ ਨਾ ਪਾਉਂਦਾ। ਜਦੋਂ ਕਾਂਗਰਸ ਵਿਰੁੱਧ ਸਾਂਝੇ-ਫਰੰਟ ਦੀਆਂ ਸਰਕਾਰਾਂ ਬਣੀਆਂ ਤਾਂ ਕਿਸੇ ਨੇ ਉਸ ਤੋਂ ਹੋ ਰਹੀਆਂ ਚੋਣਾਂ ਬਾਰੇ ਰਾਇ ਪੁੱਛੀ। ਉਸ ਇਕ ਟੋਟਕਾ ਜੋੜਿਆ ਤੇ ਫਿਰ ਸ਼ਰਾਬੀ ਹੋਇਆ ਉਹ ਪਿੰਡ ਦੇ ਮੋੜਾਂ 'ਤੇ ਕੰਨ ਉਤੇ ਹੱਥ ਰੱਖ ਕੇ ਉੱਚੀ ਉੱਚੀ ਗਾਉਂਦਾ ਫਿਰਦਾ :

"...ਚੰਗਾ ਦੋਹਾਂ 'ਚੋਂ ਮੈਨੂੰ ਕੋਈ ਲੱਗਦਾ ਨਹੀਂ
ਭਾਵੇਂ ਸੰਤ ਹੋਵੇ ਤੇ ਭਾਵੇਂ ਗਿੱਲ ਹੋਵੇ।
ਜ਼ਖ਼ਮ ਦੋਹਾਂ ਨੇ ਕਰ ਜ਼ਰੂਰ ਦੇਣਾ,
ਭਾਵੇਂ ਕੱਚ ਹੋਵੇ ਤੇ ਭਾਵੇਂ ਕਿੱਲ ਹੋਵੇ।
ਡੰਗ ਕਿਸੇ ਵੀ ਮਾਰਨੋਂ ਉੱਕਣਾ ਨਹੀਂ,
ਭਾਵੇਂ ਭੂੰਡ ਹੋਵੇ ਤੇ ਭਾਵੇਂ ਖਿੱਲ ਹੋਵੇ।
ਹਸਰਤ ਪੈਸੇ ਨੂੰ ਪੈਂਦੀਆਂ ਸਭ ਵੋਟਾਂ,
ਭਾਵੇਂ ਕਾਂ ਹੋਵੇ ਤੇ ਭਾਵੇਂ ਇੱਲ ਹੋਵੇ।"

ਫਿਲਮਾਂ ਦੀ ਗੱਲ ਹੁਣ ਉਹ ਬਹੁਤ ਹੀ ਘੱਟ ਕਰਦਾ ਸੀ। ਪਰ ਐਕਟਰ ਬਣਨ ਦੀ ਰੀਝ ਉਸ ਵਿਚੋਂ ਗਈ ਨਹੀਂ ਸੀ। ਇਸੇ ਲਈ ਉਸ ਨੇ ਸ਼ਾਇਦ ਆਪਣਾ ਬਾਣਾ ਬਦਲ ਲਿਆ। ਚਿੱਟਾ ਕੁੜਤਾ, ਤੇੜ ਕਛਹਿਰਾ, ਦਾੜ੍ਹੀ ਖੁੱਲ੍ਹੀ ਅਤੇ ਸਿਰ ਉਪਰ ਗੋਲ ਦਸਤਾਰ। ਉਸ ਨੇ ਐਲਾਨ ਕਰ ਦਿੱਤਾ ਕਿ ਉਸ ਨੂੰ ਭਗਵਾਨ ਦੇ ਸ਼ਾਖ਼ਸਾਤ ਦਰਸ਼ਨ ਹੋਏ ਹਨ ਅਤੇ ਉਸ ਨੇ ਉਰਦੂ ਦੀ ਇਕ ਰੋਜ਼ਾਨਾ ਅਖ਼ਬਾਰ ਵਿਚ ਪਰਮਾਤਮਾ ਨਾਲ ਮੇਲ 'ਚੋਂ ਪ੍ਰਾਪਤ ਹੋਏ ਅਨੁਭਵ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ। ਉਸਦਾ ਕਹਿਣਾ ਸੀ, ਜਿਹੜਾ ਉਸ ਦੀ ਸਿੱਖਿਆ 'ਤੇ ਚੱਲੇਗਾ ਉਹਨੂੰ ਪਰਮਾਤਮਾ ਦੇ ਦਰਸ਼ਨ ਹੋ ਜਾਣਗੇ। ਕੁਝ ਚਿਰ ਇਸ ਤਰ੍ਹਾਂ ਗੁਜ਼ਰਿਆ ਤੇ ਫਿਰ ਉਸ ਨੇ ਐਲਾਨ ਕਰ ਦਿੱਤਾ ਕਿ ਉਹ ਖ਼ੁਦ ਹੀ ਸ਼ੰਕਰ ਭਗਵਾਨ ਦਾ ਅਵਤਾਰ ਹੈ... ਉਸਦਾ ਸ਼ਾਖ਼ਸਾਤ ਰੂਪ। ਸ਼ਰਾਬ ਤਾਂ ਉਹ ਪਹਿਲਾਂ ਹੀ ਪੀਂਦਾ ਸੀ...ਆਪਣੇ ਅੰਦਰਲੇ ਸ਼ੰਕਰ ਭਗਵਾਨ ਨੂੰ ਖ਼ੁਸ਼ ਕਰਨ ਲਈ ਉਸ ਨੇ ਹੁਣ ਭੰਗ ਤੇ ਸੁੱਖਾ ਪੀਣਾ ਵੀ ਸ਼ੁਰੂ ਕਰ ਦਿੱਤਾ। ਅਤੇ ਹਰ ਵੇਲੇ ਨਸ਼ੇ ਵਿਚ ਗੁੱਟ ਰਹਿਣ ਲੱਗਾ। ਹੁਣ ਉਹ ਕਦੀ ਨਿਹੰਗ ਬਣ ਜਾਂਦਾ ਤੇ ਹੱਥ ਵਿਚ ਖੰਡਾ ਫੜ ਲੈਂਦਾ। ਕਦੀ ਚਿੱਟੇ ਸਫੈਦ ਦੁਧ ਧੋਤੇ ਕੱਪੜੇ। ਕਦੀ ਸਿਰ 'ਤੇ ਪੱਗ ਤੇ ਕਦੀ ਹਜਾਮਤ ਕਰਾ ਕੇ ਮੌਲਵੀ ਕੱਟ ਦਾੜ੍ਹੀ ਬਣਾ ਲੈਂਦਾ। ਉਹ ਹਰ ਧਰਮ ਦਾ ਆਪਣੇ ਆਪ ਨੂੰ ਪ੍ਰਤੀਨਿਧ ਆਖਦਾ। ਅਖ਼ਬਾਰਾਂ ਵਿਚ ਉਸ ਦੇ ਲੇਖ ਪੜ੍ਹ ਕੇ

ਦੂਰ ਦੂਰ ਤੋਂ ਲੋਕ ਉਸ ਨੂੰ ਚਿੱਠੀਆਂ ਲਿਖਣ ਲੱਗੇ। ਕੀ ਉਹ ਉਹਨਾਂ ਨੂੰ ਪਰਮਾਤਮਾ ਦੇ ਦਰਸ਼ਨ ਕਰਵਾ ਸਕਦਾ ਸੀ ? ਲੋਕ ਆਉਂਦੇ ਅਤੇ ਉਸ ਨੂੰ ਪੁੱਛਦੇ। ਪਤਾ ਨਹੀਂ ਉਹ ਅਖ਼ਬਾਰਾਂ ਵਿਚ ਕੀ ਲਿਖਦਾ ਸੀ... ਕੀ ਸਿੱਖਿਆ ਦਿੰਦਾ ਸੀ। ਪਰ ਬਾਹਰੋਂ ਲੋਕ ਉਸ ਵਲ ਤੁਰੇ ਰਹਿੰਦੇ। ਲੋਕ ਆਉਂਦੇ ਤੇ ਉਸ ਬਾਰੇ ਪੁੱਛਦੇ ਤਾਂ ਪਿੰਡ ਦੇ ਲੋਕ ਅੱਗੋਂ ਹੱਸ ਪੈਂਦੇ। ਆਏ ਲੋਕ ਹੈਰਾਨ ਹੁੰਦੇ... ਪਰ ਚੁੱਪ ਕਰ ਰਹਿੰਦੇ। ਉਂਜ ਪਿੰਡ ਦੇ ਕੁਝ ਅਨਪੜ੍ਹ ਲੋਕ ਵੀ ਉਸ ਦੇ ਗਿਆਨ ਗੋਸ਼ਟ ਦੀਆਂ ਗੱਲਾਂ ਸੁਣ ਕੇ ਉਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਦੇ।

ਮੈਂ ਉਸ ਦੀਆਂ ਧਾਰਮਿਕ ਅਨੁਭਵ ਦੀਆਂ ਗੱਲਾਂ ਕਦੀ ਘੱਟ ਹੀ ਸੁਣੀਆਂ ਸਨ। ਪਰ ਅਚਾਨਕ ਪਰਸੋਂ ਪਿੰਡ ਦੇ ਬਾਜ਼ਾਰ ਵਿਚ ਲੋੜੋਂ ਵੱਧ ਨਸ਼ਈ ਹੋਇਆ ਹਸਰਤ ਮੈਨੂੰ ਮਿਲ ਪਿਆ। ਉਹਦੇ ਹੱਥ ਵਿਚ ਝੋਲਾ ਸੀ, ਜਿਸ ਵਿਚ ਉਸ ਨੇ ਇਕ ਫਾਈਲ ਰੱਖੀ ਹੋਈ ਸੀ। ਉਸ ਫਾਈਲ ਵਿਚ ਉਹਦਾ ਹੁਣ ਤੱਕ ਲਿਖੇ ਧਾਰਮਿਕ ਲੇਖਾਂ, ਕਵਿਤਾਵਾਂ, ਕਹਾਣੀਆਂ ਦਾ ਸੰਗ੍ਰਹਿ ਸੀ। ਉਸ ਨੇ ਮੈਨੂੰ ਵੇਖਿਆ ਤੇ ਬਦੋ ਬਦੀ ਮੇਰੀ ਬਾਂਹ ਫੜ ਲਈ। ਉਹ ਸ਼ਰਾਬੀ ਹੋਇਆ ਝੂਲ ਰਿਹਾ ਸੀ। ਪਿੰਡ ਦੇ ਲੋਕਾਂ ਲਈ ਇਹ ਬੜੀ ਜਾਣੀ ਪਛਾਣੀ ਝਾਕੀ ਸੀ। ਕੋਈ ਹੱਸ ਕੇ, ਕੋਈ ਘੂਰ ਕੇ ਕੋਲੋਂ ਦੀ ਲੰਘ ਰਿਹਾ ਸੀ। ਹਸਰਤ ਨੇ ਮੇਰੇ ਵਲ ਹੱਥ ਕਰਦਿਆਂ ਕਿਹਾ, "ਸ਼ੇਕ ਹੈਂਡ"। ਮੈਂ ਉਸ ਨਾਲ ਹੱਥ ਮਿਲਾਇਆ। ਉਸ ਮੇਰੇ ਨਾਲ ਖੱਬਾ ਹੱਥ ਮਿਲਾਉਂਦਿਆਂ ਕਿਹਾ, "ਭਗਵਾਨ ਕੀ ਜਿਸ ਪਰ ਨਜ਼ਰੇ ਇਨਾਇਤ ਹੋ... ਉਸ ਕੇ ਸਾਥ ਹੀ ਬਾਇਆਂ ਹਾਥ ਮਿਲਾਤੇ ਹੈਂ...ਜਾਓ...ਤੁਮ੍ਹਾਰੇ ਤੀਨ ਲੋਕ ਸੰਵਰ ਗਏ..."

ਫਿਰ ਉਸ ਨੇ ਕੰਬਦੇ ਹੱਥਾਂ ਨਾਲ ਫਾਈਲ ਖੋਲ੍ਹੀ ਤੇ ਮੇਰੇ ਸਾਹਮਣੇ ਫੈਲਾ ਦਿੱਤੀ, "ਦੇਖੋ... ਦੋਸਤ ਯੇਹ ਸਭ ਲੋਗ ਗਧੇ ਹੈਂ...ਯੇਹ ਸ਼ੰਕਰ ਕੋ ਨਹੀਂ ਸਮਝਤੇ ਕਿ ਸ਼ੰਕਰ ਕਿਆ ਹੈ!...ਸ਼ੰਕਰ ਕਿਤਨਾ ਬੜਾ ਰਾਈਟਰ ਹੈ...ਕਿਤਨਾ ਫਿਲਾਸਫ਼ਰ ਹੈ...ਕਿਤਨਾ ਬੜਾ ਮਾਰਕਸਿਟ ਹੈ!...ਕਿਤਨਾ ਬੜਾ ਆਰਟਿਸਟ ਹੈ! ਯੇਹ ਤੋ ਮੁਝੇ ਬਹੁਤ ਬੜਾ ਉਲੂ ਕਾ ਪੱਠਾ ਸਮਝਤੇ ਹੈਂ...ਮੁਝੇ ਥਾਨੇਦਾਰਨੀ ਕਾ ਨਾਲਾਇਕ ਬੇਟਾ ਸਮਝਤੇ ਹੈਂ..." ਉਹ ਦੰਦ ਕਚੀਚ ਕੇ ਹੱਸਣ ਲੱਗਾ।

"...ਇਸੀ ਲੀਏ ਭਗਵਾਨ ਅਬ ਜ਼ਿੰਦਾ ਨਹੀਂ ਰਹੇਗਾ। ਦੋਸਤ...ਭਗਵਾਨ ਅਬ ਜਲਦੀ ਹੀ ਮਰ ਜਾਏਗਾ। ਯੇਹ ਲੋਗ ਅਭੀ ਸਮਝ ਹੀ ਨਹੀਂ ਪਾਏਂਗੇ ਕਿ ਸ਼ੰਕਰ ਕਿਆ ਹੈ ਕਿ ਸ਼ੰਕਰ ਮਰ ਜਾਏਗਾ..." ਤੇ ਫਿਰ ਉਹ ਜਿਵੇਂ ਡਾਢਾ ਹੀ ਨਿਰਾਸ਼ ਹੋ ਗਿਆ ਹੋਵੇ, "ਸ਼ੰਕਰ ਤੋ ਮਰ ਜਾਏਗਾ...ਲੇਕਿਨ ਸ਼ੰਕਰ ਕੀ ਤਾਰੀਖ਼ ਕੌਨ ਲਿਖੇਗਾ ? ਕੌਨ ਮੇਰੇ ਮਰਨੇ ਕੇ ਬਾਦ ਜਾਨੇਗਾ ਕਿ ਸ਼ੰਕਰ ਕਿਤਨਾ ਮਹਾਨ ਥਾ ? ਕੌਨ ਲਿਖੇਗਾ ਮੇਰੀ ਤਾਰੀਖ਼ ?" ਫਿਰ ਉਹ ਮੈਨੂੰ ਸੰਬੋਧਨ ਹੋਇਆ, "ਯਾਰ ਤੁਮ ਲਿਖਨਾ...ਕੋਈ ਨਹੀਂ ਜਾਨ ਸਕਤਾ ਸਾਲਾ ਕਿ ਹਸਰਤ ਕੇ ਮਨ ਮੇਂ ਕਿਤਨੀ ਹਸਰਤੇਂ ਥੀ...ਸਿਰਫ਼ ਤੁਮ ਜਾਨਤੇ ਹੋ... ਅਕੇਲੇ ਤੁਮ...ਤੁਮ ਲਿਖਨਾ ਮੇਰੀ ਤਾਰੀਖ਼ ਮੇਰੇ ਯਾਰ...ਬੋਲੋ ਲਿਖੋਗੇ ਨਾ ? ਬੋਲੋ ਵੀ..."

ਮੇਰੇ ਕੋਲ ਹਾਂ ਕਰਨ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ। ਉਸ ਨੇ ਆਪਣੀ

ਫਾਈਲ ਮੈਨੂੰ ਫੜਾ ਦਿੱਤੀ ਤਾਂ ਕਿ ਮੈਂ ਉਹਦੀਆਂ ਲਿਖਤਾਂ ਵਿਚੋਂ ਉਹਦੀ ਸ਼ਖ਼ਸੀਅਤ ਬਾਰੇ 'ਠੋਸ' ਰਾਇ ਬਣਾ ਸਕਾਂ। ਉਸ ਨੇ ਮੇਰੀ ਬਾਂਹ ਫੜਕੇ ਮੈਨੂੰ ਠੇਕੇ ਵਲ ਧੂਹਣਾ ਸ਼ੁਰੂ ਕਰ ਦਿੱਤਾ। ਏਨੇ ਚਿਰ ਵਿਚ ਹੀ ਉਹਦਾ ਗੱਭਰੂ ਮੁੰਡਾ ਕੋੜੀਆਂ ਅੱਖਾਂ ਨਾਲ ਵੇਖਦਾ ਕੋਲੋਂ ਦੀ ਲੰਘ ਗਿਆ।

"ਦੇਖੋ ਸਾਲਾ ਕੈਸੇ ਦੇਖਤਾ ਹੈ...ਯੇਹ ਸਭੀ ਲੋਗ ਹਮ ਸੇ ਨਾਰਾਜ਼ ਹੈਂ।...ਹਮਾਰੀ ਪਾਰਵਤੀ ਵੀ ਸਾਲੀ ਹਮ ਸੇ ਨਾਰਾਜ਼ ਹੈ। ਯੇਹ ਸਾਲੇ ਕਹਿਤੇ ਹੈਂ ਇਨ ਕੀ ਟਾਂਗੇਂ ਪੇ ਆਸਮਾਂ ਖੜਾ ਹੈ।...ਔਰ ਸ਼ੰਕਰ ਭਗਵਾਨ ਨਿਕੰਮਾ ਹੈ...ਹੱਤ ਤੇਰੇ ਦੀ...ਚੱਲ ਯਾਰ ਤੂ ਪੀ...ਛੋੜ ਇਨ ਸਾਲੋਂ ਕੋ...ਆਜ ਪੀ ਲੇ...ਨਹੀਂ ਤੋ ਸ਼ੰਕਰ ਮਰ ਜਾਏਗਾ। ਆਜ ਹੀ ਮਰ ਜਾਏਗਾ...ਅਗਰ ਆਜ ਨਾ ਮਰਾ ਤੋ ਫਿਰ ਕੱਲ੍ਹ ਮਰ ਜਾਏਗਾ" ਤੇ ਉਹ ਇਕ ਦਮ ਨਾਹਰਾ ਲਾਉਣ ਵਾਲਿਆਂ ਵਾਂਗ ਦੋਹਵੇਂ ਬਾਹਵਾਂ ਫੈਲਾ ਕੇ ਖੜੋ ਗਿਆ, "ਮੈਂ ਮਰੂੰਗਾ... ਜ਼ਰੂਰ ਮਰੂੰਗਾ...ਮਰੂੰਗਾ ਕੁੱਤੇ ਕੀ ਮੌਤ...ਲੇਕਿਨ ਫਿੱਲਾ ਰੰਗਾ ਬਨ ਜਾਊਂਗਾ..."

ਮੈਂ ਮਸਾਂ ਹੀ ਉਸ ਤੋਂ ਖਹਿੜਾ ਛੁਡਾ ਕੇ ਘਰ ਆਇਆ। ਪਰ ਉਹ ਕਲ੍ਹ ਵੀ ਮੇਰੇ ਪਿਛੋਂ ਘਰ ਆ ਵੜਿਆ ਸੀ ਤੇ ਅੱਜ ਫੇਰ... ਉਹ ਮਰਨ ਪਿੱਛੋਂ ਮੇਰੇ ਰਾਹੀਂ ਆਪਣਾ ਇਤਿਹਾਸ ਲਿਖਾਉਣ ਲਈ ਬਜ਼ਿਦ ਸੀ।

ਚਾਹ ਲੈ ਜਾਣ ਲਈ ਮੇਰੀ ਪਤਨੀ ਨੇ ਰਸੋਈ ਵਿਚੋਂ ਆਵਾਜ਼ ਦਿੱਤੀ। ਮੈਂ ਉਠਿਆ ਤਾਂ ਹਸਰਤ ਨੇ ਮੇਰੀ ਬਾਂਹ ਫੜ ਕੇ ਰੋਕ ਲਿਆ, "ਠਹਿਰੋ ਦੋਸਤ! ਤੁਮ ਨਹੀਂ ਜਾ ਸਕਤੇ।...ਤੁਮ ਚਾਇ ਨਹੀਂ ਲਾ ਸਕਤੇ...ਤੁਮ ਕੁਛ ਭੀ ਨਹੀਂ ਲਾ ਸਕਤੇ...ਤੁਮ ਕੁਛ ਭੀ ਨਹੀਂ ਲਾ ਸਕਤੇ...ਤੁਮ ਸੁਰਖ਼ ਇਨਕਲਾਬ ਭੀ ਨਹੀਂ ਲਾ ਸਕਤੇ..." ਉਹ ਜ਼ਿਆਦਾ ਨਸ਼ਈ ਹੋ ਗਿਆ ਲਗਦਾ ਸੀ।

"ਤੋ ਕੌਨ ਲਾਏਗਾ ਸੁਰਖ਼ ਇਨਕਲਾਬ?" ਉਸ ਨੇ ਛੱਤ ਵੱਲ ਘੂਰਦਿਆਂ ਉੱਚੀ ਆਵਾਜ਼ ਵਿਚ ਕਿਹਾ, ਜਿਵੇਂ ਮਸਾਣ ਕੱਢਣ ਵਾਲੇ ਬੋਲਦੇ ਹਨ।

"ਕੌਨ ਲਾਏਗਾ ਸੁਰਖ਼ ਇਨਕਲਾਬ...? ਮੈਂ ਲਾਊਂਗਾ ਸੁਰਖ਼ ਇਨਕਲਾਬ" ਉਸਨੇ ਮਰਦਾਵੀਂ ਸ਼ਕਤੀ ਵਿਖਾਉਂਦੇ ਇਸ਼ਤਿਹਾਰਾਂ ਵਾਂਗ ਮੁੱਕਾ ਵੱਟ ਕੇ ਬਾਂਹ ਖੜੀ ਕੀਤੀ।

"ਮੈਂ ਲਾਊਂਗਾ ਸੁਰਖ਼ ਇਨਕਲਾਬ..." ਉਹ ਉਠਿਆ ਤੇ ਤਣ ਕੇ ਖੜੋ ਗਿਆ, "ਸਭ ਤਹਿਸ ਨਹਿਸ ਕਰ ਦੂੰਗਾ...ਸ਼ੰਕਰ ਭਗਵਾਨ ਸਭ ਭਸਮ ਕਰ ਦੇਗਾ...ਮੈਂ ਅਕੇਲਾ ਹੀ ਲਾਊਂਗਾ ਸੁਰਖ਼ ਇਨਕਲਾਬ...ਅਕੇਲਾ ਹੀ.." ਤੇ ਫਿਰ ਉਹ ਇਕ ਦਮ ਸੋਫ਼ੇ 'ਤੇ ਢਹਿ ਪਿਆ। ਉਹਦਾ ਤਣਿਆ ਜੁੱਸਾ ਢਿੱਲਾ ਹੋ ਗਿਆ ਤੇ ਉਹ ਬਿਲਕੁਲ ਮਾਸੂਮ ਬੱਚਿਆਂ ਵਰਗਾ ਮੂੰਹ ਬਣਾ ਕੇ ਬੋਲਿਆ, "ਲੇਕਿਨ ਮੈਂ ਅਕੇਲਾ ਕੈਸੇ ਲਾ ਸਕਤਾ ਹੂੰ...ਮਿਰੇ ਯਾਰ। ਮੈਂ ਅਕੇਲਾ ਕੈਸੇ ਲਾ ਸਕਤਾ ਹੂੰ..." ਤੇ ਨਿਰਾਸ਼ਾ ਵਿਚ ਬੈਠਾ ਉਹ ਨਾਂਹ ਵਿਚ ਸਿਰ ਹਿਲਾਈ ਜਾਣ ਲੱਗਾ।

ਮੈਂ ਉੱਠ ਕੇ ਚਾਹ ਲੈ ਆਇਆ। ਉਹ ਅਜੇ ਉਸ ਤਰ੍ਹਾਂ ਹੀ ਸਿਰ ਹਿਲਾਈ ਜਾ ਰਿਹਾ ਸੀ। ਮੈਂ ਚਾਹ ਰੱਖ ਦਿੱਤੀ। ਮੇਰੀ ਪਤਨੀ ਅਜੇ ਰਸੋਈ ਵਿਚ ਭਾਂਡੇ ਹੀ ਸਾਂਭ ਰਹੀ ਸੀ ਕਿ ਮੇਰਾ ਛੋਟਾ ਬੱਚਾ ਜੋ ਪੰਘੂੜੇ ਵਿਚ ਸੁੱਤਾ ਸੀ, ਜਾਗ ਪਿਆ ਅਤੇ ਰੋਣ ਲੱਗਾ।

ਉਸਦੀ ਆਵਾਜ਼ ਸੁਣ ਕੇ ਹਸਰਤ ਨੇ ਇਕ ਦਮ ਕੰਨ ਖੜੇ ਕਰ ਲਏ ।

"ਜਾਓ ! ਉਸ ਨੰਨ੍ਹੇ ਬੇਟੇ ਕੋ ਉਠਾ ਕਰ ਲਾਓ...ਜਾਓ...ਹਮ ਹੁਕਮ ਦੇਤਾ ਹੈ..." ਹਸਰਤ ਨੇ ਮੈਨੂੰ ਕਿਹਾ । ਮੈਂ ਬੱਚੇ ਨੂੰ ਪੰਘੂੜੇ 'ਚੋਂ ਉਠਾ ਕੇ ਕੁੱਛੜ ਚੁੱਕ ਲਿਆ ।

"ਲਾਓ ! ਇਸ ਕੋ ਮੁਝੇ ਪਕੜਾ ਦੋ... ਲਾਓ...ਲਾਓ..." ਉਸ ਮੁੜੀਆਂ ਉਂਗਲਾਂ ਵਾਲੇ ਕੰਬਦੇ ਹੱਥਾਂ ਨਾਲ ਮੁੰਡਾ ਮੇਰੇ ਤੋਂ ਫੜ ਲਿਆ । ਉਸਨੇ ਬੱਚੇ ਦਾ ਮੂੰਹ ਆਪਣੀ ਲੰਮੀ ਦਾੜ੍ਹੀ ਦੇ ਨੇੜੇ ਕਰਕੇ ਉਸਨੂੰ ਆਪਣੇ ਵੱਲ ਸਿੱਧਾ ਕਰ ਲਿਆ । ਜਿਉਂ ਹੀ ਬੱਚੇ ਨੇ ਉਸ ਵਲ ਅੱਖਾਂ ਕੀਤੀਆਂ, ਹਸਰਤ ਨੇ ਇਕਦਮ ਤ੍ਰਭਕ ਕੇ ਅੱਖਾਂ ਮੀਚ ਲਈਆਂ ।

"ਨਾ...ਨਾ...ਨਾ..." ਉਸ ਜ਼ੋਰ ਦੀ ਸਿਰ ਹਿਲਾਇਆ "ਬੇਟੇ ਮੈਂ ਆਪ ਸੇ ਆਂਖ ਨਹੀਂ ਮਿਲਾ ਸਕਤਾ...ਅਰੇ ਮੈਂ ਤੋ ਸਾਲਾ ਢੋਂਗੀ ਭਗਵਾਨ ਹੂੰ...ਸਾਲਾ ਸਾਰੀ ਉਮਰ ਬਕਵਾਸ ਕਰਤਾ ਰਹਾ...ਅਸਲ ਭਗਵਾਨ ਤੋ ਤੁਮ ਹੋ...ਮੈਂ ਤੋ ਸਾਲਾ ਬਕਵਾਸ ਭਗਵਾਨ ਹੂੰ" ਉਸ ਅੱਖਾਂ ਮੀਚੀਆਂ ਹੋਈਆਂ ਸਨ ਤੇ ਬੋਲੀ ਜਾ ਰਿਹਾ ਸੀ, "ਭਗਵਾਨ ਕਿਆ...ਮੈਂ ਤੋ ਅਦਨਾ ਇਨਸਾਨ ਹੂੰ...ਅਰੇ ਮੈਂ ਤੋਂ ਕੁਛ ਭੀ ਨਹੀਂ ਹੂੰ...ਮੈਂ ਤੋ ਕੁਛ ਭੀ ਨਹੀਂ ਹੂ... ਤੁਮ ਮੇਰੀ ਤਾਰੀਖ਼ ਮਤ ਲਿਖਨਾ ਮਿਰੇ ਯਾਰ...ਮੈਂ ਤੋ ਕੁਛ ਭੀ ਨਹੀਂ...ਤੁਮ ਮੇਰੀ ਤਾਰੀਖ਼ ਮਤ ਲਿਖਨਾ..." ਉਹ ਅੱਖਾਂ ਖੋਲ੍ਹ ਕੇ ਮੈਨੂੰ ਸੰਬੋਧਨ ਹੋਇਆ । ਫਿਰ ਇਕ ਦਮ ਅੱਖਾਂ ਮੀਚ ਬੱਚੇ ਨੂੰ ਕਹਿਣ ਲੱਗਾ, "ਤੁਮ ਤਾਰੀਖ਼ ਬਨਾਨਾ ਮੇਰੇ ਬੇਟੇ...ਮੈਂ ਆਪ ਸੇ ਆਂਖ ਨਹੀਂ ਮਿਲਾ ਸਕਤਾ ਹੂੰ... ਮੈਂ ਬਹੁਤ ਸ਼ਰਮਿੰਦਾ ਹੂੰ...ਮੈਂ ਆਪ ਸੇ ਆਂਖ ਨਹੀਂ ਮਿਲਾ ਸਕਤਾ ਮਿਰੇ ਭਗਵਾਨ..." ਉਹ ਨਾਂਹ ਵਿਚ ਸਿਰ ਹਿਲਾਈ ਜਾ ਰਿਹਾ ਸੀ ਤੇ ਉਸਦੀਆਂ ਅੱਖਾਂ ਵਿਚੋਂ ਮੋਟੇ ਮੋਟੇ ਅੱਥਰੂ ਕਿਰ ਕੇ ਉਸ ਦੀਆਂ ਮੋਲਵੀ ਕੱਟ ਮੁੱਛਾਂ ਵਿਚ ਡਿਗ ਰਹੇ ਸਨ । o

[ਪਿੰਡ ਤੇ ਡਾਕਘਰ : ਸੁਰ ਸਿੰਘ, ਜ਼ਿਲਾ ਅੰਮ੍ਰਿਤਸਰ]

ਨ੍ਰਿਪਇੰਦ੍ਰ ਐਸ. ਰਤਨ

## ਫ਼੍ਰਸਟਰੇਸ਼ਨ

ਉਸ ਸ਼ਾਮ ਸ਼ਹੀਦ ਮਿਨਾਰ ਕੋਲ ਜਨ-ਨਾਇਕ ਨੇ ਤਕਰੀਰ ਕਰਨੀ ਸੀ ਤੇ ਕਿਰਨ ਇਕ ਅਜੀਬ ਉਤਸੁਕਤਾ ਲੈ ਕੇ ਜਨ-ਨਾਇਕ ਦਾ ਭਾਸ਼ਣ ਸੁਣਨ ਤੁਰ ਪਿਆ। ਅਖਬਾਰਾਂ ਕਹਿੰਦੀਆਂ ਸਨ ਕਿ ਜਲਦੀ ਹੀ ਜਨ-ਨਾਇਕ ਬਿਹਾਰ ਅਤੇ ਸਾਰੇ ਮੁਲਕ ਵਿਚ ਇਨਕਲਾਬ ਦੀ ਆਮਦ ਦਾ ਉਦਘਾਟਨ ਕਰਨ ਵਾਲਾ ਸੀ ਤੇ ਇਹੋ ਨਵੇਂ ਕਿਸਮ ਨਾਲ ਆਣ ਵਾਲੇ ਇਨਕਲਾਬ ਦੀ ਸਦਾ ਸੁਣਨ ਲਈ ਹੀ ਕਿਰਨ ਵੀ ਉਸ ਜਲਸੇ ਵਿਚ ਪੁੱਜਾ ਜਿੱਥੇ ਰੰਗ-ਬਿਰੰਗੇ ਝੰਡੇ ਰੰਗ-ਬਿਰੰਗੀ ਬਗਾਵਤ ਦੇ ਸਵਾਗਤ ਵਿਚ ਝੂਲ ਰਹੇ ਸਨ। ਅਜੀਬ ਦ੍ਰਿਸ਼ ਸੀ। ਸਟੇਜ ਓਹੋ ਸੀ, ਸਟੇਜ ਦੀ ਬਣਤਰ ਵੀ ਉਹੋ ਸੀ। ਸਿਰਫ ਝੰਡਿਆ ਦੇ ਰੰਗ ਅਤੇ ਸਟੇਜ ਦੀ ਸਜਾਵਟ ਤੇ ਕਪੜਿਆਂ ਦੇ ਰੰਗ ਬਦਲ ਗਏ ਸਨ। ਪਿਛਲੀ ਸ਼ਾਮ ਸਾਰੀ ਸਟੇਜ ਅਤੇ ਉਸਦਾ ਸਾਰਾ ਆਲਾ ਦੁਵਾਲਾ ਲਾਲੋ ਲਾਲ ਸੀ ਤੇ ਉਸ ਤੋਂ ਪਹਿਲੀ ਸ਼ਾਮ ਉਹੋ ਸਟੇਜ ਅਤੇ ਉਸਦਾ ਉਹੋ ਆਲਾ ਦੁਵਾਲਾ ਤਿਰੰਗਿਆਂ ਨਾਲ ਭਰਿਆ ਪਿਆ ਸੀ। ਕਿਰਨ ਸੋਚ ਰਿਹਾ ਸੀ ਕਿ ਇਹ ਕਿਹੋ ਜਿਹਾ ਮੁਲਕ ਹੈ? ਇਹ ਕੈਸੇ ਲੋਕ ਹਨ? ਇਹ ਕਿਹੋ ਜਿਹੇ ਲੀਡਰ ਹਨ? ਪਰਸੋਂ ਇਕ ਪਾਰਟੀ ਇਨਕਲਾਬ ਦਾ ਨਾਹਰਾ ਲਗਾ ਰਹੀ ਸੀ, ਕੱਲ ਦੂਸਰੀ ਪਾਰਟੀ ਗਲਾ ਫਾੜ ਰਹੀ ਸੀ ਤੇ ਅੱਜ ਜਨ-ਨਾਇਕ ਤੇ ਉਸਦੇ ਸਾਥੀ ਬਗਾਵਤ ਦੀਆਂ ਗੱਲਾਂ ਕਰ ਰਹੇ ਹਨ? ਇਹ ਕੈਸੀ ਬਗਾਵਤ ਦਾ ਸੱਦਾ ਹੈ? ਕਿਸ ਦੇ ਵਿਰੁਧ? ਕੌਣ ਕਰੇਗਾ? ਸਾਰੇ ਹੀ ਇਕੋ ਜਿਹੇ ਹਨ—ਇਸ ਸਟੇਜ ਵਰਗੇ। ਸਿਰਫ ਰੰਗ ਹੀ ਬਦਲਦੇ ਹਨ ਰੋਜ਼ ਰੋਜ਼।

ਅਚਾਨਕ ਤੇਜ਼ ਹਵਾ ਚੱਲਣ ਲੱਗੀ, ਬੱਦਲ ਘਿਰ ਘਿਰ ਆ ਗਏ, ਬਿਜਲੀ ਲਿਸ਼ਕਣ ਲੱਗੀ। ਜਨ-ਨਾਇਕ ਹੌਲੀ ਹੌਲੀ, ਮਰੀ ਮਰੀ ਆਵਾਜ਼ ਵਿਚ ਆਪਣੀਆਂ ਸ਼ਕਾਇਤਾਂ ਦਾ ਚਿੱਠਾ ਸੁਣਾ ਰਿਹਾ ਸੀ। ਕਿਰਨ ਦਾ ਹੱਥ ਬੇਧਿਆਨੇ ਹੀ ਪੈਂਟ ਦੇ ਸੱਜੇ ਖੀਸੇ ਵਿਚ ਚਲਾ ਗਿਆ ਤੇ ਪਸਤੌਲ ਦਾ ਹੱਥਾ ਉਸ ਘੁੱਟ ਕੇ ਫੜ ਲਿਆ। ਪਤਾ ਨਹੀਂ ਕਿਉਂ ਉਹ ਆਪਣੀ ਰਿਵਾਲਰ ਵਿਚ ਪੂਰੀਆਂ ਦੀਆਂ ਪੂਰੀਆਂ ਛੇ ਗੋਲੀਆਂ ਭਰ ਕੇ ਤੇ ਰਿਵਾਲਵਰ ਖੀਸੇ ਵਿਚ ਪਾ ਕੇ ਬਾਹਰ ਆਇਆ ਸੀ? ਸ਼ਾਇਦ ਉਸ ਸੋਚਿਆ ਸੀ ਕਿ ਕ੍ਰਾਂਤੀ ਦਾ ਬਿਗਲ ਵੱਜਣਾ ਹੈ ਤੇ ਮੁੜ ਕੇ ਵਾਪਸ ਆ ਕੇ ਹਥਿਆਰ ਚੁੱਕਣ ਤੱਕ ਉਹ ਕ੍ਰਾਂਤੀ ਦੇ ਸਵਾਗਤ ਤੋਂ ਖੁੰਝ ਜਾਵੇਗਾ। ਤਾਂ ਹੀ ਸ਼ਾਇਦ ਉਹ ਆਪਣੀ ਰਿਵਾਲਵਰ ਨਾਲ ਲੈ ਗਿਆ ਸੀ, ਬਗਾਵਤ ਦੇ ਸਵਾਗਤ ਵਜੋਂ ਆਤਿਸ਼ਬਾਜ਼ੀ ਕਰਨ ਲਈ। "ਪਰ ਇਹ ਕੈਸਾ ਸੱਦਾ ਹੈ? ਇਹ ਕੈਸੀ ਬਗਾਵਤ ਹੈ? ਨੇਤਾ ਦੀ ਆਵਾਜ਼ ਤਾਂ ਇੰਝ ਕੰਬ ਰਹੀ ਹੈ ਜਿਵੇਂ ਤੇਜ਼ ਹਨੇਰੀ ਵਿਚ ਮੋਮਬੱਤੀ ਦੀ ਲਾਟ ਹੋਵੇ। ਬਗਾਵਤ ਦਾ ਸੱਦਾ ਇੰਝ ਹੁੰਦਾ ਹੈ? ਕ੍ਰਾਂਤੀ ਦੀ ਗਰਜ ਇਹੋ ਜਿਹੀ ਹੁੰਦੀ ਹੈ?" ਤੇ ਫਿਰ ਇਕ ਵਿਸ਼ੈਲੀ ਮੁਸਕਾਨ ਕਿਰਨ ਦੇ ਹੋਠਾਂ 'ਤੇ ਆ ਗਈ।

ਉਸ ਘੁੱਟ ਕੇ ਰਿਵਾਲਵਰ ਦੇ ਦਸਤੇ ਨੂੰ ਫਿਰ ਹੱਥ ਪਾਇਆ, ਉਸ ਦੀ ਛੋਹ ਲਈ, ਮੂੰਹ ਭਰ ਕੇ ਥੁੱਕ ਜ਼ਮੀਨ 'ਤੇ ਸੁੱਟਿਆ ਤੇ ਆਪਣੇ ਆਪ ਨੂੰ ਇਹ ਕਹਿੰਦਾ ਹੋਇਆ ਕਿ, "ਬਗਾਵਤ ਦੀ ਆਵਾਜ਼ ਬੁਲੰਦ ਕਰਨ ਲਈ ਸੀਨੇ ਵਿਚ ਦੋਜ਼ਖ ਦੀ ਅੱਗ ਜਿੰਨਾ ਤਾਪ ਚਾਹੀਦਾ ਹੈ। ਉਸ ਭੱਠੀ ਨੂੰ ਬਲਦੀ ਰੱਖਣ ਲਈ ਲਹੂ ਦੀਆਂ ਨਦੀਆਂ ਦਾ ਬਾਲਣ ਲੋੜੀਦੈ ਤਾਂ ਬਗਾਵਤ ਨੂੰ ਸੱਦਾ ਦਿੱਤਾ ਜਾ ਸਕਦਾ ਹੈ, ਇੰਝ ਮਰੀ ਹੋਈ ਆਵਾਜ਼ ਵਿਚ ਨਹੀਂ," ਉਹ ਗਰੈਂਡ ਹੋਟਲ ਵਲ ਦੇ ਪਾਸੇ ਨੂੰ ਤੁਰ ਪਿਆ।

ਉਸ ਪਾਸੇ ਵਲ ਭੀੜ ਦਾ ਅੰਤ ਨਹੀਂ ਸੀ। ਦੁਕਾਨਾਂ ਦੀ ਸਜਾਵਟ, ਉਨ੍ਹਾਂ ਦੇ ਅੰਦਰੋਂ ਬਾਹਵਾਂ ਭਰ ਭਰ ਮਾਲ ਖਰੀਦ ਕੇ ਲਈ ਆਂਦੀ ਜਨਤਾ ਦੀਆਂ ਲਹਿਰਾਂ ਦੇ ਸਾਹਮਣੇ ਨਾ ਤਾਂ ਨਜ਼ਰਾਂ ਟਿਕਦੀਆਂ ਸਨ ਤੇ ਨਾ ਹੀ ਪੈਰ। ਕਿਰਨ ਕੁਛ ਮਿੰਟ ਪਹਿਲਾਂ ਵਾਲੇ ਉਬਾਲ ਨੂੰ ਭੁੱਲ ਗਿਆ ਤੇ ਇਸੇ ਰੰਗੀਨੀਆਂ ਦੇ ਸਾਗਰ ਵਿਚ ਕਾਗਜ਼ ਦੀ ਕਿਸ਼ਤੀ ਵਾਂਗ ਡੋਲਣ ਲੱਗ ਪਿਆ। ਪਰ ਅਚਾਨਕ ਉਸ ਦੇ ਪੈਰ ਰੁਕ ਗਏ। ਬਾਟਾ ਦੀ ਦੁਕਾਨ ਦੇ ਬਾਹਰ ਇਕ ਪੰਝੀ ਤੀਹ ਸਾਲ ਦੀ ਅੱਧ-ਮਰੀ, ਹੱਡੀਆਂ ਦੀ ਮੁੱਠ ਔਰਤ ਬੈਠੀ ਸੀ। ਸਾਰਾ ਸਰੀਰ ਉਸ ਦਾ ਨੰਗਾ ਸਿਵਾਏ ਤੇੜ ਇਕ ਪਾਟੀ ਲੁੰਗੀ ਦੇ ਤੇ ਉਸ ਦੀਆਂ ਦੋਨੋਂ ਨਿਰਜਿੰਦ ਛਾਤੀਆਂ ਨੂੰ ਦੋ ਹੱਡੀਆਂ ਦੇ ਛੋਟੇ ਢਾਂਚੇ ਆਪਣੇ ਛੋਟੇ ਛੋਟੇ ਹੱਥਾਂ ਨਾਲ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਦੋਨੋਂ ਬੱਚੇ ਇੰਝ ਮਾਂ ਦੀਆਂ ਮਰੇ ਮਾਸ ਦੀਆਂ ਛਾਤੀਆਂ ਨੂੰ ਚੁੰਘ ਰਹੇ ਸਨ ਜਿਵੇਂ ਕਤੂਰੇ ਹੱਡੀਆਂ ਚੂਸ ਰਹੇ ਹੋਣ ਤੇ ਉਨ੍ਹਾਂ ਦੇ ਕੋਲ ਹੀ ਇਕ ਪੰਜ ਕੁ ਸਾਲ ਦਾ ਤੀਜਾ ਬੱਚਾ ਨਿਢਾਲ ਲੰਮਾ ਪਿਆ ਸੀ। ਔਰਤ ਦੇ ਵਾਲ ਖਿਲਰੇ ਹੋਏ, ਮੂੰਹ ਦੀਆਂ ਹੜਬਾਂ ਨਿਕਲੀਆਂ, ਅੱਖਾਂ ਰੋ ਰੋ ਕੇ ਜਾਂ ਉਂਝ ਹੀ ਸੁੱਜ ਕੇ ਭੜੋਲਾ ਹੋਈਆਂ ਪਈਆਂ ਤੇ ਉਹ ਤਰਲੇ ਲੈ ਲੈ ਕੇ ਇਕ ਇਕ ਪੈਸਾ ਮੰਗ ਰਹੀ ਸੀ। ਉਸ ਦੇ ਆਸੇ ਪਾਸੇ ਕੁਛ ਲੋਕ ਖੜੇ ਭੈ-ਭੀਤ ਅਤੇ ਤਰਸ ਯੋਗ ਨਜ਼ਰਾਂ ਨਾਲ ਦੇਖ ਰਹੇ ਸਨ। ਕੋਈ ਕੋਈ 'ਡਰਪੋਕ' ਅਤੇ 'ਰਹਿਮ ਦਿਲ' ਲੰਘਦੇ ਜਾਂਦੇ ਬੰਦੇ ਪੰਜ ਪੈਸੇ ਦਸ ਪੈਸੇ ਸੁੱਟ ਜਾਂਦੇ ਸਨ। ਪਰ ਬਾਕੀ ਸਾਰੇ ਆਪਣੀ ਮਸਤੀ ਵਿਚ ਮਸਤ, ਆਪਣੇ ਰੰਗ ਵਿਚ ਰੰਗੇ, ਘਿਰਨਾ ਨਾਲ ਉਨ੍ਹਾਂ ਜ਼ਿੰਦਾ ਲੋਥਾਂ ਨੂੰ ਦੇਖਦੇ ਤੇ ਅਗਾਂਹ ਤੁਰ ਜਾਂਦੇ।

ਕਿਰਨ ਠਠੰਬਰ ਗਿਆ। ਰੁੱਕ ਕੇ, ਬੜੇ ਗਹੁ ਨਾਲ ਉਸ ਨੇ ਮਾਂ ਅਤੇ ਬੱਚਿਆਂ ਨੂੰ ਦੇਖਿਆ। ਉਸ ਦੇ ਦਿਲ ਵਿਚ ਹੌਲ ਉਠਿਆ, ਉਸਦਾ ਗੱਚ ਭਰ ਗਿਆ ਤੇ ਉਹ ਫਿਰ ਅਗਾਂਹ ਤੁਰ ਪਿਆ, ਰਿਟਜ਼ ਹੋਟਲ ਵਲ। ਪਰ ਉਸ ਦੇ ਪੈਰ ਨਹੀਂ ਸਨ ਉੱਠਦੇ ਪਏ, ਨਜ਼ਰਾਂ ਅੱਗੋਂ ਉਹ ਗਰੀਬੀ ਦੇ ਨੰਗੇ ਨਾਚ ਦਾ ਦ੍ਰਿਸ਼ ਨਹੀਂ ਸੀ ਟਲਦਾ ਪਿਆ। ਉਹ ਫਿਰ ਵਾਪਸ ਮੁੜਿਆ, ਕੋਲ ਆਇਆ, ਰੁਕਿਆ। ਉਸਦਾ ਸੱਜਾ ਹੱਥ ਪੈਂਟ ਦੀ ਪਿਛਲੀ ਪਾਕਟ ਵਲ ਗਿਆ, ਪਰ ਫਿਰ ਰੁਕ ਗਿਆ। ਪਤਾ ਨਹੀਂ ਕੀ ਸੋਚ ਕੇ ਉਹ ਫਿਰ ਅਗਾਂਹ ਤੁਰ ਪਿਆ, ਗਰੈਂਡ ਹੋਟਲ ਵਲ। ਉਸ ਦੇ ਦਿਲੋ-ਦਿਮਾਗ ਵਿਚ ਤੂਫਾਨ ਉੱਠ ਰਹੇ ਸਨ। "ਇਨ੍ਹਾਂ ਨੂੰ ਰੋਟੀ ਖੁਆ ਦੇਵਾਂ ਭਰ ਪੇਟ? ਜਾਂ ਦਸ ਰੁਪਏ ਦੇ ਦੇਵਾਂ?" ਪਰ ਨਾਲ ਹੀ ਆਪਣੇ ਆਪ ਨੂੰ ਪ੍ਰਸ਼ਨ ਕਰਨ ਲੱਗ ਪਿਆ, "ਫਿਰ ਕੀ ਹੋਵੇਗਾ? ਅੱਜ ਰੋਟੀ ਖੁਆ ਦੇਵੇਗਾ, ਸਵੇਰੇ ਕੀ ਹੋਵੇਗਾ? ਪੈਸੇ ਦੇ ਦੇਵਾਂ ਇਸ ਟੱਬਰ ਨੂੰ, ਪਰ ਤਾਂ ਕੀ ਬਣੇਗਾ? ਉਨ੍ਹਾਂ

ਦਾ ਕੀ ਹੋਵੇਗਾ ਜਿਨ੍ਹਾਂ ਨੂੰ ਤੂੰ ਦੇਖਿਆ ਨਹੀਂ ? ਇਹ ਤਾਂ ਹੱਲ ਨਹੀਂ । ਇੰਝ ਤੇ ਸਮੱਸਿਆ ਹੱਲ ਨਹੀਂ ਹੋ ਸਕਦੀ ?" ਉਸ ਦਾ ਜੀਅ ਕਰੇ ਉਹ ਚੀਕ ਚੀਕ ਕੇ ਪੁੱਛੇ ਕਿ, "ਉਹ ਕਿੱਥੇ ਨੇ ਸਾਰੇ ਮਾਂ ਦੇ ਖਸਮ ਜੋ ਗਲਾ ਪਾੜ ਪਾੜ ਕੇ, ਚੀਕਾਂ ਮਾਰ ਮਾਰ ਕੇ ਗਰੀਬੀ ਹਟਾਉਣ ਦੇ, ਭੁੱਖ ਮਿਟਾਉਣ ਦੇ ਦਾਹਵੇ ਕਰਦੇ ਹਨ ? ਜੋ ਗਰੀਬਾਂ ਦੇ ਨਾਂ ਵਿਚ ਬਗਾਵਤ ਦੇ ਸੱਦੇ ਦਿੰਦੇ ਹਨ ? ਸਭ ਬਦਮਾਸ਼ ਹਨ, ਸਭ ਸਿਰਫ ਗੱਦੀ ਦੇ ਭੁੱਖੇ ? ਕਿਸੇ ਤੁਖਮ ਨੂੰ ਗਰੀਬੀ ਦਾ ਪਤਾ ਨਹੀਂ, ਗਰੀਬ ਦਾ ਪਤਾ ਨਹੀਂ । ਸਭ ਗਰੀਬ ਦੀ ਦੁਹਾਈ ਦੇ ਕੇ, ਉਨ੍ਹਾਂ ਦੇ ਪਿੰਜਰ ਅਤੇ ਹੱਡੀਆਂ ਨੂੰ ਚੂਨਾ ਗਾਰਾ ਬਣਾ ਕੇ ਆਪਣੇ ਮਹੱਲ ਬਣਾਉਣ ਦੇ ਸੁਪਨੇ ਲੈਂਦੇ ਪਏ ਹਨ ।"

ਐਨੇ ਵਿਚ ਬਾਟਾ ਦੀ ਦੁਕਾਨ 'ਚੋਂ ਇਕ ਜੋੜੀ ਨਿਕਲੀ, ਨਵ-ਵਿਆਹੀ ਜੋੜੀ । ਲੜਕੀ ਨੇ ਬੜੀ ਹੀ ਕੀਮਤੀ ਜਾਮਨੂੰ ਰੰਗ ਉਤੇ ਤਿੱਲੇ ਦੇ ਕੰਮ ਦੀ ਸਾਹੜੀ ਪਾਈ ਹੋਈ । ਦੋਨੋਂ ਬਾਹਵਾਂ ਅੱਧ ਅੱਧ ਗਿੱਠ ਤੱਕ ਸੋਨੇ ਦੀਆਂ ਚੂੜੀਆਂ ਨਾਲ ਭਰੀਆਂ, ਬੜਾ ਹੀ ਉੱਚਾ ਸਲੀਵਲੈੱਸ ਬਲਾਊਜ਼, ਗਲੇ ਵਿਚ ਮੋਟਾ ਤਗੜਾ ਹਾਰ, ਕੰਨਾਂ ਵਿਚ 'ਹਰੇ ਰਾਮ' ਕਿਸਮ ਵਾਲੀਆਂ ਤੇ ਨੱਕ ਵਿਚ ਲਿਸ਼ਕਾਂ ਮਾਰਦਾ ਨਗ । ਉਸਦੇ ਪਤੀ ਨੇ ਵੀ ਫਸਟ ਕਲਾਸ, ਡਬਲ ਬ੍ਰੈਸਟਿਡ ਸੂਟ ਪਾਇਆ ਹੋਇਆ, ਚੌੜੀ ਨੈਕਟਾਈ ਲਾਈ, ਬ੍ਰਿਲਕ੍ਰੀਮ ਦੇ ਹੀਰੋ ਵਾਂਗ ਵਾਲ ਬਣਾਏ ਹੋਏ ਤੇ ਆਪਣੀ "ਮਲੂਕੜੀ" ਦਾ ਹੱਥ ਮਟਕ ਨਾਲ ਫੜਿਆ ਹੋਇਆ । ਮਗਰ ਮਗਰ ਦੁਕਾਨ ਦਾ ਨੌਕਰ ਸੱਤ ਅੱਠ ਡੱਬੇ ਜੁੱਤੀਆ ਦੇ ਚੁੱਕੀ ਆ ਰਿਹਾ । ਅਚਾਨਕ ਉਸ ਨਾਜ਼ਨੀਨ ਦੀ ਨਜ਼ਰ ਨੰਗੀ ਮਾਂ ਤੇ ਉਸਦੇ ਬੱਚਿਆਂ ਵੱਲ ਗਈ । "ਉਹ । ਹਾਓ ਹਾਰੀਬਲ," ਉਸ ਕਿਹਾ, ਨੱਕ ਸਕੋੜਿਆ, ਦੋਨੋਂ ਹੱਥਾਂ ਨਾਲ ਆਪਣੇ ਪਤੀ ਦੀ ਬਾਂਹ ਫੜੀ ਤੇ ਨਾਲ ਜੁੜਕੇ ਮੂੰਹ ਪਰ੍ਹਾਂ ਕਰ ਲਿਆ । ਮੁੰਡੇ ਨੇ ਭੈੜਾ ਜਿਹਾ ਮੂੰਹ ਬਣਾਇਆ ਤੇ ਕਹਿਣ ਲੱਗਾ, "ਵਾਟ ਏ ਲਾਉਜ਼ੀ ਸਾਈਟ । ਵਾਈ ਡੋਂਟ ਦੇ ਰਿਮੂਵ ਦੈੱਮ ?" ਕਿਰਨ ਦੇ ਕੰਨੀਂ ਵੀ ਉਹ ਸ਼ਬਦ ਪਏ । ਉਸ ਚੀਕ ਕੇ, "ਸ਼ਟ ਅਪ; ਯੂ ਬਾਸਟਰਡਜ਼" ਕਹਿਣਾ ਚਾਹਿਆ । ਸੁੱਤੇ ਸਿੱਧ ਹੀ ਉਸਦਾ ਹੱਥ ਜੇਬ ਅੰਦਰ ਪਸਤੌਲ ਦੇ ਹੱਥੇ ਉੱਤੇ ਸਖਤ ਹੋ ਗਿਆ । ਝੁਣਝੁਣੀ ਲੈ ਕੇ, ਬੁੱਲ੍ਹ ਭੀਚਕੇ, ਹੱਥ ਦੀ ਪਕੜ ਘੁੱਟ ਕੇ ਉਹ ਥਰਥਰਾ ਗਿਆ । ਉਸਦਾ ਦਿਲ ਕੀਤਾ ਕਿ ਪਸਤੌਲ ਕੱਢ ਕੇ ਉਹ ਚਾਰ ਚੁਫੇਰੇ ਗੋਲੀਆਂ ਦੀ ਬੋਛਾੜ ਕਰ ਦੇਵੇ । ਮਰ ਜਾਵੇ ਜੋ ਮਰਦਾ ਹੈ — ਉਹ ਅਮੀਰੀ ਦੀ ਝਾਕੀ ਮਰ ਜਾਵੇ, ਉਹ ਗਰੀਬੀ ਦਾ ਜਲੂਸ ਮਰ ਜਾਵੇ ਤੇ ਜਾਂ ਫਿਰ ਉਹ ਆਪ ਹੀ ਮਰ ਜਾਵੇ ।

"ਹੋਸ਼ ਕਰ ਬੇਟੇ, ਹੋਸ਼ ਕਰ! ਕੀ ਕਰ ਰਿਹਾ ਹੈਂ ?" ਲੰਬਾ ਸਾਰਾ ਸਾਹ ਲੈ ਕੇ ਟੱਡੀਆਂ ਟੱਡੀਆਂ ਅੱਖਾਂ ਨਾਲ ਦੇਖਦਿਆਂ ਉਸ ਆਪਣੇ ਆਪ ਨੂੰ ਸਮਝਾਇਆ । "ਪਾਗਲ ਹੋ ਗਿਐਂ ? ਕੀ ਕਰਨ ਲੱਗਾ ਸੈਂ ?" ਇਹ ਸੋਚਦਿਆਂ ਹੀ ਉਹ ਤ੍ਰਭਕ ਜਿਹਾ ਗਿਆ; ਸਾਰਾ ਜਨੂੰਨ , ਸਾਰਾ ਫਤੂਰ ਪਾਣੀ ਦੇ ਬੁਲਬੁਲੇ ਵਾਂਗ ਠੁੱਸ ਹੋ ਗਿਆ ਤੇ ਉਸਦਾ ਸਰੀਰ ਮਲੇਰੀਏ ਦੇ ਤਾਪ ਤੋਂ ਉਠੇ ਮਰੀਜ਼ ਵਾਂਗ ਝੂਠਾ ਹੋ ਗਿਆ । ਅੱਧ ਕੁ ਮਿੰਟ ਉਹ ਇੰਝ ਡੌਰ ਭੌਰ ਜਿਹਾ ਖੜਾ ਰਿਹਾ ਤੇ ਫਿਰ ਅਨਮਨਾ ਜਿਹਾ ਹੋ ਕੇ ਸੱਜੇ ਹੱਥ ਵੱਲ ਤੁਰ ਪਿਆ ।

ਕੁਛ ਕਦਮ ਤੁਰਦਿਆਂ ਹੀ ਉਸ ਆਪਣੇ ਆਪ ਨਾਲ ਕਿੰਨੀਆਂ ਹੀ ਗੱਲਾਂ ਕਰ ਲਈਆਂ, ਕਿੰਨਾ ਹੀ ਕੁਛ ਸੋਚ ਲਿਆ। ਹੱਥ ਹਿਲਾ ਕੇ ਉਸ ਟੈਕਸੀ ਸੱਦੀ, ਦਰਵਾਜ਼ਾ ਖੋਲ੍ਹ ਕੇ ਅੰਦਰ ਘੁਸਿਆ ਤੇ ਹੱਥ ਦੇ ਚੱਕਰ ਨਾਲ ਹੀ ਟੈਕਸੀ ਧਰਮਤਲਾ ਵੱਲ ਮੋੜਨ ਲਈ ਇਸ਼ਾਰਾ ਕੀਤਾ। ਮੁੜਦੀ ਟੈਕਸੀ ਵਿਚੋਂ ਹੀ ਉਸ ਇਕ ਵਾਰ ਖੱਬੇ ਹੱਥ ਉਸ ਮੰਗਤੀ ਤੇ ਉਸਦੇ ਬੱਚੇ, ਅੱਗੇ ਤੁਰੀ ਜਾਂਦੀ ਉਸ ਜੋੜੀ ਵੱਲ ਤੇ ਜਿੰਨੇ ਵਿਚ ਟੈਕਸੀ ਮੁੜੀ, ਫਿਰ ਖੱਬੇ ਹੱਥ ਮੈਦਾਨ ਵੱਲ ਦੇ ਜਲਸੇ ਵੱਲ ਹਿਕਾਰਿਤ ਨਾਲ ਦੇਖਿਆ। "ਵੜੋ ਭਾਂਡੇ ਵਿਚ ਸਾਰੇ! ਵੱਜੇ ਮੇਰੇ......" ਉਸ ਅੰਦਰੇ ਅੰਦਰ ਕਿਹਾ ਤੇ ਸੀਟ ਉੱਤੇ ਪੱਸਰ ਕੇ ਬੈਠ ਗਿਆ। ਟੈਕਸੀ ਨੇ ਰਫਤਾਰ ਫੜੀ ਤੇ ਡਰਾਈਵਰ ਨੇ "ਕਿੱਧਰ ਜਾਨਾ ਸਾਹਬ" ਕਹਿ ਕੇ ਉਸਦੀ ਬਿਰਤੀ ਤੋੜੀ। ਗਲਾ ਖੰਘਾਰ ਕੇ, ਸੜਕ ਉਤੇ ਥੁੱਕ ਕੇ, "ਚੱਲੋ। ਸਾਲਾ ਸੋਨਾ ਗਾਚੀ," ਉਸ ਕਿਹਾ ਤੇ ਨਿਸਰਕੇ ਅੱਖਾਂ ਬੰਦ ਕਰ ਲਈਆਂ।

[206, ਸੈਕਟਰ 33 ਏ, ਚੰਡੀਗੜ੍ਹ]

□

ਹਰਜੀਤ ਦੌਧਰੀਆ

## ਬੂਰਾ ਝੋਟਾ

ਹੋਂਸਿਆਰਿਆਂ ਦਾ
ਆਨੰਦਮਈਆਂ ਦਾ
ਧਰਮ ਬਣਿਆਂ—ਬੂਰਾ ਝੋਟਾ
ਹਾਲੀ ਕਢਣ
ਸੱਜੇ ਤੋਰਨ, ਖੱਬੇ ਜੋੜਨ
ਚਾਹੇ ਪਾਣ ਬੀਂਡੀਆਂ—
ਦੁਧ ਕੜਾਪਾ ਪੈਣ 'ਤੇ
ਕਰੌਣ ਲਵੇਰੀਆਂ ਦੁੱਧੋਂ ਭੱਜੀਆਂ—
ਹੰਭਣ ਹਾਰਨ ਤੋਂ
ਚਾਰਨ ਗੁੜ ਦੀ ਵੱਟੀ
ਨੱਥ ਲਾਹੁਣ 'ਤੇ
ਬਣੇ ਜੂਹਾਂ ਦਾ ਭੇੜੂ
ਥਾਂ ਥਾਂ ਪਾਵੇ ਖੌਰੂ—
ਕਿਧਰੇ ਵਰਤਣ ਇਹਨੂੰ ਭਾਵੇਂ
ਰਹਿਣ ਹੱਥ ਚਟੌਂਦੇ
ਕਾਲੀ ਮੱਝ ਦਾ ਬੂਰਾ ਝੋਟਾ
ਹਰ ਅੜੇ ਥੁੜੇ ਕੰਮ ਆਵੇ!

[12 ਸਪਰਿੰਗ ਡੇਲ, ਅਰਲੇ, ਰੈਡਿੰਗ, ਇੰਗਲੈਂਡ]

ਸੁਖਚੈਨ ਮਿਸਤਰੀ

## ਕਵੀ ਕਵਿਤਾ ਲਿਖਦਾ ਹੈ

ਰਾਤ ਦੇ ਧੁੰਧਲਕੇ 'ਚ ਖੋ ਜਾਂਦੇ ਨੇ ਲੋਕਾਂ ਦੇ ਚਿਹਰੇ
ਕਵੀ ਕਵਿਤਾ ਲਿਖਦਾ ਹੈ
ਉਹ ਚਾਹੁੰਦਾ ਹੈ ਜ਼ਿੰਦਗੀ 'ਚੋਂ ਪਾੜਨੇ
ਦੁਖ ਦੀਆਂ ਸਲੀਬਾਂ ਵਰਗੀਆਂ ਵਹੀਆਂ ਦੇ ਵਰਕੇ
ਉਹਨਾਂ ਨੂੰ ਕਿਸੇ ਦੂਰ ਦਰਾਜ ਪਰ੍ਹੇ ਪਰਾਰ ਸਮੁੰਦਰ ਵੱਲ ਤੋਰਨਾ
ਤਾਂ ਜੋ ਲੋਕਾਂ ਦੇ ਵਿਹੜਿਆਂ 'ਚ ਚਿੱਟੇ ਫੁਲ ਖਿੜ ਸਕਣ ।

ਜਦੋਂ ਲੋਕ ਸੌਂ ਜਾਂਦੇ ਨੇ
ਕਵੀ ਘੜਦਾ ਹੈ ਕਾਗਜ਼ਾਂ ਦੀ ਬੰਦੂਕ
ਉਹ ਚਾਹੁੰਦਾ ਹੈ ਕਰਨਾ ਤਾਰ ਤਾਰ ਸਾਜ਼ਿਸ਼ਾਂ ਦਾ ਜਾਲ ।
ਕਵੀ ਚੁਰਾ ਲਿਆਉਂਦਾ ਹੈ ਵੱਡੇ ਵੱਡੇ ਅਫਸਰਾਂ ਦੀਆਂ ਲੱਕੜ ਦੀਆਂ ਟੰਗਾਂ
ਤਾਂ ਜੋ ਲੋਕ ਉਹਨਾਂ ਦੇ ਕੱਦ ਦੇਖ ਸਕਣ
ਵੱਡੇ ਵੱਡੇ ਸਕੱਤਰ, ਮੁਖ ਸਕੱਤਰ, ਕਮਿਸ਼ਨਰ ਤੇ ਡਾਇਰੈਕਟਰ
ਗਿਠਮੁਠੀਆ ਪੁਤਲੀਆਂ ਦੀ ਧਾੜ ਤੋਂ ਬਿਨਾਂ ਕੁਝ ਵੀ ਨਹੀਂ
ਜੋ ਰਾਜ ਭਵਨਾਂ ਦੀਆਂ ਕੁਰਸੀਆਂ ਤੋੜਦੀ ਹੈ
ਜੋ ਸਾਲਮ ਬੰਦੇ ਹਜਮ ਕਰਦੀ ਹੈ ।
ਜਿਹਨਾਂ ਦੇ ਸਿਰਾਂ 'ਚ ਤੂੜੀ ਹੈ ਸਿਰਫ ਤੂੜੀ
ਜਿਹਦੇ ਵਿਚੋਂ ਦੀ ਪੂੰਜੀਵਾਦ ਦੀ ਬਿਜਲੀ ਦੀ ਰੌ ਵਗਦੀ ਹੈ ।
ਕਵੀ ਦੱਸਣਾ ਚਾਹੁੰਦਾ ਹੈ ਆਮ ਆਦਮੀ ਨੂੰ
ਕਿ ਵੱਡੀਆਂ ਵੱਡੀਆਂ ਲੋਕ ਸਭਾਵਾਂ, ਕੋਰਟਾਂ ਤੇ ਬਹੁ-ਮੰਜ਼ਲਾਂ ਵਾਲਾ ਲੋਕ-ਤੰਤਰ
ਉਹਦੇ ਮੋਢਿਆਂ 'ਤੇ ਖੜਾ ਹੈ
ਜਿਸ ਦਿਨ ਉਹਨੇ ਥੋੜਾ ਜਿਹਾ ਪਾਸਾ ਪਰਤਿਆ
ਇਹ ਲੋਕ–ਤੰਤਰ ਧੜੰਮ ਕਰਕੇ ਗਿਰ ਪਏਗਾ ।

ਜਦੋਂ ਰਾਤ ਅੱਧ ਵਿਚਕਾਰ ਹੋਣੀ ਬਣਕੇ ਅਟਕ ਜਾਂਦੀ ਹੈ
ਆਮ ਆਦਮੀ ਘੁਰਾੜੇ ਮਾਰਦਾ ਕਰਾਹੁੰਦਾ ਹੈ
ਕਵੀ ਕਵਿਤਾ ਲਿਖਦਾ ਹੈ
ਰਾਤ ਦੇ ਕਾਲੇ ਕਾਗਜ਼ 'ਤੇ ਚੰਦ ਦੇ ਪੀਲੇ ਚਾਨਣ ਵਰਗੇ ਅੱਖਰ ਪਾਉਂਦਾ ਹੈ ।

[ਫਾਰਮ ਮੈਨੇਜਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਗੁਰਦਾਸਪੁਰ–143521]

## ਸਾਥੀ ਗੁਰਚਰਨ ਸਿੰਘ ਸਹਿੰਸਰਾ

ਸਾਥੀ ਗੁਰਚਰਨ ਸਿੰਘ ਸਹਿੰਸਰਾ ਸਾਥੋਂ ਸਦਾ ਲਈ ਵਿਛੜ ਗਏ ਹਨ। ਉਹ ਇਕ ਪ੍ਰਸਿੱਧ ਦੇਸ਼ਭਗਤ ਹੋਣ ਤੋਂ ਬਿਨਾਂ ਨਾਮਵਰ ਮਾਰਕਸਵਾਦੀ ਚਿੰਤਕ, ਇਤਿਹਾਸਕਾਰ ਅਤੇ ਸਿਰਜਣਾਤਮਕ ਲੇਖਕ ਸਨ। ਸੁਤੰਤਰਤਾ ਸੰਗਰਾਮ ਵਿਚ ਕਈ ਵਾਰ ਜੇਲ੍ਹ ਯਾਤਰਾ ਕਰਨ ਤੋਂ ਬਿਨਾਂ ਉਹਨਾਂ ਲੰਮਾ ਸਮਾਂ ਦੂਰ ਦੁਰਾਡੀਆਂ ਥਾਵਾਂ ਉਤੇ ਰੂਪੋਸ਼ੀ ਦੀ ਹਾਲਤ ਵਿਚ ਬਿਤਾਇਆ ਸੀ। ਆਪਣੇ ਜੀਵਨ ਦਾ ਵਡੇਰਾ ਭਾਗ ਉਹ ਰਣਤੱਤੇ ਵਿਚ ਹੀ ਜੂਝਦੇ ਰਹੇ ਸਨ। ਸਾਹਿਤ ਸਿਰਜਣਾ ਦੇ ਖੇਤਰ ਵਿਚ ਉਹਨਾਂ ਕਾਫੀ ਮਗਰੋਂ ਪ੍ਰਵੇਸ਼ ਕੀਤਾ। 'ਗਦਰ ਪਾਰਟੀ ਦਾ ਇਤਿਹਾਸ' ਇਤਿਹਾਸਕ ਖੋਜ ਦੇ ਖੇਤਰ ਵਿਚ ਉਹਨਾਂ ਦੀ ਅਦੁਤੀ ਦੇਣ ਹੈ। ਆਪਣੀਆਂ ਯਾਦਾਂ ਦੇ ਆਧਾਰ ਉਤੇ ਜਦੋਂ ਉਹਨਾਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤਾਂ ਉਹਨਾਂ ਦੀ ਕਲਾਤਮਕ ਪ੍ਰਤਿਭਾ ਨੂੰ ਵੇਖ ਕੇ ਪੰਜਾਬੀ ਸਾਹਿਤ ਦੇ ਸਭ ਰਸੀਏ ਤੇ ਵਿਦਵਾਨ ਦੰਗ ਰਹਿ ਗਏ ਸਨ। 'ਉਹ ਵੀ ਦਿਨ ਸਨ' ਪੰਜਾਬੀ ਵਿਚ ਇਕ ਨਿਵੇਕਲੀ ਕਿਸਮ ਦੀ ਪੁਸਤਕ ਹੈ, ਜੋ ਉਹਨਾਂ ਦੀਆਂ ਅਜਿਹੀਆਂ ਯਾਦਾਂ ਦਾ ਸੰਗ੍ਰਹਿ ਹੈ। ਇਸ ਪੁਸਤਕ ਵਿਚਲਾ ਸੱਚ ਹੀ ਇਸ ਦੀ ਕਲਾਤਮਕਤਾ ਦੀ ਗਵਾਹੀ ਹੈ।

'ਸਿਰਜਣਾ' ਅਤੇ ਇਸਦੇ ਸੰਪਾਦਕ ਨਾਲ ਸਹਿੰਸਰਾ ਜੀ ਦਾ ਲਗਪਗ ਦੋ ਦਹਾਕੇ ਤੋਂ ਬਹੁਤ ਨੇੜ ਰਿਹਾ ਸੀ। ਉਹਨਾਂ ਦੀਆਂ ਯਾਦਾਂ/ਕਹਾਣੀਆਂ ਪਹਿਲਾਂ ਪਹਿਲ 'ਸਿਰਜਣਾ' ਦੇ ਪੰਨਿਆਂ ਉਤੇ ਹੀ ਪ੍ਰਕਾਸ਼ਿਤ ਹੋਈਆਂ ਸਨ। ਉਹ 'ਸਿਰਜਣਾ' ਵਿਚ ਬਹੁਤ ਦਿਲਚਸਪੀ ਰਖਦੇ ਸਨ ਤੇ ਲਗਾਤਾਰ ਇਸਨੂੰ ਆਪਣਾ ਪੂਰਾ ਸਹਿਯੋਗ ਦਿੰਦੇ ਰਹੇ। ਪਿਛਲੇ ਸਾਲਾਂ ਵਿਚ ਜਦੋਂ ਮਾਰਕਸਵਾਦੀ ਸਿਧਾਂਤ ਵਿਚ ਕੁਝ ਅਖੌਤੀ 'ਸੁਤੰਤਰ ਮਾਰਕਸਵਾਦੀਆਂ' ਵਲੋਂ ਘਚੋਲਾ ਪਾਇਆ ਜਾਣ ਲੱਗਿਆ ਤਾਂ ਸਹਿੰਸਰਾ ਜੀ ਨੇ ਇਸ ਘਚੋਲੇ ਦਾ ਪਰਦਾ ਫਾਸ਼ ਕੀਤਾ। 'ਸਿਰਜਣਾ' ਦੇ ਪਿਛਲੇ ਅੰਕਾਂ ਵਿਚ ਛਪੇ ਉਹਨਾਂ ਦੇ ਲੇਖ ਏਸੇ ਲੜੀ ਦਾ ਹਿੱਸਾ ਸਨ। 'ਵਾਦ ਵਿਵਾਦ' ਵਿਚ ਪੈ ਕੇ ਕਈ ਵਾਰ ਆਪਣੀ ਗੱਲ ਨੂੰ ਕੁਝ ਲੋੜੋਂ ਵਧ ਜ਼ੋਰ ਨਾਲ ਕਹਿਣਾ ਹੀ ਪੈਂਦਾ ਹੈ। ਇਸ ਕਾਰਣ ਕੁਝ ਅਤਿਸ਼ਤਾ ਸਹਿੰਸਰਾ ਜੀ ਦੇ ਲੇਖਾਂ ਵਿਚ ਵੀ ਵੇਖਣ ਨੂੰ ਮਿਲਦੀ ਹੈ। ਪਰ ਉਹਨਾਂ ਦੀ ਬੁਨਿਆਦੀ ਟੇਕ ਸਹੀ ਮਾਰਕਸਵਾਦ ਸੀ—ਇਸ ਬਾਰੇ ਕੋਈ ਸੰਦੇਹ ਨਹੀਂ। ਉਹਨਾਂ ਦੀ ਪੁਸਤਕ 'ਇਤਿਹਾਸਕ ਪਦਾਰਥਵਾਦੀ ਆਲੋਚਨਾ' ਇਸ ਦਾ ਉਘੜਵਾਂ ਪ੍ਰਮਾਣ ਹੈ!

ਸਹਿੰਸਰਾ ਜੀ ਦੀ ਯਾਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹੋਏ ਅਸੀਂ ਉਹਨਾਂ ਦੀ ਇਕ ਕਹਾਣੀ ਇਸ ਅੰਕ ਵਿਚ ਛਾਪ ਰਹੇ ਹਾਂ ਜੋ ਉਹਨਾਂ ਨੇ ਬੀਮਾਰ ਹੋਣ ਤੋਂ ਕੁਝ ਸਮਾਂ ਪਹਿਲਾਂ ਭੇਜੀ ਸੀ। [ਸੰਪਾਦਕ]

ਗੁਰਚਰਨ ਸਿੰਘ ਸਹਿੰਸਰਾ

# ਕਮਾਂਡਰ ਇਨ ਚੀਫ

"ਓਏ ਲਾਲਾ ! ਏਥੇ ਪਰਸੋਂ ਕਮਾਂਡਰ ਇਨ ਚੀਫ ਆ ਰਿਹਾ ਹੈ" ਰਾਜੇ ਦੇ ਪੰਜਾਬੀ ਜਾਣਦੇ ਹੋਏ ਇਕ ਪਠਾਣ ਨੌਕਰ ਨੇ ਆਪਣੀਆਂ ਦੂਹਾਂ ਵੱਖੀਆਂ ਨਾਲ ਲਾਕੇ ਚੁੱਕੀਆਂ ਹੋਈਆਂ ਦੋ ਕੁਰਸੀਆਂ ਘਾਹ ਵਾਲੇ ਵਿਹੜੇ ਵਿਚ ਡਾਹ ਕੇ ਮੈਨੂੰ ਦੱਸਿਆ ਤੇ ਆਪ ਤਿਪਾਈ ਲੈਣ ਲਈ ਮੁੜ ਕੋਠੀ ਅੰਦਰ ਚਲਿਆ ਗਿਆ।

"ਕਮਾਂਡਰ ਇਨ ਚੀਫ ?" ਇਹ ਸ਼ਬਦ ਮੈਥੋਂ ਭਾਵੇਂ ਮੂੰਹੋਂ ਤਾਂ ਨਾ ਬੋਲਿਆ ਗਿਆ, ਪਰ ਮੇਰੇ ਸਰੀਰ ਦੇ ਬੱਤਰ ਅੰਦਰ ਗੁੰਬਦ ਦੀ ਆਵਾਜ਼ ਵਾਂਗ ਗੂੰਜ ਉਠਿਆ।

"ਐਡੀ ਵੱਡੀ ਹਸਤੀ ਇਥੇ ਆ ਰਹੀ ਹੈ ?"

"ਬਾਗੀਆਂ ਦੇ ਘਰ ਵਿਚ ਅੰਗਰੇਜ਼ ਦਾ ਕਮਾਂਡਰ ਇਨ ਚੀਫ ?" ਇਹ ਅਨਹੋਣੀ ਗੱਲ ਸੀ, ਜਿਸਨੂੰ ਸੁਣ ਕੇ ਮੈਂ ਹੱਕਾ ਬੱਕਾ ਰਹਿ ਗਿਆ।

"ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਖਰੂਦੀ ਲਾਣੇ ਦੇ ਘਰ ਵਿਚ ਉਸਦਾ ਕਮਾਂਡਰ ਇਨ ਚੀਫ ਆਵੇ ?" ਮੇਰੇ ਦਿਲ ਨੂੰ ਖੁਤਖੁਤੀ ਲਗ ਗਈ ਤੇ ਦਿਲ ਵਿਚ ਇਸ ਘਰ ਉਤੇ ਬੱਝੇ ਹੋਏ ਮੇਰੇ ਵਿਸ਼ਵਾਸ ਨੂੰ ਹਿਲਾਉਣ ਲਈ ਇਹ ਸ਼ੱਕ ਧੱਕੇ ਮਾਰਨ ਲਗ ਗਿਆ ਕਿ "ਕਿਤੇ ਰਾਜਾ ਅੰਗਰੇਜ਼ ਨਾਲ ਹੀ ਨਾ ਮਿਲਿਆ ਹੋਵੇ ?"

ਮੈਂ ਅਜੀਬ ਭੰਬਲ ਭੂਸਿਆਂ ਵਿਚ ਪੈ ਗਿਆ। ਇਕ ਪਾਸੇ ਤਾਂ ਇਹ ਅੰਗਰੇਜ਼ ਨਿਵਾਜ਼ੀ ਦੀ ਖਬਰ ਤੇ ਦੂਸਰੇ ਪਾਸੇ ਇਸ ਘਰ ਦੀ ਕੱਟੜ ਅੰਗਰੇਜ਼ ਵਿਰੋਧਤਾ। ਮੈਂ ਕਿਸ 'ਤੇ ਨਿਸਚਾ ਰੱਖਾਂ ? ਜਿਸ ਘਰੋਂ ਵਿਚ ਹਿੰਦ ਦੀ ਅੰਗਰੇਜ਼ ਸਰਕਾਰ ਦੇ ਚੋਟੀ ਦੇ ਅਹੁਦਿਆਂ ਵਿਚੋਂ ਦੂਸਰੇ ਨੰਬਰ ਦਾ ਤੇ ਫ਼ੌਜੀ ਅਫਸਰਾਂ 'ਚੋਂ ਸਭ ਤੋਂ ਉੱਚਾ ਅਫਸਰ, ਕਮਾਂਡਰ ਇਨ ਚੀਫ, ਆ ਸਕਦਾ ਹੈ ਉਥੇ ਜ਼ਿਲੇ ਦੇ ਡਿਪਟੀ ਕਮਿਸ਼ਨਰ, ਸੁਪਰਡੰਟ ਪੁਲਸ ਤੇ ਹੋਰ ਨਿੱਕੇ ਮੋਟੇ ਅਫਸਰਾਂ ਦਾ ਆਉਣਾ ਜਾਣਾ ਤਾਂ ਜ਼ਰੂਰ ਹੋਵੇਗਾ। ਇਸ ਸੋਚ ਨੇ ਮੈਨੂੰ ਭਗਤ ਰਾਮ ਉਤੇ ਗੁੱਸੇ ਦੀ ਕਰੰਟ ਮਾਰੀ, ਕਿ ਉਹ ਮੈਨੂੰ ਅੰਗਰੇਜ਼ ਦੀ ਇਸ ਖੁੱਡ ਵਿਚ ਕਿਉਂ ਤੁੰਨ ਗਿਆ ਤੇ ਮੈਂ ਇਥੋਂ ਤੁਰ ਜਾਣ ਲਈ ਵੀ ਸੋਚ ਮਾਰਿਆ।

ਦੂਸਰੇ ਪਾਸੇ ਜਦ ਮੈਂ ਇਹ ਵੇਖਾਂ ਕਿ ਇਸ ਘਰ ਦੀਆਂ ਅੱਖਾਂ ਦੇ ਵੱਡੇ ਤਾਰੇ ਚਮਨ ਲਾਲ ਦੀਆਂ ਹਿੰਦੁਸਤਾਨ ਦੀ ਕੌਮੀ ਲਹਿਰ ਅੰਦਰ ਧੁੰਮਾਂ ਪਈਆਂ ਹੋਈਆਂ ਸਨ ਤਾਂ ਮੈਨੂੰ ਇਸ ਖਬਰ ਉਤੇ ਯਕੀਨ ਨਾ ਆਵੇ ਤੇ ਮੈਂ ਨੌਕਰ ਦੀ ਇਸ ਦੱਸ ਨੂੰ ਮਖੌਲ ਸਮਝਾਂ। ਮੈਨੂੰ ਇਤਿਹਾਸੀ ਹਕੀਕਤ ਧਰਵਾਸ ਦੇਵੇ ਕਿ ਐਡੇ ਨਾਮੀ ਅੰਗਰੇਜ਼ ਵਿਰੋਧੀ ਦੇਸ਼ ਭਗਤ ਦਾ ਛੋਟਾ ਭਰਾ ਰਾਜਾ ਕਿਸ ਤਰ੍ਹਾਂ ਅੰਗਰੇਜ਼ ਪੂਜ ਹੋ ਸਕਦਾ ਸੀ। ਨਾਲੇ ਮੇਰੇ ਮਨ ਨੂੰ ਇਸ ਸਵਾਲ ਦਾ ਕੋਈ ਜਵਾਬ ਨ ਲੱਭੇ ਕਿ ਕਮਾਂਡਰ ਇਨ ਚੀਫ ਉਥੇ ਕਾਹਦੇ ਵਾਸਤੇ ਆ ਰਿਹਾ ਸੀ। ਨਾ

ਉਹ ਕੋਈ ਛਾਉਣੀ, ਨਾ ਕੋਈ ਫ਼ੌਜੀ ਮਹਾਨਤਾ ਦੀ ਥਾਂ, ਨਾ ਕੋਈ ਉਥੇ ਸ਼ਿਕਾਰਗਾਹ, ਜਿਥੇ ਉਸਨੇ ਮਨ ਪਰਚਾਵੇ ਲਈ ਆਉਣਾ ਹੋਵੇ। ਫੇਰ ਉਸਦਾ ਸਰਕਾਰ ਤੋਂ ਬਾਗੀ ਘਰ ਵਿਚ ਆਉਣਾ ਕੀ ਅਰਥ ਰਖਦਾ ਸੀ ?

ਨੌਕਰ ਦੇ ਵਾਪਸ ਆਉਣ ਤਕ ਦੇ ਪੰਜਾਂ ਸੱਤਾਂ ਮਿੰਟਾਂ ਦੀ ਇਸ ਦੁਚਿੱਤੀ ਨੇ ਮੇਰੀ ਜਾਨ ਕੰਦਲ ਲੈ ਆਂਦੀ। ਜਦ ਨੌਕਰ ਤਿਪਾਈ ਰਖਣ ਆਇਆ ਤਾਂ ਮੈਂ ਆਪ ਦਾ ਸ਼ੰਕਾ ਸਾਫ ਕਰਨ ਲਈ ਉਸਨੂੰ ਪੁਛਿਆ :

"ਮੀਰ ਜਾਨਾਂ ! ਕੀ ਆਖਿਆ ਸਾਈ, ਕਮਾਂਡਰ ਇਨ ਚੀਫ ਆਉਣਾ ?"

"ਜੀ ਸੁਾਬ !"

"ਉਸਨੇ ਏਥੇ ਕਾਹਦੇ ਵਾਸਤੇ ਆਉਣਾ ?" ਮੈਂ ਆਪਣੇ ਮਨ ਦੀ ਗੜਬੜੀ ਨੂੰ ਉਸ ਤੋਂ ਲੁਕਾਉਣ ਲਈ ਜ਼ਰਾ ਮੁਸਕਰਾ ਪਿਆ।

"ਜੀ ਸੁਾਬ ! ਉਸਦੇ ਨਿੱਕੇ ਪੁੱਤਰ ਦੀਆਂ ਅੱਖਾਂ ਦੁਖਦੀਆਂ ਨੇ ਤੇ ਮਰਦਾਨ ਵਿਚ ਕਿਸੇ ਡਾਕਟਰ ਨੂੰ ਵਿਖਾਉਣੀਆਂ ਨੇ !" ਉਸਨੇ ਭੋਲੇ ਭਾਵ ਨਾਲ ਉਤਰ ਦਿੱਤਾ।

ਮੈਂ ਉਸਦੀ ਇਸ ਦੱਸ ਉਤੇ ਹਾਸੇ ਵਿਚ ਦੰਦੀਆਂ ਕਢ ਲਈਆਂ ਤਾਂ ਜੋ ਮੇਰੀ ਹੈਰਾਨੀ ਉਸ ਤੋਂ ਲੁਕੀ ਰਹੇ, ਜਿਸਨੂੰ ਆਪਣੇ ਦਿਲ ਵਿਚ ਮੁਸ਼ਕਲ ਨਾਲ ਘੁਟ ਕੇ ਰਖਣ ਦੇ ਸਰੀਰਕ ਜਤਨ ਕਰ ਰਿਹਾ ਸਾਂ। ਉਸਨੇ ਮੇਰੀ ਪਰੇਸ਼ਾਨੀ ਨੂੰ ਨਾ ਗੌਲਿਆ, ਜੋ ਮੇਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਚਿਹਰੇ 'ਚੋਂ ਫਲੈਸ਼ ਮਾਰ ਰਹੀ ਸੀ। ਉਹ ਚਾਹ ਲਿਆਉਣ ਲਈ ਅੰਦਰ ਚਲਾ ਗਿਆ।

ਮੇਰੇ ਲਈ ਇਹ ਗੱਲ ਹੈ ਵੀ ਬੜੀ ਹਾਸੋ ਹੀਣੀ ਸੀ ਕਿ ਅਗਰੇਜ਼ਾਂ ਦੇ ਇਕ ਸਭ ਤੋਂ ਉੱਚੇ ਫ਼ੌਜੀ ਅਫਸਰ ਦੇ ਪੁੱਤ ਦੀਆਂ ਅੱਖਾਂ ਦੁਖਦੀਆਂ ਹੋਣ ਤਾਂ ਉਸ ਨੂੰ ਦਿੱਲੀ, ਕਲਕੱਤੇ ਤੇ ਬੰਬਈ ਦੇ ਸ਼ਾਹੀ ਡਾਕਟਰ ਤੇ ਹਸਪਤਾਲ ਛੱਡ ਕੇ ਇਸ ਨਿੱਕੇ ਜਿਹੇ ਸ਼ਹਿਰ ਦੇ ਹਸਪਤਾਲ ਵਿਚ ਅੱਖਾਂ ਦਿਖਾਉਣ ਵਾਸਤੇ ਲਿਆਵੇ ? ਇਸ ਅਲੋਕਾਰ ਨੂੰ ਸੁਲਝਾਉਣ ਲਈ ਮੇਰਾ ਦਿਮਾਗ ਭੰਬੀਰੀ ਵਾਂਗ ਭੌਣ ਲਗ ਪਿਆ। ਮੈਂ ਇਸ ਖਬਰ ਉਤੇ ਹੱਸਾਂ ਵੀ ਤੇ ਝੂਰਾਂ ਵੀ। ਬੜੀ ਕਮਬਖਤੀ ਬਣੀ !

ਇੰਨੇ ਨੂੰ ਰਾਜਾ ਅੰਦਰੋਂ ਆ ਗਿਆ। ਜਦ ਉਹ ਮੇਰੇ ਪਾਸ ਕੁਰਸੀ 'ਤੇ ਬੈਠਣ ਲੱਗਾ ਤਾਂ ਮੈਂ ਪੁਛਿਆ :

"ਕਮਾਂਡਰ ਇਨ ਚੀਫ ਆ ਰਿਹਾ ਹੈ ?"

"ਹਾਂ ! ਚਿਤਰਾਲ ਦੇ ਕਮਾਂਡਰ ਇਨ ਚੀਫ ਸਾਹਿਬ ਪਰਸੋਂ ਤਸ਼ਰੀਫ ਲਿਆ ਰਹੇ ਹਨ", ਰਾਜੇ ਨੇ ਆਉਣ ਵਾਲੇ ਬਾਰੇ ਬੜੇ ਸਤਿਕਾਰ ਭਰੇ ਸਵਰ ਵਿਚ ਮਾਮਲਾ ਸਾਫ ਕੀਤਾ।

ਮੈਨੂੰ ਸਾਹ ਵਿਚ ਸਾਹ ਆਇਆ ਤੇ ਮੇਰੀ ਦਿਮਾਗੀ ਭੰਜਲੋਂ ਜਾਨ ਛੁੱਟੀ।

"ਮੇਰੇ ਵਾਲਦ ਸਾਹਿਬ ਦੇ ਚਿਤਰਾਲ ਦਰਬਾਰ ਨਾਲ ਬੜੇ ਗੂੜ੍ਹੇ ਤੁਅਲਕਾਤ ਸਨ। ਸਾਡੇ ਉਥੇ ਠੇਕੇ ਹੁੰਦੇ ਸਨ। ਸਾਡਾ ਮਿਹਤਰ ਦੇ ਘਰ ਆਉਣ ਜਾਣ ਬਣਿਆ ਹੋਇਆ ਸੀ ਤੇ ਉਹਨਾਂ ਦੇ ਘਰਦਿਆਂ ਦਾ ਏਥੇ ਸਾਡੇ ਘਰ ਆਉਣਾ ਜਾਣਾ ਚਲਿਆ ਆ ਰਿਹਾ ਹੈ।

ਇਹ ਕਮਾਂਡਰ ਇਨ ਚੀਫ ਸਾਹਿਬ ਮਿਹਤਰ ਦੇ ਛੋਟੇ ਭਰਾ ਹਨ।" ਰਾਜੇ ਨੇ ਕਮਾਂਡਰ ਇਨ ਚੀਫ ਬਾਰੇ ਮੇਰੇ ਮਨ ਦਾ ਸਾਰਾ ਗੋਰਖਧੰਦਾ ਸਾਫ ਕਰ ਦਿੱਤਾ।

o

ਅੰਗਰੇਜ਼ੀ ਸਾਮਰਾਜ ਨੇ ਦਰਿਆ ਕਾਬਲ ਦਾ ਸਾਰਾ ਪੱਧਰਾ ਵਿਰਲ ਆਪਣੇ ਰਾਜ ਅਧਿਕਾਰ ਹੇਠਾਂ ਰਖਿਆ ਹੋਇਆ ਸੀ। ਇਹ ਵਿਰਲ ਪਛਮ ਨੂੰ ਲੰਡੀ ਕੋਤਲ ਦੇ ਪਹਾੜ ਤੋਂ ਲੈ ਕੇ ਪੂਰਬ ਨੂੰ ਦਰਿਆ ਅਟਕ ਤਕ ਤੇ ਉਤਰੋਂ ਧੀਰ ਸਵਾਤ ਦੇ ਪਹਾੜਾਂ ਦੇ ਪੈਰਾਂ ਤੋਂ ਲੈਕੇ ਦਖਣ ਵਿਚ ਤੀਰਾਹ ਦੇ ਪਹਾੜਾਂ ਦੀ ਲੰਮੀ ਲੜੀ ਤਕ ਦੋ ਹਜ਼ਾਰ ਵਰਗ ਮੀਲ ਤੋਂ ਵਧ ਦਾ ਰਕਬਾ ਸੀ। ਇਸ ਵਿਰਲ ਵਿਚ ਪਸ਼ਾਉਰ ਤੇ ਮਰਦਾਨ ਦੇ ਦੋ ਜ਼ਿਲੇ ਸਨ। ਮਰਦਾਨ ਜ਼ਿਲੇ ਦੀ ਉਤਰੀ ਹੱਦੋਂ ਨਾਲ ਲਗਦਾ ਪਹਾੜੀ ਟੱਕ ਕਈ ਵੀਹਾਂ ਮੀਲ ਉਤਰ ਨੂੰ ਜਾ ਕੇ ਰੂਸ ਦੀ ਹੱਦ ਨਾਲ ਜਾ ਲਗਦਾ ਸੀ। ਇਹ ਪਹਾੜੀ ਟੱਕ ਅੰਗਰੇਜ਼ਾਂ ਨੇ ਧੀਰ, ਸਵਾਤ, ਚਿਤਰਾਲ ਗਿਲਗਿਤ, ਹੁਨਜ਼ਾ ਤੇ ਅੰਬ ਦੀਆਂ ਨਿੱਕੀਆਂ ਨਿੱਕੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਇਹਨਾਂ ਰਿਆਸਤਾਂ ਦੇ ਰਾਜੇ ਖਾਨ ਸਨ ਤੇ ਚਿਤਰਾਲ ਦੇ ਖਾਨ ਨੂੰ ਮਿਹਤਰ ਆਖਿਆ ਜਾਂਦਾ ਸੀ। ਮਰਦਾਨ ਜ਼ਿਲੇ ਦੇ ਪੱਛਮ ਉਤਰ ਵਾਲੇ ਮੁਹੰਮਦ ਕਬੀਲੇ ਦਾ ਆਜ਼ਾਦ ਇਲਾਕਾ ਸੀ, ਜਿਸਨੂੰ ਅੰਗਰੇਜ਼ਾਂ ਨੇ 1932 ਤੋਂ ਬਾਅਦ ਏਜੰਸੀ ਵਿਚ ਲੈ ਲਿਆ ਸੀ ਤੇ ਜੋ ਅਗਾਂਹ ਪੱਛਮ ਉਤਰ ਨੂੰ ਕਾਬਲ ਦੀ ਹੱਦ ਨਾਲ ਜਾ ਲਗਦਾ ਸੀ।

ਮੇਰੀ ਜਾਚੇ ਕਾਬਲ ਦਰਿਆ ਦਾ ਇਹ ਵਿਰਲ, ਜਿਸ ਵਿਚ ਪਸ਼ਾਉਰ ਜ਼ਿਲੇ ਦੀਆਂ ਪਿਸ਼ਾਉਰ ਤੇ ਚਾਰਸਦਾ ਦੀਆਂ ਸਾਰੀਆਂ ਤਹਿਸੀਲਾਂ ਤੇ ਨੁਸ਼ਿਹਰੇ ਦੀ ਅਧਪਚੱਧੀ ਤਹਿਸੀਲ ਤੇ ਜ਼ਿਲਾ ਮਰਦਾਨ ਦੀਆਂ ਮਰਦਾਨ ਤੇ ਸਵਾਬੀ ਦੀਆਂ ਦੁਹਵੇਂ ਤਹਿਸੀਲਾਂ ਸਨ, ਉਤਰੀ ਹਿੰਦੁਸਤਾਨ ਦੇ ਮੇਰੇ ਵੇਖੇ ਇਲਾਕਿਆਂ ਵਿਚੋਂ ਬਨਸਪਤੀ ਦੀ ਉਪਜ ਦੇ ਲਿਹਾਜ਼ ਨਾਲ ਇਹ ਸਭ ਤੋਂ ਜ਼ਿਆਦਾ ਉਪਜਾਊ ਇਲਾਕਾ ਸੀ। ਇਸ ਵਿਰਲ ਦੇ ਚਾਰ ਚੁਫੇਰੇ ਦੇ ਦਿਸਹੱਦਿਆਂ ਤੇ ਪਹਾੜਾਂ ਦੀਆਂ ਕੰਧਾਂ ਕਿਲਿਆਂ ਦੀ ਫਸੀਲ ਵਾਂਗ ਖੜੀਆਂ ਸਨ ਤੇ ਆਸਮਾਨ ਵਿਚੋਂ ਹੇਠਾਂ ਨੂੰ ਵੇਖਿਆਂ ਇਹ ਇਲਾਕਾ ਇਕ ਵਡੀ ਸਾਰੀ ਥਾਲੀ ਵਾਂਗ ਦਿਸਦਾ ਸੀ। ਹਿੰਦੂਕੁਸ਼ ਤੇ ਕੁਰਾਕੁਰਮ ਦੇ ਬਰਫਾਨੀ ਪਹਾੜਾਂ ਤੋਂ ਦਰਿਆ ਕਾਬਲ ਵਿਚ ਡਿਗ ਰਹੀਆਂ ਨਦੀਆਂ ਤੇ ਦਰਿਆ ਮਰਦਾਨ ਦੀ ਧਰਤੀ ਨੂੰ ਸਿੰਜਦੇ ਸਨ। ਮਲਾਕੰਡ ਲਾਗੇ ਦਰਿਆ ਕੁਨੜ ਤੋਂ ਕਢੀ ਹੋਈ ਨਹਿਰ ਮਰਦਾਨ ਤੇ ਪਸ਼ਾਉਰ ਨੂੰ ਬਿਜਲੀ ਵੀ ਦਿੰਦੀ ਸੀ ਤੇ ਮਰਦਾਨ ਦੇ ਜ਼ਿਲੇ ਨੂੰ ਖੇਤੀ ਵਾਸਤੇ ਪਾਣੀ ਵੀ। ਮਰਦਾਨ ਤੇ ਸਵਾਬੀ ਦੀਆਂ ਤਹਿਸੀਲਾਂ ਵਿਚ ਚੱਪੇ ਚੱਪੇ ਉਤੇ ਪਹਾੜੀ ਨਾਲੇ ਵਗਦੇ ਸਨ, ਜਿਨ੍ਹਾਂ ਵਿਚੋਂ ਕਢੀਆਂ ਕੂਹਲਾਂ ਭੋਇੰ ਸਿੰਜਣ ਵਿਚ ਨਹਿਰਾਂ ਦਾ ਹੱਥ ਵਟਾਉਂਦੀਆਂ ਸਨ। ਇਹਨਾਂ ਨਹਿਰਾਂ, ਨਾਲਿਆਂ ਤੇ ਕੂਹਲਾਂ ਦੇ ਪਾਣੀ ਨਾਲ ਆਟਾ ਪੀਹਣ ਲਈ ਘਰਾਟ ਵੀ ਚਲਾਏ ਜਾ ਰਹੇ ਸਨ। ਖੂਹਾਂ ਤੋਂ ਵੀ ਖੇਤਾਂ ਨੂੰ ਪਾਣੀ ਦੇਣ ਦਾ ਕੰਮ ਲਿਆ ਜਾਂਦਾ ਸੀ।

ਇਸ ਦਰਿਆਵਾਂ ਦੇ ਸੇਂਜੇ ਵਾਲੀ ਭੋਂ ਉਤੇ ਮੀਂਹ ਦੀ ਵੀ ਵਾਹਵਾ ਕਿਰਪਾ ਹੋ ਜਾਂਦੀ ਸੀ। ਇਥੇ ਅਨਾਜ ਦੀ ਬੇਅੰਤ ਪੈਦਾਵਾਰ ਤੋਂ ਬਾਦਾਮਾਂ, ਖੁਰਮਾਣੀਆਂ, ਅਲੂਚਿਆਂ, ਆੜੂਆਂ, ਸ਼ਫਤਾਲੂਆਂ ਤੇ ਆਲੂ ਬੁਖਾਰਿਆਂ ਦੇ ਬਾਗ ਹੀ ਬਾਗ ਸਨ। ਨੁਸ਼ਹਿਰਿਉਂ ਅੱਗੇ

ਮਰਦਾਨ ਵਲ ਰਸ਼ਕਈ ਤੋਂ ਸ਼ੁਰੂ ਹੋ ਕੇ ਧੀਰ ਸਵਾਂਤ ਦੇ ਪਹਾੜਾਂ ਤਕ ਤੇ ਪਸ਼ਾਉਰ ਵਲ ਪੱਬੀ ਤੋਂ ਲੈ ਕੇ ਜਮਰੌਦ ਤਕ ਸਬਜ਼ਾ ਹੀ ਸਬਜ਼ਾ ਸੀ। ਪਸ਼ਾਉਰ ਵਾਲੇ ਪਾਸੇ ਫਸਲਵਾੜੀ ਵਧੇਰੇ ਤੇ ਬਾਗ ਬਗੀਚਾ ਘੱਟ, ਪਰ ਫੇਰ ਵੀ ਮਰਦਾਨ ਵਿਚ ਰਸ਼ਕਈ ਤੋਂ ਅੱਗੇ ਕੋਈ ਪਿੰਡ ਨਹੀਂ ਸੀ, ਜਿਸ ਵਿਚ ਘੱਟੋ ਘੱਟ ਪੰਜ ਸੱਤ ਬਾਗ ਨਾ ਹੋਣ। ਉਦਾਲੇ ਪਤਲੇ ਪਤਲੇ ਉਚੇ ਪਾਪਲਰਾਂ ਦੀ ਵਾੜ ਵਾਲੇ ਦੋ ਦੋ ਚਾਰ ਚਾਰ ਵਿੱਘੇ ਦੇ ਛੋਟੇ ਛੋਟੇ ਬਗੀਚੇ ਪਿੰਡਾਂ ਦੀ ਧਰਤੀ ਉਤੇ ਆਸਮਾਨ ਦੇ ਤਾਰਿਆਂ ਵਾਂਗ ਖਿਲਰੇ ਹੋਏ ਬਹੁਤ ਹੀ ਸੁਹਾਵਣੇ ਲਗਦੇ ਸਨ ਤੇ ਹਵਾਈ ਜਹਾਜ਼ ਤੋਂ ਇਸ ਤਰ੍ਹਾਂ ਦਿਸਦੇ ਸਨ ਜਿਸ ਤਰ੍ਹਾਂ ਕਿਸੇ ਪੰਜਾਬੀ ਮੁਟਿਆਰ ਦੀ ਹਰੇ ਪੱਟ ਨਾਲ ਕੱਢੀ ਹੋਈ ਫੁਲਕਾਰੀ ਹੋਵੇ। ਇਸ ਇਲਾਕੇ ਦੇ ਲੋਕਾਂ ਦਾ ਰਹਿਣ ਸਹਿਣ ਦਾ ਪੱਧਰ ਤੀਰਾਹ ਦੇ ਪਹਾੜਾਂ ਦੇ ਦੱਖਣੀ ਇਲਾਕੇ ਨਾਲੋਂ ਕੁਝ ਉਚਾ ਤੇ ਸੁੱਚਾ ਸੀ, ਲੁੰਗੀ ਕੁੱਲਾ ਪਿੰਡਾਂ ਵਿਚ ਵੀ ਵੇਖਿਆ ਜਾਂਦਾ ਸੀ। ਜ਼ਨਾਨੀਆਂ ਵੀ ਛੀਂਬਿਆਂ ਦੀਆਂ ਠੇਕੀਆਂ ਹੋਈਆਂ ਚਾਦਰਾਂ ਉੱਤੇ ਲੈ ਕੇ ਬਾਹਰ ਨਿਕਲਦੀਆਂ ਤੇ ਓਪਰਿਆਂ ਤੋਂ ਝੁੰਗਲਮਾਟਾ ਕਰ ਲੈਂਦੀਆਂ ਸਨ।

ਇਹ ਜ਼ਿਲਾ ਸਰਹੱਦ ਦੇ ਸਾਰੇ ਜ਼ਿਲਿਆਂ ਨਾਲੋਂ ਜ਼ਿਆਦਾ ਪਾਣੀ ਦੇ ਸੇਂਜੇ ਵਾਲਾ ਜ਼ਿਲਾ ਸੀ। ਇਥੇ ਅੱਸੀ ਫੀ ਸਦੀ ਭੋਂ ਵਧ ਤੋਂ ਵਧ ਸੇਂਜੇ ਨਾਲ ਵਾਹੀ ਬੀਜੀ ਜਾਂਦੀ ਸੀ।

ਮਰਦਾਨ ਦੇ ਜ਼ਿਲੇ ਦੀਆਂ ਹਰੀਆਂ ਭਰੀਆਂ ਸੁਹਾਵਣੀਆਂ ਥਾਵਾਂ ਵਿਚੋਂ ਤਖਤ ਬਾਈ ਦਾ ਨੰਬਰ ਸੀ. ਇਸ ਨਿੱਕੇ ਜਿਹੇ ਪਿੰਡ ਦੇ ਇਕ ਪਾਸੇ ਕਸਬੇ ਦੇ ਬਾਜ਼ਾਰਾਂ ਵਰਗਾ ਸੌਦੇ ਸੂਤ ਨਾਲ ਭਰਿਆ ਹੋਇਆ ਨਿੱਕਾ ਜਿਹਾ ਇਕ ਚੰਗਾ ਰੌਣਕੀ ਬਾਜ਼ਾਰ ਸੀ। ਤਖਤ ਬਾਈ ਮਰਦਾਨ ਤੋਂ ਉਤਰ ਵਲ ਥੋੜਾ ਤੇ ਪੱਛਮ ਨੂੰ ਬਹੁਤਾ ਮਲਾਕੰਡ ਨੂੰ ਜਾ ਰਹੀ ਪੱਕੀ ਸੜਕ ਉਤੇ ਅੱਠਵੇਂ ਮੀਲ 'ਤੇ ਸੀ। ਧੀਰ ਸਵਾਤ ਦੇ ਪਹਾੜਾਂ ਦੀ ਇਕ ਜੜਾਂਘ ਪੰਜ ਛੇ ਮੀਲ ਦੱਖਣ ਨੂੰ ਲਮਕ ਕੇ ਇਥੇ ਆ ਮੁਕਦੀ ਸੀ। ਸੜਕ ਇਸ ਪਹਾੜੀ ਦੇ ਹੁਡ ਨਾਲ ਘਸਰਕੇ ਲੰਘਦੀ ਸੀ ਤੇ ਇਸ ਹੁਡ ਤੋਂ ਦੋ ਫਰਲਾਂਗ ਤਖਤ ਬਾਈ ਦਾ ਪਿੰਡ ਸੀ।

ਪਹਾੜ ਦੇ ਇਸ ਵਧੇ ਹੋਏ ਦੰਦ ਦੀਆਂ ਖੁੰਦਰਾਂ ਵਿਚੋਂ ਬੁਧ ਦੀਆਂ ਮੂਰਤੀਆਂ ਤੇ ਪੁਰਾਣੀ ਸਭਿਅਤਾ ਦੇ ਨਿਸ਼ਾਨ ਦੇਣ ਵਾਲੀਆਂ ਵਸਤਾਂ ਲੱਭੀਆਂ ਸਨ, ਜਿੰਨ੍ਹਾਂ ਵਿਚੋਂ ਕਈ ਇਥੇ ਹੀ ਇਕ ਨਿੱਕਾ ਜਿਹਾ ਅਜਾਇਬਘਰ ਬਣਾ ਕੇ ਰਖੀਆਂ ਹੋਈਆਂ ਸਨ। ਪਿੰਡ ਦੇ ਦੱਖਣ ਵਲ ਸ਼ਾਹ ਨਹਿਰ ਵਗਦੀ ਸੀ, ਜੋ ਸਾਰੀ ਮਰਦਾਨ ਤਹਿਸੀਲ ਤੇ ਸਵਾਬੀ ਨੂੰ ਪਾਣੀ ਦਿੰਦੀ ਸੀ। ਬਾਜ਼ਾਰ ਦਾ ਦੱਖਣੀ ਦਰਵਾਜ਼ਾ ਇਸ ਨਹਿਰ 'ਤੇ ਆ ਨਿਕਲਦਾ ਸੀ। ਬਾਜ਼ਾਰ ਦਾ ਦੂਸਰਾ ਦਰਵਾਜ਼ਾ ਸੜਕ ਵਲ ਸੀ। ਪੱਕੀ ਸੜਕ ਤੋਂ ਇਕ ਤਿਰਛੀ ਜਿਹੀ ਪਰ ਸਿੱਧੀ ਕੱਚੀ ਸੜਕ ਨਿਕਲ ਕੇ ਨਹਿਰ ਨੂੰ ਆਉਂਦੀ ਸੀ, ਜਿਸਦੇ ਦੱਖਣ ਵਾਲੇ ਪਾਸੇ ਪਿੰਡ ਦੇ ਕੋਠੇ ਤੇ ਘਰ ਸਨ ਤੇ ਸੱਜੇ ਬੰਨੇ ਖੇਤ।

ਇਸ ਸੜਕ ਦੇ ਵਿਚਾਲੇ ਜਿਹੇ ਪਿੰਡ ਵਾਲੇ ਪਾਸੇ ਇਕ ਲੰਮ ਤਲੰਮੇ ਵਿਹੜੇ ਵਾਲੀ ਇਕੋ ਲਾਈਨ ਵਿਚ ਬਣੇ ਤਿੰਨਾਂ ਕਮਰਿਆਂ ਦੀ ਨਿੱਕੀ ਜਿਹੀ ਨਵੀਂ ਨਕੋਰ ਤੇ ਸਾਫ ਸੁਥਰੀ ਪੱਕੀ ਕੋਠੀ ਸੀ ਜਿਸਦੇ ਅੱਗੇ ਪਿਛੇ ਦੁਹੁੰ ਪਾਸੀਂ ਲੰਮੇ ਬਰਾਂਡੇ ਸਨ। ਕੋਠੀ ਦਾ ਮੂੰਹ ਚੜ੍ਹਦੇ ਪਾਸੇ ਸੀ ਤੇ ਫਾਟਕ ਉਤਰ ਵਲ। ਕੋਠੀ ਦੇ ਮੂਹਰਲੇ ਬਰਾਂਡੇ ਅੱਗੇ ਫੁਟ ਕੁ ਹੇਠਾਂ ਦਸ ਬਾਰਾਂ

ਫੁਟ ਚੌੜੀ ਪੱਕੀਆਂ ਇੱਟਾਂ ਦੇ ਫ਼ਰਸ਼ ਵਾਲੀ ਸੜਕ ਸੀ ਜੋ ਉਤਰ ਵਲੋਂ ਬਾਹਰਲੇ ਫਾਟਕ ਤੋਂ ਅੰਦਰ ਆਉਂਦੀ ਸੀ। ਇਸ ਫਰਸ਼ ਤੋਂ ਅੱਗੇ ਬਾਰਾਂ ਤੇਰਾਂ ਕਰਮਾਂ ਚੌੜਾ ਤੀਹ ਕੁ ਕਰਮਾਂ ਲੰਮਾ ਵਿਹੜਾ ਸੀ, ਜਿਸ ਦੀ ਕੋਠੀ ਵਾਲਾ ਪਾਸਾ ਛੱਡ ਕੇ ਬਾਕੀ ਤਿੰਨਾਂ ਪਾਸਿਆਂ ਦੀ ਸੱਤ ਸੱਤ ਫੁਟ ਉਚੀ ਵਲਗਣੀ ਕੰਧ ਦੇ ਨਾਲ ਨਾਲ ਪਾਪਲਰ ਦੇ ਲੰਮੇ ਉਚੇ ਤੇ ਪਤਲੇ ਰੁਖ ਵਾੜ ਵਾਂਗ ਖੜੇ ਪਹਿਰਾ ਦੇ ਰਹੇ ਸਨ। ਇਹਨਾਂ ਦਰਖਤਾਂ ਦੇ ਪੈਰਾਂ ਵਿਚ ਫੁਲ ਬੂਟਿਆਂ ਦੀ ਡੇਢ ਫੁਟ ਚੌੜੀ ਕਿਆਰੀ ਵਿਹੜੇ ਦੇ ਚਾਰ ਚੁਫੇਰੇ ਬਣੀ ਹੋਈ ਸੀ, ਜਿਸ ਵਿਚ ਸਿਆਲ ਮੁਕਣ ਤੋਂ ਬਾਅਦ ਦੇ ਵੰਨ ਸੁਵੰਨੇ ਫੁਲ ਖਿੜੇ ਹੋਏ ਸਨ। ਵਿਚ ਲੇ ਸਾਰੇ ਵਿਹੜੇ ਨੂੰ ਪੱਧਰਾ ਕਰਕੇ ਬੜੀ ਹੀ ਬਾਰੀਕ ਨਾਲੀ ਤੇ ਪੱਤੀ ਦੇ ਪਸ਼ਮ ਵਰਗੇ ਮੁਲਾਇਮ ਘਾਹ ਨੂੰ ਵਾਹਦਾ ਸਾਂਭ ਕੁਤਰ ਕੇ ਸਬਜ਼ ਫਰਸ਼ ਬਣਾਇਆ ਹੋਇਆ ਸੀ।

ਮੈਂ ਇਸ ਕੋਠੀ ਵਿਚ ਇਕ ਗਭਰੂ ਖੱਤਰੀ ਪਾਸ ਪਰਾਹੁਣਾ ਠਹਿਰਿਆ ਹੋਇਆ ਸਾਂ। ਮੈਂ ਸਰਹੱਦ ਵਿਚ ਕਾਬਲ ਰਾਹੀਂ ਮਾਸਕੋ ਜਾਣ ਦਾ ਆਪਣੀ ਪਾਰਟੀ ਦਾ ਪੁਰਾਣਾ ਰਸਤਾ ਸਰਲ ਕਰਨ ਲਈ ਗਿਆ ਹੋਇਆ ਸਾਂ ਤੇ ਮੈਨੂੰ ਓਥੇ ਦਸ ਬਾਰਾਂ ਦਿਨ ਅਟਕਣਾ ਪੈ ਗਿਆ ਸੀ। ਇਹ ਦਿਨ ਆਰਾਮ ਨਾਲ ਲੁਕ ਛਿਪ ਕੇ ਕੱਟਣ ਲਈ ਗਲਾਢੇਰ ਦਾ ਸਾਡਾ ਸਾਥੀ ਭਗਤ ਰਾਮ ਮੈਨੂੰ ਉਥੇ ਛੱਡ ਆਇਆ ਸੀ।

ਉਸ ਨੱਢ ਦਾ ਅਸਲੀ ਨਾਂ ਚਕਰਵਰਤੀ ਸੀ ਪਰ ਉਸਦੇ ਸੰਗੀ ਸਾਥੀ, ਘਰ ਆਉਣ ਜਾਣ ਵਾਲੇ ਤੇ ਨੌਕਰ ਚਾਕਰ ਸਭ ਉਸਨੂੰ ਰਾਜਾ ਆਖਦੇ ਸਨ। ਉਹ ਗੋਲ ਚਿਹਰੇ, ਚੌੜੇ ਮੱਥੇ, ਮੋਟੀਆਂ ਸ਼ਰਬਤੀ ਅੱਖਾਂ ਤੇ ਗੋਰੇ ਚਿੱਟੇ ਰੰਗ ਦਾ ਬੜਾ ਸੁਹਣਾ ਤੇ ਸੁਨੱਖਾ ਜਵਾਨ ਸੀ। ਕੋਈ ਵੀਹਾਂ ਇੱਕੀਆਂ ਦਾ ਹੋਊ। ਉਸਦੇ, ਮੇਰੀ ਸਮਝ ਵਿਚ ਜ਼ਰੂਰਤ ਤੋਂ ਜ਼ਿਆਦਾ ਵੱਡੇ ਗੁਲਮੁਛੇ ਤੇ ਸਿਰ ਦੇ ਗਿੱਚੀ ਤਕ ਲੰਮੇ ਪਟੇ ਉਸਦੇ ਮੂੰਹ ਮੁਹਾਂਦਰੇ ਨੂੰ ਬਹੁਤ ਹੀ ਸੁਹਣਾ ਬਣਾਉਂਦੇ ਸਨ। ਕਪੜੇ ਉਹ ਬਹੁਤ ਸਾਦਾ ਪਹਿਨਦਾ ਸੀ। ਕੇਵਲ ਲੰਡੀਆਂ ਬਾਹਵਾਂ ਵਾਲੀ ਚਿੱਟੀ ਪਾਪਲੇਨ ਦੀ ਕਮੀਜ਼ ਤੇ ਚਿੱਟੇ ਲੱਠੇ ਦੀ ਸਲਵਾਰ। ਆਮ ਉਹ ਨੰਗੇ ਸਿਰ ਰਹਿੰਦਾ, ਪਰ ਬਰਾਦਰੀ ਵਿਚ ਜਾਣ ਲਈ ਉਹ ਹਲਕੇ ਨੀਲੇ ਰੰਗ ਦੀ ਰੇਸ਼ਮੀ ਲੁੰਗੀ ਕੁੱਲੇ ਉਤੇ ਰਖ ਕੇ ਬੰਨ੍ਹਦਾ। ਪਰ ਸੋਨਾ ਜ਼ਰੂਰ ਪਹਿਨਦਾ। ਸੋਨੇ ਦੀ ਗੁਟਘੜੀ ਤੇ ਦੂੰਹ ਹੱਥਾਂ ਦੀਆਂ ਉਂਗਲੀਆਂ ਉਤੇ ਹਰੇ, ਨੀਲੇ, ਲਾਲ ਤੇ ਚਿੱਟੇ ਨਗਾਂ ਵਾਲੀਆਂ ਦੋ ਦੋ ਸੋਨੇ ਦੀਆਂ ਛਾਪਾਂ ਪਾਈਆਂ ਹੋਈਆਂ ਉਸਦੇ ਗੋਰੇ ਰੰਗ 'ਤੇ ਬਹੁਤ ਹੀ ਫਬਦੀਆਂ ਸਨ। ਉਸਦੀ ਇਹ ਸੋਨੇ ਦੀ ਪਹਿਨਣ ਵੇਖ ਕੇ, ਉਸ ਦੇ ਘਰ ਦੀ ਹਾਲਤ ਤੋਂ ਨਾਵਾਕਫ ਬੰਦਾ ਵੀ ਜਾਣ ਜਾਂਦਾ ਸੀ ਕਿ ਉਹ ਕੋਈ ਅਮੀਰਜ਼ਾਦਾ ਸੀ।

ਉਹ ਸੁਭਾਅ ਦਾ ਬੜਾ ਮਿੱਠਾ, ਹਸਮੁਖ, ਮਿਲਣਸਾਰ ਤੇ ਸਾਦ ਮੁਰਾਦਾ ਜਿਹਾ ਬੀਬਾ ਮੁੰਡਾ ਸੀ। ਉਹ ਨੌਕਰਾਂ, ਕਰਾਏਦਾਰਾਂ ਤੇ ਪਠਾਣ ਮੁਜ਼ਾਰਿਆਂ ਨਾਲ ਬੜੀ ਨਰਮੀ, ਹਲੀਮੀ ਤੇ ਠਰੰਮੇ ਨਾਲ ਪੇਸ਼ ਆਉਂਦਾ ਤੇ ਉਨ੍ਹਾਂ ਨੂੰ ਵੱਡ ਛੋਟ ਦਾ ਬਹੁਤ ਹੀ ਘਟ ਅਹਿਸਾਸ ਹੋਣ ਦਿੰਦਾ। ਮੇਰੀ ਉਸ ਨੇ ਆਪਣੇ ਨਿਗਦੇ ਪਰਾਹੁਣਿਆਂ ਵਾਂਗ ਇਜ਼ਤ ਤੇ ਸੇਵਾ ਕੀਤੀ ਤੇ ਮੈਨੂੰ ਪ੍ਰਤੀਤ ਹੀ ਨਹੀਂ ਹੋਣ ਦਿੱਤਾ ਕਿ ਮੈਂ ਕਿਸੇ ਬਗਾਨੀ ਥਾਂ ਗਿਆ ਹੋਇਆ ਸੀ। ਉਹ ਮੈਨੂੰ ਆਪਣੇ ਕੋਲ ਹੀ ਬਿਠਾਉਂਦਾ, ਸੁਆਉਂਦਾ ਤੇ ਖਵਾਉਂਦਾ ਪਿਆਉਂਦਾ ਰਿਹਾ ਤੇ ਮੇਰੇ

ਨਾਲ ਕੋਈ ਗੱਲ ਵੀ ਦੁਗੈਜ ਵਾਲੀ ਨਾ ਕੀਤੀ। ਇਸ ਕਰਕੇ ਉਸ ਦੇ ਨੌਕਰ ਵੀ ਮੈਨੂੰ ਉਸ ਦੇ ਕਿਸੇ ਕੰਮ ਲਈ ਅਗਾਂਹ ਪਿਛਾਂਹ ਹੋ ਜਾਣ 'ਤੇ ਵੀ ਉਸੇ ਇਜ਼ਤ ਤੇ ਮਾਣ ਨਾਲ ਵੇਖਦੇ ਤੇ ਪਰੋਸਦੇ ਸਨ ਜਿਸ ਤਰ੍ਹਾਂ ਉਸ ਦੇ ਹੁੰਦਿਆਂ।

ਉਹ ਮਰਦਾਨ ਦੇ ਉਸ ਮਸ਼ਹੂਰ ਇਨਕਲਾਬੀ ਚਮਨ ਲਾਲ ਦਾ ਛੋਟਾ ਭਰਾ ਸੀ, ਜਿਸ 'ਤੇ, ਜਦ 23 ਦਸੰਬਰ 1930 ਨੂੰ ਸਾਡੇ ਸਾਥੀ ਭਗਤ ਰਾਮ ਦੇ ਵੱਡੇ ਭਰਾ ਸ਼ਹੀਦ ਹਰੀ ਕ੍ਰਿਸ਼ਨ ਨੇ ਪੰਜਾਬ ਦੇ ਗਵਰਨਰ 'ਤੇ ਗੋਲੀ ਚਲਾਈ ਸੀ, ਤਾਂ ਇਸ ਗੋਲੀ ਚਲਾਉਣ ਵਿਚ ਹੱਥ ਹੋਣ ਦੇ ਦੋਸ਼ ਵਿਚ ਅੰਗਰੇਜ਼ੀ ਹਕੂਮਤ ਨੇ ਤਿੰਨਾਂ ਨੌਜਵਾਨਾਂ 'ਤੇ ਮੁਕਦਮਾ ਚਲਾਇਆ ਸੀ। ਇਸ ਮੁਕਦਮੇ ਵਿਚ ਉਸਦੇ, ਰਣਬੀਰ ਤੇ ਦੁਰਗਾਦਾਸ ਦੋ ਹੋਰ ਸਾਥੀ ਸਨ। ਇਹਨਾਂ ਤਿੰਨਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ, ਪਰ ਹਾਈਕੋਰਟ ਨੇ ਅਪੀਲ ਮਨਜ਼ੂਰ ਕਰਕੇ ਇਹਨਾਂ ਨੂੰ ਬਰੀ ਕਰ ਦਿੱਤਾ ਸੀ। ਇਹਨਾਂ ਦੀ ਬਰਈਅਤ ਉਤੇ ਸਾਰੇ ਹਿੰਦੁਸਤਾਨ ਦੀ ਕੌਮੀ ਲਹਿਰ ਨੇ ਬੜੀ ਖੁਸ਼ੀ ਮਨਾਈ ਸੀ। ਵੈਸੇ ਉਹ ਨੌਜਵਾਨ ਭਾਰਤ ਸਭਾ ਦਾ ਉਘਾ ਵਰਕਰ ਰਿਹਾ ਸੀ ਤੇ ਸਰਹੱਦ ਤੇ ਪੰਜਾਬ ਦੇ ਰਾਜਸੀ ਮੰਡਲਾਂ ਵਿਚ ਉਸ ਦਾ ਬੜਾ ਨਾਂ ਤੇ ਸਤਿਕਾਰ ਸੀ। ਰਾਜਾ ਤੇ ਉਹ ਦੋ ਭਰਾ ਸਨ।

ਉਂਜ ਉਹ ਮੇਰੀ ਜਾਚੇ ਨਿਰਾ ਮਰਦਾਨ ਕਸਬੇ ਵਿਚ ਹੀ ਨਹੀਂ, ਸਗੋਂ ਸਾਰੇ ਜ਼ਿਲੇ ਵਿਚ, ਭੋਂ ਭਾਂਡੇ ਤੇ ਪੈਸੇ ਵਲੋਂ ਸਭ ਤੋਂ ਜ਼ਿਆਦਾ ਅਮੀਰ ਸਨ। ਮਰਦਾਨ ਦੇ ਬਾਜ਼ਾਰਾਂ ਵਿਚ ਹੱਟੀਆਂ ਦੀਆਂ ਹੱਟੀਆਂ ਤੇ ਮਕਾਨਾਂ ਦੇ ਮਕਾਨ ਉਨ੍ਹਾਂ ਦੀ ਮਾਲਕੀ ਸਨ, ਜਿਨ੍ਹਾਂ ਦਾ ਹਜ਼ਾਰਾਂ ਰੁਪੈ ਮਹੀਨਾ ਕਰਾਇਆ ਆਉਂਦਾ ਸੀ। ਤਖਤ ਬਾਈ ਦਾ ਸਾਰਾ ਰਕਬਾ, ਪਿੰਡ ਤੇ ਵਿਚੇ ਬਾਜ਼ਾਰ ਉਨ੍ਹਾਂ ਦੀ ਜਾਇਦਾਦ ਸੀ। ਹੋਰਨਾਂ ਪਿੰਡਾਂ ਵਿਚ ਵੀ ਉਨ੍ਹਾਂ ਦੀ ਜ਼ਮੀਨ ਸੀ।

ਉਹਨਾਂ ਦਾ ਪਿਤਾ ਪੂਰਾ ਹੋ ਚੁਕਾ ਸੀ। ਉਨ੍ਹਾਂ ਦੇ ਪਿਉ ਦਾਦੇ ਨੇ ਦੁਕਾਨਦਾਰੀ, ਸ਼ਾਹੂਕਾਰੀ, ਕਰਾਏਦਾਰੀ ਤੇ ਠੇਕੇਦਾਰੀ ਕਰਕੇ ਲੱਖਾਂ ਦੀ ਮਲਕੀਅਤ ਇਕੱਠੀ ਕੀਤੀ ਸੀ। ਦੁਕਾਨਦਾਰੀ ਤੋਂ ਪੈਸਾ ਜੋੜ ਕੇ ਉਨ੍ਹਾਂ ਸ਼ਾਹੂਕਾਰਾ ਚਲਾਇਆ ਤੇ ਸ਼ਾਹੂਕਾਰੇ ਨਾਲ ਉਨ੍ਹਾਂ ਖਾਨਾਂ ਤੇ ਪਠਾਣਾਂ ਦੀਆਂ ਜ਼ਮੀਨਾਂ ਲਾਹੀਆਂ, ਸੂਦ ਖੋਰੀ ਤੇ ਕਰਾਇਆਦਾਰੀ ਨਾਲ ਧਨ ਜਮਾਂ ਕੀਤਾ ਤੇ ਠੇਕੇਦਾਰੀ ਨਾਲ ਰੁਪਿਆ ਹੂੰਝਿਆ। ਇਸ ਮਾਲ ਦੌਲਤ ਤੇ ਭੋਂ ਭਾਂਡੇ ਨਾਲ ਅਗਾਂਹ ਹੋਰ ਜ਼ਮੀਨਾਂ, ਮਕਾਨਾਂ, ਦੁਕਾਨਾਂ ਤੇ ਪੈਸੇ ਦੀ ਅਪਾਰ ਮਾਲਕੀ ਕਮਾਈ। ਦਸਦੇ ਸਨ ਕਿ ਉਹਨਾਂ ਦੀ ਮਾਲਕੀ ਤੋਂ ਐਨੀ ਖੱਟੀ ਆ ਰਹੀ ਸੀ ਕਿ ਇਸੇ ਖੱਟੀ ਨੂੰ ਹੀ ਉਹ ਹਰ ਰੋਜ਼ ਝੋਲੀ ਭਰ ਭਰ ਖਰਚੀ ਜਾਣ ਤਾਂ ਵੀ ਦੂਹ ਭਰਾਵਾਂ ਤੋਂ ਸਾਰੀ ਉਮਰ ਨਾ ਮੁੱਕੇ।

ਉਨ੍ਹਾਂ ਦੇ ਪਿਉ ਦਾਦੇ ਤੇ ਸ਼ਾਇਦ ਇਹਨਾਂ ਦਾ ਵੀ ਧੀਰ ਸਵਾਤ ਤੇ ਚਿਤਰਾਲ ਦੀਆਂ ਰਿਆਸਤਾਂ ਨਾਲ ਲੈਣ ਦੇਣ ਸੀ। ਇਥੋਂ ਤੱਕ ਕਿ ਹੋਤੀ ਮਰਦਾਨ ਦਾ ਨਵਾਬ ਵੀ ਇਹਨਾਂ ਦੀ ਸਾਮੀ ਸੀ। ਇਹਨਾਂ ਦਾ ਚਿਤਰਾਲ ਦੇ ਮਿਹਤਰ ਨਾਲ ਚੰਗਾ ਵਰਤਣ ਵਿਹਾਰ ਬਣਿਆ ਹੋਇਆ ਸੀ। ਜਿਸ ਕਰਕੇ ਚਿਤਰਾਲ ਦੇ ਉਘੇ ਉਘੇ ਸਰਕਾਰੀ ਬੰਦੇ ਜਦ ਕਦੀ ਹੇਠਾਂ ਮੈਦਾਨਾਂ ਨੂੰ ਆਉਂਦੇ ਤਾਂ ਤਖਤ ਬਾਈ ਜਾਂ ਮਰਦਾਨ ਆ ਕੇ ਇਹਨਾਂ ਦੇ ਘਰ ਠਹਿਰਦੇ। ਇਹ ਕਮਾਂਡਰ ਇਨ ਚੀਫ ਦਾ ਆਉਣਾ ਏਸੇ ਸੰਗਲੀ ਦੀ ਘੁੰਡੀ ਸੀ।

ਕਮਾਂਡਰ ਇਨ ਚੀਫ ਦੇ ਆਉਣ ਦੀ ਜਿੰਨੀ ਧੁੰਮ ਸੀ, ਓਨਾ ਉਸਦੇ ਸਵਾਗਤ ਲਈ ਉਚੇਚ ਨਹੀਂ ਸੀ ਦਿਸਦਾ। ਨੌਕਰਾਂ ਵਿਚ ਤਾਂ ਉਸਦੇ ਆਉਣ ਦੀ ਕਾਫੀ ਚਰਚਾ ਸੀ। ਪਰ ਰਾਜੇ ਦੇ ਮੂੰਹੋਂ, ਉਸਦੇ ਲਛਣਾਂ ਤੇ ਹਾਵਾਂ ਭਾਵਾਂ ਤੋਂ ਪਤਾ ਨਹੀਂ ਸੀ ਲਗਦਾ ਕਿ ਘਰ ਵਿਚ ਕੋਈ ਉਚ ਹਸਤੀ ਆ ਰਹੀ ਸੀ। ਉਸੇ ਤਰ੍ਹਾਂ ਨਿਆਰਾ, ਬੇਪਰਵਾਹ ਤੇ ਮਸਤ ਮਲੰਗ ਸੀ ਜਿਸ ਤਰ੍ਹਾਂ ਆਮ ਰਹਿੰਦਾ ਸੀ। ਉਸ ਨੂੰ ਕਮਾਂਡਰ ਇਨ ਚੀਫ ਦੇ ਆਉਣ ਦਾ ਜ਼ਰਾ ਜਿੰਨਾ ਵੀ ਫਿਕਰ ਜਾਂ ਚਾਅ ਨਹੀਂ ਸੀ। ਰੋਜ਼ ਦਿਹਾੜੀ ਤੋਂ ਵਧ ਨਾ ਕੋਠੀ ਤੇ ਨਾ ਉਸਦਾ ਸਮਾਨ ਝਾੜਿਆ ਸੰਵਾਰਿਆ ਤੇ ਨਾ ਉਸਦੀ ਸੇਵਾ ਲਈ ਕੋਈ ਖਾਸ ਬੰਦੋਬਸਤ ਕੀਤਾ ਜਾ ਰਿਹਾ ਸੀ।

ਉਂਜ ਤਾਂ ਮੈਂ ਉਸ ਵਕਤ ਦੇ ਆਪਣੇ ਜੀਵਨ ਵਿਚ ਨਾ ਕੋਈ ਕਮਾਂਡਰ ਇਨ ਚੀਫ ਤੇ ਨਾ ਉਸਦੀ ਆਮਦ ਹੀ ਵੇਖੀ ਸੀ, ਪਰ ਜੋ ਕੁਝ ਪੜ੍ਹੇ ਪੜ੍ਹਾਏ ਤੇ ਸੁਣੇ ਸੁਣਾਏ ਗਿਆਨ ਤੋਂ ਮੈਂ ਜਾਣਦਾ ਸਾਂ ਉਸ ਤੋਂ ਮੈਨੂੰ ਪੱਕਾ ਵਿਸ਼ਵਾਸ ਸੀ ਕਿ ਕਿ ਦੇਸੀ ਰਿਆਸਤਾਂ ਦੇ ਕਮਾਂਡਰ ਇਨ ਚੀਫ ਵੀ ਬੜੇ ਖੱਬੀ ਖਾਨ ਸਜ ਧਜ ਤੇ ਆਕੜ ਫਾਕੜ ਵਾਲੇ ਅਫਸਰ ਹੁੰਦੇ ਹਨ। ਮੈਂ ਸਮਝਦਾ ਸਾਂ ਕਿ ਅੰਗਰੇਜ਼ਾਂ ਦੇ ਕਮਾਂਡਰ ਇਨ ਚੀਫ ਵਾਂਗ ਰਿਆਸਤਾਂ ਦੇ ਕਮਾਂਡਰ ਇਨ ਚੀਫਾਂ ਦੇ ਵੀ ਕਈ ਲਗੇ ਬੱਧੇ ਨਾਲ ਹੁੰਦੇ ਹੋਣਗੇ। ਮੇਰੇ ਖਿਆਲ ਵਿਚ, ਜੇ ਅੰਗਰੇਜ਼ੀ ਕਮਾਂਡਰ ਇਨ ਚੀਫ ਦੇ ਅੜਦਲੀ, ਜਿਸਨੂੰ ਵਡਿਆਉਣ ਲਈ ਐਡੀਕਾਂਗ ਆਖਿਆ ਜਾਂਦਾ ਸੀ, ਕਰਨਲ ਹੁੰਦੇ ਹਨ ਤਾਂ ਰਿਆਸਤਾਂ ਦੇ ਕਮਾਂਡਰ ਇਨ ਚੀਫਾਂ ਦੇ ਜ਼ਰੂਰ ਮੇਜਰ ਜਾਂ ਕਪਤਾਨ ਹੋਣਗੇ ਤੇ ਚਿਤਰਾਲ ਵਰਗੀਆਂ ਛੋਟੀਆਂ ਰਿਆਸਤਾਂ ਬੜੀ ਹੱਦ ਹੋਊ, ਤਾਂ ਆਪਣਿਆਂ ਨੂੰ ਇਸ ਕੰਮ ਲਈ ਲਫਟੈਣ ਜਾਂ ਸੂਬੇਦਾਰ ਤਾਂ ਜ਼ਰੂਰ ਬਣਾ ਦਿੰਦੀਆਂ ਹੋਣਗੀਆਂ।

ਉਸਦਾ ਆਉਣਾ ਮੈਨੂੰ ਆਪਣਾ ਪਵਾੜਾ ਜਾਪਿਆ। ਮੈਂ ਦਿਲ ਵਿਚ ਡਰਨ ਡਹਿ ਪਿਆ। ਕਮਾਂਡਰ ਇਨ ਚੀਫ ਆਵੇਗਾ, ਨਾਲ ਉਸਦੇ ਆਪਣੇ ਕਈ ਲਗੇ ਬੱਧੇ ਹੋਣਗੇ। ਫੇਰ ਇਥੋਂ ਮਰਦਾਨ ਦਾ ਫੌਜੀ ਕਮਾਂਡਰ, ਜ਼ਿਲੇ ਦਾ ਡਿਪਟੀ ਕਮਿਸ਼ਨਰ ਨਹੀਂ ਤਾਂ ਕੋਈ ਹੋਰ ਅਫਸਰ, ਪੁਲਸ ਕਪਤਾਨ ਨਹੀਂ ਤਾਂ ਕੋਈ ਇਨਸਪੈਕਟਰ, ਉਸਦੀ ਆਉ ਭਗਤ ਕਰਨ 'ਤੇ ਲਗ ਜਾਏਗਾ। ਇਸ ਘੜਮਸ ਵਿਚ ਮੇਰਾ ਕੀ ਬਣੂੰ ? ਮੇਰੇ ਵਰਗੇ ਅੰਗਰੇਜ਼ ਦੀ ਪੁਲਸ ਤੇ ਸੀ. ਆਈ. ਡੀ. ਤੋਂ ਅਲੋਪ ਹੋਕੇ ਕੰਮ ਕਰ ਰਹੇ ਇਨਕਲਾਬੀ ਲਈ ਬੜੀ ਖਤਰੇ ਦੀ ਘੜੀ ਆ ਗਈ ਸੀ। ਮੇਰੇ ਤਾਂ ਹੱਥਾਂ ਦੇ ਤੋਤੇ ਉਡਣ ਲਗੇ ਤੇ ਮੈਂ ਉਥੋਂ ਤੁਰ ਜਾਣ ਦੀਆਂ ਸੋਚਣ ਲਗ ਪਿਆ।

ਘਰ ਵਿਚ ਇਕੱਲਾ ਰਾਜਾ ਹੀ ਸੀ ਜੋ ਅਜੇ ਕਵਾਰਾ ਸੀ। ਨਾ ਕੋਈ ਜ਼ਨਾਨੀ ਸੀ ਤੇ ਨਾ ਕੋਈ ਹੋਰ ਰੜਾ ਰਿਸ਼ਤੇਦਾਰ। ਉਸ ਕੋਲ ਕੇਵਲ ਤਿੰਨ ਨੌਕਰ ਸਨ ; ਇਕ ਰਸੋਈਆ, ਇਕ ਪੂਰਬੀਆ ਮਾਲੀ ਤੇ ਇਕ ਪਠਾਣ ਚੌਕੀਦਾਰ। ਪਿੰਡ ਦਾ ਪਠਾਣ ਨਾਈ ਵੀ ਸਾਰਾ ਦਿਨ ਘਰ ਆਇਆ ਤੇ ਘਰ ਦੇ ਕੰਮਾਂ ਕਾਰਾਂ ਵਿਚ ਹਥ ਪਲੱਥੀ ਪਵਾ ਦੇਂਦਾ। ਇਹਨਾਂ ਤੋਂ ਇਲਾਵਾਂ ਦਿਨ ਨੂੰ ਹਰ ਵਕਤ ਪੰਜ ਸੱਤ ਪਠਾਣ ਮਜ਼ਾਰੇ ਜਾਂ ਸਾਮੀਆਂ ਆ ਆ ਕੇ ਬੈਠੀਆਂ ਰਹਿੰਦੀਆਂ ਤੇ ਰਾਜੇ ਨਾਲ ਤਾਸ਼ ਉਡਦੀ ਰਹਿੰਦੀ। ਕਿਤੇ ਕਿਤੇ ਦਾਲਾਂ ਚੁਗਣ ਤੇ

ਪੀਹਣ ਕਰਨ ਲਈ ਦੋ ਚਾਰ ਪਠਾਣੀਆਂ ਵੀ ਆਂ ਜਾਂਦੀਆਂ ਸਨ। ਇਹਨਾਂ ਸਾਰਿਆਂ ਤੋਂ ਮੇਰੀ ਸਿਆਸੀ ਸੂੰਧਕ ਨਿਕਲਣ ਦਾ ਨਾ ਕੋਈ ਹਾਵ ਭਾਵ ਸੀ ਤੇ ਨਾ ਖਤਰਾ।

ਮੇਰੇ ਪੰਜ ਸੱਤ ਦਿਨ ਬੜੇ ਚੰਗੇ ਲੰਘ ਗਏ ਸਨ। ਉਹ ਬੜੀ ਅਟੰਕ, ਨਵੇਕਲੀ ਤੇ ਸੁਰਖਿਅਤ ਥਾਂ ਸੀ। ਨੁਹਾਉਣ ਧੋਣ ਤੇ ਖਾਣ ਪੀਣ ਦੀ ਬੜੀ ਮੌਜ ਸੀ।

ਮੈਂ ਸਵੇਰੇ ਉਠਕੇ ਅੱਧ ਕੁ ਫਰਲਾਂਗ 'ਤੇ ਵਗਦੀ ਨਹਿਰ ਵਲ ਨੂੰ ਜੰਗਲ ਪਾਣੀ ਚਲਿਆ ਜਾਂਦਾ। ਜੰਗਲ ਪਾਣੀ ਹੋ ਕੇ ਦਾਤਣ ਭੰਨ ਲੈਂਦਾ ਤੇ ਨਹਿਰ ਦੀ ਪਟੜੀ ਪਟੜੀ ਦਾਤਣ ਕਰਦਾ ਕੋਈ ਮੀਲ ਭਰ ਅਗਾਂਹ ਨਿਕਲ ਜਾਂਦਾ। ਅੱਗੋਂ ਵਾਪਸ ਆਕੇ ਨਹਿਰ ਵਿਚ ਵੜਕੇ ਨਹਾ ਲੈਂਦਾ। ਫੇਰ ਦੁਪਹਿਰ ਦੇ ਸੌਣ ਤੇ ਆਰਾਮ ਕਰਨ ਤੋਂ ਬਾਅਦ ਲੌਢੇ ਵੇਲੇ ਚਾਹ ਤੋਂ ਪਹਿਲਾਂ ਮੈਂ ਫੇਰ ਨਹਿਰ ਵਿਚ ਜਾ ਵੜਦਾ। ਨਹਿਰ ਦੇ ਯਖ ਠੰਡੇ ਪਾਣੀ ਵਿਚ ਵੜਦਿਆਂ ਸਵੇਰੇ ਤਾਂ ਕੁਝ ਝਿਜਕ ਆਉਂਦੀ, ਪਰ ਅਪਰੈਲ ਮਹੀਨੇ ਦੀ ਲੌਢੇ ਵੇਲੇ ਦੀ ਗਰਮੀ ਵਿਚ ਬੜਾ ਹੀ ਅਨੰਦ ਆਉਂਦਾ।

ਖਾਣ ਲਈ ਮੇਜ਼ ਉਤੇ ਦੋਵੇਂ ਵੇਲੇ ਮੀਟ ਨਾਲ ਦੋ ਤਿੰਨ ਹੋਰ ਸਲੂਣੇ ਆ ਜਾਂਦੇ ਸਨ। ਮੀਟ ਕਦੇ ਕੁਕੜ ਹੁੰਦਾ, ਕਦੇ ਤਿੱਤਰ ਕਦੇ ਬਟੇਰਾ ਤੇ ਕਦੇ ਬੱਕਰਾ। ਦੁਪਹਿਰ ਦੀ ਰੋਟੀ ਨਾਲ ਇਕ ਮਿੱਠੀ ਡਿਸ਼ ਤੇ ਰਾਤ ਦੀ ਰੋਟੀ ਨਾਲ ਕੋਈ ਨਾ ਕੋਈ ਫਲ। ਸਵੇਰੇ ਸੂਰਜ ਚੜ੍ਹੇ ਦੀ ਚਾਹ ਨਾਲ ਪਰਾਉਂਠੇ ਤੇ ਦੋ ਦੋ ਆਂਡਿਆਂ ਦਾ ਆਮਲੇਟ ਤੇ ਲੌਢੇ ਵੇਲੇ ਦੀ ਚਾਹ ਨਾਲ ਬਿਸਕੁਟ ਤੇ ਬਦਾਮਾਂ ਜਾਂ ਅਖਰੋਟਾਂ ਦੀਆਂ ਗਿਰੀਆਂ। ਰਾਤ ਨੂੰ ਸੌਣ ਲਗਿਆਂ ਦੁੱਧ ਦਾ ਗਿਲਾਸ। ਇਹ ਖਾਣਾ ਖਾ ਖਾ ਕੇ ਮੇਰੀ ਸਾਰੀ ਮਾਂਦਗੀ ਤੇ ਮੜਤਲ ਨਿਕਲ ਗਈ ਸੀ। ਐਨੀਆਂ ਲਿਹੜਾਂ ਸਾਨੂੰ ਸਿਆਸੀ ਵਰਕਰਾਂ ਨੂੰ ਕਦੋਂ ਕਿਤੇ ਮਿਲਦੀਆਂ ਸਨ? ਮੇਰੀ ਤਾਂ ਰੋਜ਼ ਈਦ ਸੀ।

ਕਮਾਂਡਰ ਇਨ ਚੀਫ ਦੇ ਆਉਣ ਨਾਲ ਮੇਰੇ ਇਸ ਬਹਿਸ਼ਤ ਦੇ ਬਾਕੀ ਰਹਿੰਦੇ ਪੰਜ ਸੱਤ ਦਿਨ ਮੁਕਦੇ ਦਿਸੇ, ਜਿੰਨ੍ਹਾਂ ਨੂੰ ਮੁਕਾਉਣ ਲਈ ਮੇਰਾ ਜੀਅ ਨਹੀਂ ਸੀ ਕਰਦਾ।

ਪਰ ਸਾਡੇ ਵਰਗੇ ਸਿਆਸੀ ਤਿਆਗੀਆਂ ਲਈ ਇਹੋ ਜਿਹੇ ਗੁਲਛਰਿਆਂ ਨੂੰ ਲੱਤ ਮਾਰਨੀ ਕੋਈ ਔਖੀ ਨਹੀਂ ਹੁੰਦੀ। ਇਹ ਜੁਦਾਈ ਅਕਸਮਾਤਰ ਮਹਿਸੂਸ ਤਾਂ ਹੁੰਦੀ ਹੈ, ਪਰ ਇਸ ਨੂੰ ਇਸ ਤਰ੍ਹਾਂ ਵਗਾਹ ਕੇ ਸੁਟ ਦਿਤਾ ਜਾਂਦਾ ਹੈ, ਜਿਸ ਤਰ੍ਹਾਂ ਸੁਣ੍ਹਕੇ ਹੋਏ ਨੱਕ ਨੂੰ।

ਮੈਂ ਆਪਣਾ ਡਰ ਤੇ ਇਥੋਂ ਤੁਰ ਜਾਣ ਦੀ ਇੱਛਾ ਰਾਜੇ ਅੱਗੇ ਪਰਗਟ ਕੀਤੀ। ਉਹ ਮੁੱਛਾਂ ਵਿਚ ਹੱਸਿਆ ਤੇ ਕਹਿਣ ਲਗਾ:

"ਛੱਡੋ ਜੀ! ਇਹ ਕਾਹਦਾ ਕਮਾਂਡਰ ਇਨ ਚੀਫ ਹੈ? ਤੁਸੀਂ ਫਿਕਰ ਨਾ ਕਰੋ, ਜਿਥੇ ਮੈਂ ਹਾਂ ਉਥੇ ਕੋਈ ਤੁਹਾਡੀ ਵਾਅ ਵਲ ਨਹੀਂ ਤਕ ਸਕਦਾ।"

"ਨਹੀਂ, ਮੈਂ ਜਾਨਾ ਵਾਂ, ਤੁਹਾਨੂੰ ਕਾਹਨੂੰ ਤਕਲੀਫ ਦਿਆਂ?" ਮੈਂ ਫੇਰ ਜਾਣ ਲਈ ਛੁਟੀ ਮੰਗਣ ਲਗ ਪਿਆ।

"ਮੈਂ ਤੁਹਾਨੂੰ ਨਹੀਂ ਜਾਣ ਦਿਆਂਗਾ, ਤੁਸੀਂ ਤਸੱਲੀ ਰਖੋ, ਤੁਹਾਡਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ।"

ਰਾਜੇ ਨੇ ਮੈਨੂੰ ਵਿਚੇ ਹੀ ਟੋਕ ਕੇ ਧਰਵਾਸ ਦੇਣਾ ਸ਼ੁਰੂ ਕੀਤਾ ।

"ਉਹ ਤਾਂ ਮਾਮੂਲੀ ਆਦਮੀ ਆ, ਤੁਸੀਂ ਬਿਲਕੁਲ ਨਾ ਡਰੋ ।" ਰਾਜੇ ਨੇ ਮੇਰਾ ਹੋਰ ਡਰ ਦੂਰ ਕਰਨ ਲਈ ਆਖਿਆ ।

ਉਸਦੇ ਬੋਲ ਵਿਚ ਸੰਜੀਦਗੀ ਸੀ । ਮੈਂ ਇਹ ਲਭਕੇ ਬੜਾ ਹੀ ਹੈਰਾਨ ਹੋਇਆ ਕਿ ਉਹ ਕਮਾਂਡਰ ਇਨ ਚੀਫ ਨੂੰ ਐਰਾ ਗੈਰਾ ਹੀ ਸਮਝ ਰਿਹਾ ਸੀ ।

ਮੇਰਾ ਕੁਝ ਧੁੜਕੂ ਦੂਰ ਹੋਇਆ ਤੇ ਮੈਨੂੰ ਰਾਜੇ ਦੇ ਦਿੱਤੇ ਧਰਵਾਸ ਉਤੇ ਵਿਸ਼ਵਾਸ ਕਰਨਾ ਹੀ ਪਿਆ । ਮੈਂ ਕਮਾਂਡਰ ਇਨ ਚੀਫ ਦੇ ਆਉਣ ਤੇ ਰਹਿਣ ਦਾ ਤਮਾਸ਼ਾ ਵੇਖਣ ਲਈ ਤਿਆਰ ਹੋ ਗਿਆ ।

ਪਰ ਫੇਰ ਵੀ ਦਿਲ ਵਿਚ ਡਰ ਦੀ ਕੋਈ ਨ ਕੋਈ ਚੋਭ ਵਜਦੀ ਹੀ ਰਹੀ ।

o

ਪਰਸੋਂ ਆ ਗਈ । ਉਸ ਦਿਨ ਕਮਾਂਡਰ ਇਨ ਚੀਫ ਨੇ ਆ ਹੀ ਜਾਣਾ ਸੀ । ਬੈਠਕ ਵਿਚ ਡੱਠੇ ਦੋ ਕਾਊਚਾਂ ਤੇ ਚਹੁੰ ਸੋਫਿਆਂ ਦੇ ਉਛਾੜ, ਤਿੰਨਾਂ ਤਪਾਈਆਂ ਦੇ ਪੋਸ਼ ਤੇ ਚਹੁੰ ਆਰਾਮ ਕੁਰਸੀਆਂ ਦੀਆਂ ਗੱਦੀਆਂ ਤੇ ਢੋਆਂ ਦੇ ਗਿਲਾਫ ਬਦਲ ਦਿਤੇ ਗਏ । ਖੱਬੇ ਪਾਸੇ ਦੇ ਕਮਰੇ ਦੇ ਵਾਧੂ ਮੰਜੇ ਬਿਸਤਰੇ ਚੁਕਾ ਕੇ ਬਾਹਰ ਪਿਛਲੇ ਪਾਸੇ ਬਣੇ ਸਟੋਰ ਕਮਰੇ ਵਿਚ ਰਖਵਾ ਤੇ ਉਸ ਵਿਚ ਕਮਾਂਡਰ ਇਨ ਚੀਫ ਤੇ ਉਸਦੇ ਸਾਹਿਬਜ਼ਾਦੇ ਲਈ ਦੋ ਪਲੰਗ ਬਿਸ-ਤਰੇ ਕਰ ਦਿਤੇ ਗਏ । ਦੂਹੰ ਪਲੰਗਾਂ ਵਿਚਾਲੇ ਇਕ ਤਿਪਾਈ ਤੇ ਦੋ ਆਰਾਮ ਕੁਰਸੀਆਂ ਰਖ ਦਿਤੀਆਂ ਗਈਆਂ । ਤਸੱਲੀ ਕਰਨ ਲਈ ਬਿਜਲੀ ਦੇ ਦੋਵੇਂ ਲਾਟੂ ਤੇ ਪੱਖਾ ਚਲਾਕੇ ਵੇਖ ਲਏ ਗਏ ।

ਸੱਜੇ ਪਾਸੇ ਦੇ ਕਮਰੇ ਵਿਚ, ਜੋ ਬਾਹਰਲੇ ਫਾਟਕ ਦੇ ਨਾਲ ਸੀ, ਇਕ ਤਿਪਾਈ ਤਿੰਨ ਕੁਰਸੀਆਂ ਤੇ ਤਿੰਨ ਪਲੰਗ ਬਿਸਤਰੇ ਸਨ । ਰਾਜਾ ਤੇ ਮੈਂ ਦਿਨ ਨੂੰ ਇਥੇ ਹੀ ਪੱਖੇ ਹੇਠ ਸੌਂਦੇ ਸਾਂ ਤੇ ਦੁਪਹਿਰ ਦੀ ਰੋਟੀ ਤੇ ਲੌਢੇ ਵੇਲੇ ਦੀ ਚਾਹ ਵੀ ਸਾਡੀ ਬਾਹਲੀ ਇਥੇ ਹੀ ਹੁੰਦੀ ਸੀ । ਸਵੇਰ ਦੀ ਚਾਹ ਬਾਹਰ ਘਾਹ ਵਾਲੇ ਵਿਹੜੇ ਵਿਚ ਤੇ ਤਰਕਾਲਾਂ ਦੀ ਰੋਟੀ ਬਰਾਂਡਿਉਂ ਹੇਠਾਂ ਪੱਕੀਆਂ ਇੱਟਾਂ ਦੇ ਫਰਸ਼ ਵਾਲੀ ਸੜਕ 'ਤੇ । ਇਥੇ ਹੀ ਸਾਡੇ ਰਾਤ ਨੂੰ ਸੌਣ ਲਈ ਮੰਜੇ ਬਿਸਤਰੇ ਕਰ ਦਿਤੇ ਜਾਂਦੇ ਸਨ ।

ਕਮਾਂਡਰ ਇਨ ਚੀਫ ਨੇ ਲੌਢੇ ਵੇਲੇ ਆਉਣਾ ਸੀ । ਰਾਜੇ ਦਾ ਤਾਂਗਾ ਉਸਨੂੰ ਲੈਣ ਲਈ ਸੜਕ 'ਤੇ ਗਿਆ ਹੋਇਆ ਸੀ । ਅਸੀਂ ਦੁਪਹਿਰ ਦੇ ਖਾਣੇ ਤੋਂ ਬਾਅਦ ਆ ਜਾਣ ਵਾਲੀ ਨੀਂਦ ਤੋਂ ਜਾਗ ਕੇ ਅਜੇ ਸੋਮਨ ਨਹੀਂ ਹੋਏ ਸਾਂ ਕਿ ਬਾਹਰੋਂ ਆਵਾਜ਼ ਸੁਣੀ, "ਉਈ ਆ ਗਏ ।"

ਅਸਾਂ ਆਕੜਾਂ ਲਈਆਂ, ਅੱਖਾਂ ਮਲੀਆਂ ਤੇ ਉਠਕੇ ਪਲੰਗਾਂ 'ਤੇ ਬੈਠ ਗਏ । ਰਾਜਾ ਫਟਾਫਟ ਉਤਰਕੇ ਬਾਹਰ ਨਿਕਲ ਗਿਆ ਤੇ ਮੈਨੂੰ ਵੀ ਆਉਣ ਲਈ ਅੱਖ ਮਾਰ ਗਿਆ । ਮੈਂ ਉਠਿਆ, ਚਪਲੀ ਪਾਈ, ਕੁੱਲਾ ਲੁੰਗੀ ਸਿਰ 'ਤੇ ਰੱਖੀ ਅਤੇ ਰਾਜੇ ਦੇ ਮਗਰੇ ਹੀ ਬਾਹਰ ਚਲਿਆ ਗਿਆ । ਘਰ ਦੇ ਨੌਕਰ ਤੇ ਦਸ ਬਾਰਾਂ ਪਠਾਣ ਸਾਥੋਂ ਅੱਗੇ ਹੀ ਉਥੇ ਖੜੇ ਸਨ । ਅਸੀਂ ਵੀ ਫਾਟਕ 'ਤੇ ਆ ਗਏ । ਖੱਬੇ ਬੰਨੇ ਨਹਿਰ ਵਾਲੇ ਪਾਸੇ ਦਸ ਕੁ ਕਰਮਾਂ ਹਟ ਕੇ ਦਸ

ਪੰਦਰਾਂ ਪਠਾਣੀਆਂ ਤੇ ਬੱਚੇ ਖੜੇ ਫਾਟਕ ਵਲ ਵੇਖ ਰਹੇ ਸਨ ਤੇ ਸੱਜੇ ਪਾਸੇ ਪੱਕੀ ਸੜਕ ਵਾਲੇ ਬੰਨਿਉਂ ਬੱਗੀ ਘੋੜੀ ਵਾਲਾ ਤਾਂਗਾ ਫਾਟਕ ਲਾਗੇ ਆਕੇ ਖਲੋ ਗਿਆ। ਸਾਹਮਣੇ ਪਾਸੇ ਸੜਕ 'ਤੇ ਚੁਗ ਰਹੀਆਂ ਕੁਕੜੀਆਂ ਤਾਂਗੇ ਦੀ ਦਗੜ ਦਗੜ ਤੋਂ ਡਰ ਕੇ ਕੈਂ ਕੈਂ ਕਰਦੀਆਂ ਦੌੜ ਗਈਆਂ।

ਪਿਛਲੀ ਸੀਟ ਉੱਤੇ ਮਾੜਚੂ ਜਿਹਾ ਪਠਾਣ ਬੁਢੜ ਤੇ ਇਕ ਬਚੂੰਗੜਾ ਬੈਠੇ ਸਨ। ਰਾਜੇ ਤੇ ਉਸਦੇ ਪਿੱਛੇ ਅਸਾਂ ਸਾਰਿਆਂ ਨੇ ਉਸਨੂੰ ਤਾਂਗੇ 'ਤੇ ਬੈਠੇ ਨੂੰ ਹੀ ਸਲਾਮ ਅਲੈਕਮ ਸੁੱਟੀ। ਉਸਨੇ ਜਵਾਬ ਵਿਚ ਵਾਅਲੈਕਮ ਸਲਾਮ ਆਖੀ ਤੇ ਤਾਂਗੇ ਤੋਂ ਉਤਰਨ ਲਈ ਅਹੁਲਣ ਲਗ ਪਿਆ। ਉਸਦੀ ਬੁਢੀ ਵਰੇਸ ਤੇ ਮਾੜੇ ਸਰੀਰ ਨੂੰ ਵੇਖਕੇ; ਜਾਂ ਉਸਦੇ ਸਤਿ-ਕਾਰ ਲਈ ਰਾਜਾ ਅੱਗੇ ਵਧਿਆ ਤੇ ਉਸਨੂੰ ਉਤਾਰਨ ਲਈ ਸਹਾਰਾ ਦੇਣ ਲੱਗਾ। ਰਾਜੇ ਨੂੰ ਅੱਗੇ ਵਧਿਆ ਵੇਖ ਉਸਦਾ ਅਮਲਾ ਫੈਲਾ ਟੁਟ ਕੇ ਪੈ ਗਿਆ ਤੇ ਉਸਨੂੰ ਸਾਰਿਆਂ ਨੇ ਤਾਂਗੇ ਵਿਚੋਂ ਇਸ ਤਰ੍ਹਾਂ ਹੱਥੋ ਹੱਥੀ ਬਚਾ ਬਚਾ ਤੇ ਥੰਮ ਥੰਮਾ ਕੇ ਉਤਾਰਿਆ; ਜਿਸ ਤਰ੍ਹਾਂ ਉਹ ਕੋਈ ਕੱਚ ਦੀ ਮੂਰਤੀ ਹੋਵੇ।

ਉਸਨੂੰ ਭੁੰਜੇ ਰਖਕੇ ਰਾਜਾ ਉਸਨੂੰ ਗਲ ਲਗ ਕੇ ਮਿਲਿਆ ਤੇ ਖੈਰ ਸੁਖ ਪੁਛੀ ਪੁਛਾਈ। ਮੈਂ ਵੀ ਅੱਗੇ ਹੋਕੇ ਉਸ ਨਾਲ ਦਸਤ ਪੰਜਾ ਲਿਆ ਤੇ ਅਸਾਂ ਦੁਹਾਂ ਨੇ ਆਪੋ ਆਪਣੀਆਂ ਹਿੱਕਾਂ ਉਤੇ ਹੱਥ ਰਖ ਕੇ ਇਕ ਦੂਜੇ ਦੀ ਖੈਰ ਮੰਗੀ। ਸਾਹਿਬਜ਼ਾਦੇ ਨੂੰ ਨਾਈ ਨੇ ਕੱਛਾਂ ਵਿਚ ਹੱਥ ਦੇ ਕੇ ਗੱਦੀ ਤੋਂ ਚੁਕਿਆ ਤੇ ਭੁੰਜੇ ਖਲਿਹਾਰ ਦਿਤਾ। ਕੋਚਵਾਨ ਨੇ ਉਸਦਾ ਇਕ ਦਰਮਿਆਨਾ ਜਿਹਾ ਚਮੜੇ ਦਾ ਸੂਟ ਕੇਸ ਤਾਂਗੇ ਵਿਚੋਂ ਕਢਕੇ ਨਾਈ ਨੂੰ ਫੜਾ ਦਿਤਾ। ਇਹੀ ਉਸਦਾ ਸਾਰਾ ਸਮਾਨ ਸੀ।

ਅਸੀਂ ਸਾਰੇ ਜਲੂਸ ਬਣਾ ਕੇ ਉਸ ਨੂੰ ਅੰਦਰ ਲੈ ਗਏ ਤੇ ਬੈਠਕ ਵਿਚ ਜਾ ਬਿਠਾ-ਇਆ। ਬਿਜਲੀ ਦਾ ਪੱਖਾ ਛੱਡ ਦਿਤਾ। ਹੋਰ ਖੈਰ ਖੈਰੀਅਤ ਤੇ ਸੁਖਸਾਂਦ ਪੁਛਦਿਆਂ ਪੁਛਾਂਦਿਆਂ ਨੂੰ ਨਾਈ ਨਿੱਕਾ ਜਿਹਾ ਹੁੱਕਾ ਤੇ ਚਿਲਮ ਲੈ ਆਇਆ। ਉਸਨੇ ਆਪਣੀ ਸਲ-ਵਾਰ ਦੇ ਨੇਂਗ ਨਾਲ ਬੱਧੀ ਮੈਲੀ ਜਿਹੀ ਗੁਥਲੀ ਕੱਢੀ ਤੇ ਉਸ ਵਿਚੋਂ ਸੁੱਕਾ ਤਮਾਕੂ ਲੈਕੇ ਹੱਥ ਦੀ ਹਥਾਲੀ ਨਾਲ ਮਿਲਿਆ ਤੇ ਚਿਲਮ ਭਰ ਦਿੱਤੀ। ਡੱਬੀ ਵਿਚੋਂ ਤੀਲੀ ਕਢਕੇ ਬਾਲੀ ਤੇ ਚਿਲਮ ਦੇ ਤਮਾਕੂ ਨੂੰ ਅੱਗ ਲਾ ਦਿਤੀ। ਕਮਾਂਡਰ ਇਨ ਚੀਫ ਨੇ ਨੜੀ ਫੜਕੇ ਮੂੰਹ ਨੂੰ ਲਾਈ ਤੇ ਇਕੋ ਸਾਹੇ ਜਲ ਰਹੇ ਤਮਾਕੂ ਦੇ ਤਿੰਨ ਸੂਟੇ ਖਿੱਚ ਲਏ। ਤੀਜੇ ਸੂਟੇ 'ਤੇ ਉਸ ਨੂੰ ਉਥੂ ਆ ਗਿਆ ਤੇ ਉਹ ਐਨੇ ਜ਼ੋਰ ਦੀ ਖੰਘਿਆ ਕਿ ਉਸ ਦੀਆਂ ਪੱਸਲੀਆਂ ਤਕ ਹਿਲ ਗਈਆਂ। ''ਬੜਾ ਕੌੜਾ ਤਮਾਕੂ ਹੈ ?'' ਕਹਿਕੇ ਉਸਨੇ ਨੜੀ ਛੱਡ ਦਿਤੀ। ਨਾਈ ਨੇ ਹੁੱਕਾ ਪਿਛਾਂਹ ਖਿੱਚ ਲਿਆ ਤੇ ਆਪ ਤਿੰਨ ਸੂਟੇ ਲਾ ਲਏ। ਉਸਤੋਂ ਅੱਗੇ ਭੁੰਜੇ ਗਲੀਚੇ 'ਤੇ ਬੈਠੇ ਹੋਰ ਪਠਾਣਾਂ ਨੇ ਵਾਰੀ ਕਢੀ ਤੇ ਇਸ ਤਰ੍ਹਾਂ ਤਮਾਕੂ ਮੁਕ ਜਾਣ ਤਕ ਸੂਟਿਆਂ ਦੀ ਵਾਰੀ ਚਲਦੀ ਰਹੀ।

ਫਿਰ ਨਿੱਤ ਦਿਹਾੜੀ ਵਾਲੀ ਚਾਹ ਆ ਗਈ, ਬਿਸਕੁਟ ਤੇ ਬਦਾਮਾਂ ਤੇ ਖਰੋਟਾਂ ਦੀਆਂ ਗਿਰੀਆਂ। ਦੋ ਅਸੀਂ ਤੇ ਦੋ ਉਹ ਪਿਉ ਪੁੱਤਰ ਚਾਹ 'ਤੇ ਬੈਠੇ। ਬਾਕੀ ਸਭ ਉਠਕੇ ਬਾਹਰ ਚਲੇ ਗਏ।

ਮੈਂ ਉਹਦੇ ਵਲ ਉਦੋਂ ਤੋਂ ਹੀ ਭੁਖਿਆਂ ਵਾਂਗ ਵੇਖਣਾ ਸ਼ੁਰੂ ਕੀਤਾ ਹੋਇਆ ਸੀ ਜਦ ਤੋਂ ਉਹ ਤਾਂਗੇ ਵਿਚੋਂ ਉਤਰਨ ਲਗਾ ਸੀ। ਮੈਂ ਉਹਦਾ ਅੰਗ ਅੰਗ ਤੇ ਰੋਮ ਰੋਮ ਤਕਿਆ। ਮੈਨੂੰ ਤਾਂ ਉਹ ਨਿਰਾ ਬੰਦਾ ਹੀ ਲੱਗਾ!

ਕੁੱਲੇ ਉਤੇ ਆਮ ਪਠਾਣਾਂ ਵਰਗੀ ਹਲਕੀ ਨੀਲੀ ਟਸਰੀ ਲੁੰਗੀ, ਗਲ ਮਸ਼ੀਨੀ ਲੁਧਿਆਣੇ ਦੀ ਕਮੀਜ਼, ਤੇੜ ਬੇੜੇ ਵਲਾਂ ਵਾਲੀ ਲੱਠੇ ਦੀ ਸਲਵਾਰ ਤੇ ਪੈਰੀਂ ਮਾਮੂਲੀ ਚਪਲੀ। ਇਹ ਉਹਦੀ ਸਾਰੀ ਪੁਸ਼ਾਕ ਸੀ। ਉਸਦੀ ਤੋਰ, ਬਹਿਣ ਖਲੋਣ, ਵਿਚ ਵੀ ਅਫ-ਸਰਾਂ ਵਾਲਾ ਕੋਈ ਲੱਲ ਨਹੀਂ ਸੀ। ਉਹ ਇਕ ਸਾਧਾਰਨ ਜਿਹਾ ਪੇਂਡੂ ਪਠਾਣ ਜਾਪਦਾ ਸੀ।

ਉਹ ਪੰਜਾਹਾਂ ਤੋਂ ਟਪਿਆ ਹੋਇਆ ਸੀ। ਉਸਦੇ ਕਾਲਿਆਂ ਤੋਂ ਧੌਲੇ ਚੜ੍ਹੇ ਹੋਏ ਸਨ। ਕਾਲਿਆਂ ਦੀ ਕੇਵਲ ਭਾਅ ਹੀ ਬਾਕੀ ਰਹਿ ਗਈ ਸੀ। ਛੋਟੀ ਜਿਹੀ ਸ਼ੇਖਾਂ ਵਰਗੀ ਕਾਲੀ ਭਾਅ ਮਾਰਦੀ ਬੱਗੀ ਦਾਹੜੀ। ਸਰੀਰ ਦਾ ਛੱਲਿਆਂ ਵਰਗਾ ਘਸਮੈਲਾ ਰੰਗ। ਉਸਦੇ ਸੁੱਕੇ ਸੜੇ ਪਤਲੇ ਪਤੰਗ ਸਰੀਰ ਦੀਆਂ ਹੱਡੀਆਂ ਪੱਸਲੀਆਂ ਤੇ ਹੜਬਾਂ ਇਸ ਤਰ੍ਹਾਂ ਨਿਕਲੀਆਂ ਹੋਈਆਂ ਸਨ ਜਿਸ ਤਰ੍ਹਾਂ ਕੰਜਰੀਆਂ ਦੇ ਉਸਤਾਦਾਂ ਦੀਆਂ ਹੁੰਦੀਆਂ ਹਨ।

ਸਾਹਿਬਜ਼ਾਦਾ ਸੱਤ ਅੱਠ ਸਾਲ ਦਾ ਬਚੂੰਗੜਾ ਸੀ, ਜਿਸਦੇ ਲੱਠੇ ਦੀ ਕਮੀਜ਼, ਸਿਰ 'ਤੇ ਕਾਲੇ ਛਬੇ ਵਾਲੀ ਲਾਲ ਰੂਮੀ ਟੋਪੀ ਤੇ ਪੈਰੀਂ ਚੱਪਲਾਂ ਸਨ। ਅੱਖਾਂ ਚੁੰਨ੍ਹੀਆਂ, ਜਿੰਨ੍ਹਾਂ ਵਿਚੋਂ ਸਿਮ ਰਹੀ ਖੇਰ ਝਿਮਣੀਆਂ ਤੋਂ ਦੀ ਘਾਹ ਉਤੇ ਪਈ ਤ੍ਰੇਲ ਵਾਂਗ ਤੁਬਕੇ ਬਣ ਬਣ ਗੱਲ੍ਹਾਂ 'ਤੇ ਚੋਣ ਲਗ ਪੈਂਦੀ ਸੀ ਤੇ ਇਸ ਚੋਏ ਨੂੰ ਪੂੰਝਣ ਲਈ ਉਸਦੇ ਮੋਢੇ 'ਤੇ ਇਕ ਨਿੱਕਾ ਜਿਹਾ ਤੌਲੀਆ ਰਖਿਆ ਹੋਇਆ ਸੀ।

ਪਿਉ ਪੁੱਤਰ ਦੋਹਾਂ ਨੂੰ ਵੇਖਿਆਂ ਜਾਚਿਆਂ ਤਾਂ ਉਸਦੀ ਕਮਾਂਡਰ ਇਨ ਚੀਫ ਵਾਲੀ ਕੋਈ ਵਜਾਅ ਕਤਾਅ ਨਹੀਂ ਸੀ।

ਖੈਰ ਇਸ ਬੰਦੇ ਨੂੰ ਹੀ ਕਮਾਂਡਰ ਇਨ ਚੀਫ ਆਖਦੇ ਸਨ ਤੇ ਇਸੇ ਨੇ ਹੀ ਆਉਣਾ ਸੀ। ਸੋ ਉਹ ਆ ਗਿਆ।

ਜਦ ਚਾਹ ਪਾਣੀ ਤੋਂ ਬਾਅਦ ਉਸਨੂੰ ਆਰਾਮ ਕਰਨ ਲਈ ਉਸਦੇ ਕਮਰੇ ਵਿਚ ਭੇਜ ਦਿਤਾ ਗਿਆ ਤਾਂ ਮੈਂ ਰਾਜੇ ਨੂੰ ਆਪਣੇ ਮਨ ਦਾ ਸ਼ੰਕਾ ਪ੍ਰਗਟ ਕੀਤਾ। ਉਸਨੇ ਮੁਸਕੜੀਆਂ ਵਿਚ ਹੱਸਕੇ ਦਸਿਆ ਕਿ "ਸਰਹੱਦ ਦੀਆਂ ਰਿਆਸਤਾਂ ਬਹੁਤ ਹੀ ਗਰੀਬ ਹਨ। ਇਥੋਂ ਦੇ ਖਾਨਾਂ ਤੇ ਮਿਹਤਰਾਂ ਕੇ ਘਰੀਂ ਤਾਂ ਭੰਗ ਭੁਜਦੀ ਹੈ। ਇਸ ਲਈ ਇਥੋਂ ਦੇ ਇਹੋ ਜਿਹੇ ਵਲਾਯੋੜ ਹੀ ਕਮਾਂਡਰ ਇਨ ਚੀਫ ਹੁੰਦੇ ਹਨ। ਇਹ ਲੋਕ ਤਾਂ ਸਾਥੋਂ ਉਧਾਰ ਲੈ ਲੈ ਖਾਂਦੇ ਰਹਿੰਦੇ ਹਨ। ਇਹ ਪਰਾਹੁਣਾ ਬੁੱਢਾ ਚਿਤਰਾਲ ਦੇ ਮਿਹਤਰ ਦਾ ਛੋਟਾ ਭਰਾ ਹੈ।"

ਮੇਰੇ ਦਿਲ ਵਿਚ ਇਸ ਬੰਦੇ ਵਿਰੁਧ ਉਠ ਪਈ ਹੋਈ ਕਦੂਰਤ ਦੂਰ ਹੋ ਗਈ। ਮੈਨੂੰ ਪਤਾ ਹੀ ਨਹੀਂ ਸੀ ਕਿ ਅੰਗਰੇਜ਼ਾਂ ਨੇ ਸਰਹੱਦ ਵਿਚ ਅਜਿਹੀਆਂ ਬਣਟੁਟ ਰਿਆਸਤਾਂ ਬਣਾ ਰਖੀਆਂ ਸਨ ਜਿੰਨਾਂ ਦੇ ਨਵਾਬ ਤੇ ਕਮਾਂਡਰ ਇਨ ਚੀਫ ਸਮਾਜੀ ਤੇ ਸਿਆਸੀ ਤੌਰ 'ਤੇ ਮਾਮੂਲੀ ਖਾਨ ਦੀ ਪੱਧਰ ਤੋਂ ਉਚੇ ਨਹੀਂ ਸਨ ਉਠ ਸਕੇ ਤੇ ਉਨ੍ਹਾਂ ਨੂੰ ਨਵੀਂ

ਰੋਸ਼ਨੀ (ਸਰਮਾਇਆਦਾਰ ਪੈਦਾਵਾਰ ਤੇ ਆਰਥਿਕਤਾ) ਦੀ ਕਿਰਨ ਤਕ ਨਹੀਂ ਸੀ ਪੋਹੀ ।

ਮੈਂ ਇਸਦਾ ਇਹ ਨਤੀਜਾ ਕਢਕੇ ਬੜਾ ਦੁਖੀ ਹੋਇਆ ਕਿ ਜਿਨ੍ਹਾਂ ਰਿਆਸਤਾਂ ਦੇ ਹਾਕਮਾਂ ਦਾ ਇਹ ਹਾਲ ਸੀ ਉਨ੍ਹਾਂ ਦੀ ਪਰਜਾ ਕਿੱਥੋਂ ਢਿੱਡ ਭਰ ਕੇ ਖਾਂਦੀ ਤੇ ਮਨਮਰਜ਼ੀ ਦਾ ਪਹਿਨਦੀ ਹੋਵੇਗੀ । □

ਰਣਜੀਤ ਮਾਧੋਪੁਰੀ

## ਮੇਰੇ ਮਿਹਰਬਾਨ

ਮੇਰੇ ਮਿਹਰਬਾਨ
ਬਿਲਕੁਲ ਠੀਕ ਫਰਮਾਇਆ ਏ ਤੁਸਾਂ
ਮੈਂ ਤੁਹਾਡੇ ਸ਼ਹਿਰ ਦਾ ਖਲਨਾਇਕ ਹਾਂ
ਸ਼ਹਿਰ ਕਿ ਜਿਥੇ ਫੁੱਲ ਵੀ ਵਲਗਣਾਂ 'ਚ ਕੈਦ ਨੇ—
ਨਵੇਂ ਜ਼ਰਾਬਕਤਰ 'ਚ ਸਜੇ
ਤੁਹਾਡੇ ਸੰਵਿਧਾਨਿਕ ਨਾਇਕ ਲਈ ਸੌਖਾ ਹੈ
ਰੁੱਤ-ਅਨੁਕੂਲ ਨਾਹਰਿਆਂ ਦੀ ਵਾਛੜ ਨਾਲ
ਜੰਮਦੀਆਂ ਸੂਲਾਂ ਦੇ ਮੂੰਹ ਭੰਨਣਾ
ਮੈਥੋਂ ਤਾਂ ਗਰਭਵਤੀਆਂ ਦੇ ਸੁਪਨੇ ਵਲੂੰਦਰੇ ਨਹੀਂ ਜਾਂਦੇ
ਤੇ ਨਾ ਹੀ ਮੇਰੇ ਮੱਥੇ ਦਾ ਕਾਲਾ ਨਾਗ
ਤੁਹਾਡੇ ਮੁਕਟਾਂ ਨੂੰ ਮੰਚ ਨੂੰ ਆਉਣਾ ਹੈ—
ਤੁਸੀਂ ਤਾਂ ਆਸ ਰਖਦੇ ਸੀ
ਕਿ ਮੈਂ ਤੁਹਾਡੇ ਸ਼ਹਿਰ ਦੀ ਫਿਜ਼ਾ ਮੁਤਾਬਕ
ਰੰਗਾਂ ਦੀ ਸੂਚੀ ਬਣਾਂ
ਪਰ ਮੈਨੂੰ ਤਾਂ ਆਪਣੇ ਵਿਰਸੇ ਦੀ ਰੰਗਤ ਹੀ ਕਾਫੀ ਹੈ
ਤੁਹਾਡਾ ਨਾਇਕ ਖੂਬ ਜਾਣਦਾ ਹੈ ਗਿਰਗਟ ਦੀ ਫਿਤਰਤ
ਪਰ ਮੇਰੀ ਕੁਲੱਛਣੀ ਜੀਭ ਕੋਲੋਂ
ਰੰਗ-ਬਰੰਗੇ ਭਾਸ਼ਨਾਂ ਦੀ ਇਬਾਰਤ ਰਟੀ ਨਹੀਂ ਜਾਂਦੀ
ਤੇ ਨਾ ਹੀ ਤੁਹਾਡੀ ਮੌਸਮੀ-ਵਰਦੀ ਮੇਰੇ ਜ਼ਿਹਨ ਨੂੰ ਮਾਫ਼ਕ ਹੈ ।
ਸਮੁੰਦਰ ਲਈ ਛੱਪੜ ਬਣਨਾ ਬਹੁਤ ਮੁਸ਼ਕਲ ਹੈ ਮੇਰੇ ਮਿਹਰਬਾਨ
ਤੁਹਾਡੀ ਫਰਾਖ-ਦਿਲੀ ਲਈ ਸ਼ੁਕਰੀਆ— ○

[ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ]

ਜਸਵੰਤ ਸਿੰਘ ਵਿਰਦੀ

# ਲੂਣੀ

ਲੂਣੀ ਬਾਰੇ ਕੇਵਲ ਸੁਣਿਆਂ ਹੀ ਸੀ, ਉਹਦੇ ਦਰਸ਼ਨ ਨਹੀਂ ਸਨ ਕੀਤੇ। ਫੇਰ ਜਦੋਂ ਦਰਸ਼ਨ ਕੀਤੇ ਤਾਂ ਇਸ ਤਰ੍ਹਾਂ ਕਿ ਮੁੜ ਕੇ ਵਿਸਰੇ ਹੀ ਨਾ !

ਮੇਰੀ ਮਿੱਤਰ ਕੁੜੀ ਪ੍ਰਤਿਭਾ ਚਾਲ ਢਾਲ ਤੋਂ ਤਾਂ ਦਿੱਲੀ ਵਾਲੀ ਹੀ ਪ੍ਰਤੀਤ ਹੁੰਦੀ ਸੀ ਪਰ ਜਦੋਂ ਉਹ ਰਾਜਸਥਾਨੀ ਲਹਿਜੇ 'ਚ ਹਿੰਦੀ ਬੋਲਦੀ (ਜਿਸ ਵਿਚ ਪੰਜਾਬੀ ਦੀ ਮੜ੍ਹਕ ਵੀ ਸੀ !) ਤਾਂ ਮੈਨੂੰ ਵਿਸ਼ਵਾਸ ਹੋ ਜਾਂਦਾ ਕਿ ਉਹ ਮਾਰੂਥਲ ਵਿਚੋਂ ਫੁਟਿਆ ਹੋਇਆ ਸੋਮਾ ਹੀ ਹੈ।

ਪ੍ਰਤਿਭਾ ਕਵਿਤਾ ਲਿਖਦੀ ਸੀ, ਤੇ ਕਈ ਵਾਰ ਬਹੁਤ ਵਧੀਆ ਵੀ ਲਿਖ ਲੈਂਦੀ ਸੀ। ਪਰ ਮੈਨੂੰ ਤਕਲੀਫ ਇਸ ਗੱਲ ਦੀ ਸੀ ਕਿ ਉਹ ਆਪਣੇ ਘਰ ਅਤੇ ਆਪਣੀ ਧਰਤੀ ਬਾਰੇ ਨਹੀਂ, ਸਗੋਂ ਦਿੱਲੀ ਦੀ ਤੜਕ ਮੜਕ ਭਰੀ ਜ਼ਿੰਦਗੀ ਬਾਰੇ ਲਿਖ ਕੇ ਹੀ ਖੁਸ਼ ਸੀ।

'ਪ੍ਰਤਿਭਾ ਤੂੰ ਆਪਣੇ ਘਰ ਬਾਰੇ ਲਿਖ !'

'ਮੇਰੀ ਮਾਂ ਬਚਪਨ ਵਿਚ ਹੀ ਮਰ ਗਈ ਸੀ, ਤੇ ਮੈਨੂੰ ਕਦੀ ਵੀ ਘਰ ਪ੍ਰਾਪਤ ਨਹੀਂ ਹੋਇਆ।'

'ਫੇਰ ਤੂੰ ਲੂਣੀ ਨਦੀ ਬਾਰੇ ਲਿਖ।'

'ਲੂਣੀ ?'

'ਹਾਂ।'

'ਤੁਹਾਨੂੰ ਲੂਣੀ ਦਾ ਕਿਵੇਂ ਪਤੈ ?'

'ਮੈਂ ਉਹਨੂੰ ਨਕਸ਼ੇ 'ਚ ਵੇਖਿਆ !'

'ਮੈਂ ਉਹਨੂੰ ਸੁਪਨਿਆਂ 'ਚ ਵੇਖਦੀ ਹਾਂ !'

'ਕਿਵੇਂ ?'

'ਸਾਡਾ ਪਿੰਡ ਲੂਣੀ ਦੇ ਨੇੜੇ ਹੀ ਹੈ ! ਬਸ ਜਿਵੇਂ ਕਿ ਚਾਂਦਨੀ ਚੌਕ ਤੋਂ ਜਮਨਾ ਨੇੜੇ ਹੈ !'

'ਪਰ ਤੂੰ ਮੇਰੇ ਨਾਲ ਲੂਣੀ ਦੀ ਕਦੀ ਗੱਲ ਹੀ ਨਹੀਂ ਕੀਤੀ !'

'ਮੈਨੂੰ ਡਰ ਲਗਦਾ ਸੀ !'

'ਕਿਉਂ ?'

'ਹੁਣ ਲੋਕ ਆਪਣੇ ਪਿਛੋਕੜ ਦੀਆਂ ਗੱਲਾਂ ਨਹੀਂ ਕਰਦੇ, ਆਪਣੇ ਦਰਿਆਵਾਂ, ਪਰਬਤਾਂ ਬਾਰੇ ਨਹੀਂ ਸੋਚਦੇ !'

ਅਤੇ ਉਹ ਉਦਾਸ ਹੋ ਗਈ। ਸ਼ਾਇਦ ਉਸ ਨੂੰ ਆਪਣੀ ਮਾਂ ਚੇਤੇ ਆ ਗਈ ਹੋਵੇ।

'ਹੁਣ ਤੂੰ ਕਦੀ ਪਿੰਡ ਗਈ ਤਾਂ ਮੈਨੂੰ ਨਾਲ ਲੈ ਚਲੀਂ! ਮੈਂ ਲੂਣੀ ਨੂੰ ਮਿਲਣਾ ਚਾਹੁੰਦਾ ਹਾਂ!'

'ਮੈਨੂੰ ਤਾਂ ਸਮੁੱਚਾ ਰਾਜਸਥਾਨ ਹੀ ਇਕ ਦਰਿਆ ਦਾ ਰੂਪ ਪ੍ਰਤੀਤ ਹੁੰਦਾ ਹੈ। ਪਰ ਉਹ ਦਰਿਆ ਪਾਣੀ ਦਾ ਨਹੀਂ; ਸਗੋਂ ਰੇਤ ਦਾ ਹੈ। ਲਿਸ਼ਕਦੀ ਅਤੇ ਥਿਰਕਦੀ ਰੇਤ, ਜੋ ਕਿ ਸਦੀਆਂ ਤੋਂ ਲੈ ਕੇ ਅੱਜ ਤਕ ਧਰਤੀ ਦੀ ਹਿੱਕ ਉਪਰ ਇਕ ਵੀਰਾਨ ਮੌਸਮ ਵਾਂਗ ਫੈਲੀ ਹੋਈ ਹੈ!

'ਪਰ ਉਹ ਫੇਰ ਵੀ ਰਾਜਸਥਾਨ ਨੂੰ ਤਬਾਹ ਨਹੀਂ ਕਰ ਸਕੀ!'

'ਪਤਾ ਨਹੀਂ ਅਸੀਂ ਸੌ ਦੁਖੜੇ ਸਹਿ ਕੇ ਵੀ ਤਬਾਹ ਕਿਉਂ ਨਹੀਂ ਹੁੰਦੇ!' ਪ੍ਰਤਿਭਾ ਦਾ ਮਨ ਖਾਰੇ ਪਾਣੀ ਦੇ ਰੂਪ 'ਚ ਅੱਖਾਂ ਵਿਚੀਂ ਵਗ ਟੁਰਿਆ—

'ਜੀਉਣ 'ਚ ਕੀ ਪਿਆ ਹੋਇਐ?'

ਪ੍ਰਤਿਭਾ ਨੇ ਮੇਰੇ ਨਾਲ ਵਾਹਦਾ ਕੀਤਾ ਕਿ ਉਹ ਮੈਨੂੰ ਲੂਣੀ ਕੋਲ ਜ਼ਰੂਰ ਲਿਜਾਵੇਗੀ!

o

ਰਾਜਸਥਾਨ ਦੇ ਪਛਮੀ ਖੇਤਰ ਵਿਚ ਜਦੋਂ ਅਸੀਂ ਲੂਣੀ ਦੇ ਪਾਣੀਆਂ ਵਲ ਜਾ ਰਹੇ ਸਾਂ; ਤਾਂ ਸਾਡੇ ਰਾਹਵਾਂ 'ਚ ਰੇਤ ਦਾ ਤੂਫ਼ਾਨ ਝੁਲਿਆ ਹੋਇਆ ਸੀ!

'ਤੁਸਾਂ ਪੰਜਾਬੀਆਂ ਨੇ ਤਾਂ ਕਦੀ ਇਸ ਤਰ੍ਹਾਂ ਦਾ ਮੌਸਮ ਤਕਿਆ ਵੀ ਨਹੀਂ ਹੋਵੇਗਾ!'

'ਚੇਤਾ ਨਹੀਂ!'

'ਤੁਹਾਨੂੰ ਤਾਂ ਇਹ ਵੀ ਅਹਿਸਾਸ ਨਹੀਂ ਕਿ ਸਾਨੂੰ ਪਾਣੀ ਦੀ ਕਿੰਨੀ ਸ਼ਿੱਦਤ ਨਾਲ ਲੋੜ ਹੈ!'

'ਹੁਣ ਕੀ ਕਹਾਂ?'

'ਕੀ ਰਾਜਨੀਤੀਏ ਲੋਕਾਂ ਦੀਆਂ ਲੋੜਾਂ ਖਾਤਿਰ ਵੀ ਸਾਜ਼ਿਸ਼ਾਂ ਕਰਦੇ ਰਹਿਣਗੇ?'

'ਹਾਂ!' ਮੈਂ ਕਿਹਾ, 'ਜਦੋਂ ਤਕ ਲੋਕ ਉਨ੍ਹਾਂ ਨੂੰ ਨਹੀਂ ਸਮਝਣਗੇ!'

'ਰੇਤੀਲੇ ਅਤੇ ਝਖੜ-ਝੋੜਿਆਂ ਵਾਲੇ ਖੇਤਰ ਵਿਚ ਮਨੁੱਖ ਲਈ ਜੀਉਣਾ ਔਖਾ ਹੋ ਜਾਂਦਾ ਹੈ, ਪਰ ਦਰਿਆ ਕਿਵੇਂ ਜੀਉਂਦੇ ਨੇ?'

'ਸ਼ਾਇਦ ਇਨ੍ਹਾਂ ਦੀ ਪਿਛਲੇ ਜਨਮਾਂ ਦੀ ਕੋਈ ਤਪੱਸਿਆ ਹੋਵੇਗੀ! ਹੋਰ ਕੀਕਹੀਏ?'

o

ਬੜਾ ਚਿਰ ਪਹਿਲਾਂ ਮੈਂ ਆਪਣੇ ਦੋਸਤ ਗਫ਼ੂਰ ਨਾਲ ਰੋਜ਼ਾ ਸ਼ਰੀਫ ਵਿਚ ਹਜ਼ਰਤ (ਖਵਾਜਾ) ਮੋਇਨੁਦੀਨ ਚਿਸ਼ਤੀ (ਹਿੰਦ ਕਾ ਪਾਤਸ਼ਾਹ) ਦਾ ਉਰਸ ਵੇਖਣ ਲਈ ਅਜਮੇਰ ਗਿਆ ਸਾਂ। ਮੈਨੂੰ ਤਾਂ ਉਸ ਵੇਲੇ ਇਸ ਤਰ੍ਹਾਂ ਮਹਿਸੂਸ ਹੋਇਆ ਸੀ, ਜਿਵੇਂ ਕਿ ਅਜਮੇਰ ਦੀ ਧਰਤੀ ਉਪਰ ਖ਼ੂਬਸੂਰਤ ਅਤੇ ਬਹੁਰੰਗੇ ਹਸਦੇ ਮਚਲਦੇ ਚਿਹਰਿਆਂ ਦਾ ਰੰਗੀਨ ਦਰਿਆ ਵਗ ਰਿਹਾ ਹੋਵੇ। ਪਰ ਪ੍ਰਤਿਭਾ ਦੇ ਪਿੰਡ ਵਿਚ ਤਾਂ ਬੜੀ ਵੀਰਾਨੀ ਸੀ।

ਕਹਿੰਦੇ ਨੇ ਕਿ ਰਣ ਕਛ ਦੇ ਖੇਤਰ ਵਿਚ ਕਦੀ ਜਲਥਲ ਹੁੰਦਾ ਸੀ ਪਰ ਹੁਣ ਤਾਂ ਅਸੀਂ ਵੇਖਦੇ ਹਾਂ ਕਿ ਉਧਰੋਂ ਜਦੋਂ ਵੀ ਤੂਫ਼ਾਨੀ ਹਵਾ ਝੁਲਦੀ ਹੈ ਤਾਂ ਵਰਖਾ ਦੀਆਂ

ਕਣੀਆਂ ਨਹੀਂ, ਸਗੋਂ ਰੇਤ ਦੇ ਕਿਣਕੇ ਹੀ ਨਾਲ ਲੈ ਕੇ ਆਉਂਦੀ ਹੈ।...ਅਤੇ ਇਹ ਖੇਡ ਸਦੀਆਂ ਤੋਂ ਜਾਰੀ ਹੈ।

ਰੇਤ ਦੇ ਤੂਫ਼ਾਨ ਨਾਲ ਜਦੋਂ ਪਹਾੜਾਂ ਦੇ ਪਹਾੜ ਉਸਰ ਜਾਂਦੇ ਨੇ ਤਾਂ ਮਹਿਸੂਸ ਹੁੰਦਾ ਹੈ ਕਿ ਅਸੀਂ ਭਾਰਤ ਭੂਮੀ ਵਿਚ ਨਹੀਂ, ਸਗੋਂ ਅਰਬ ਦੇ ਰੇਤੀਲੇ ਖੇਤਰ ਵਿਚ ਰਹਿ ਰਹੇ ਹਾਂ!...ਅਰਬਾਂ ਨੇ ਤਾਂ ਆਪਣੀ ਧਰਤੀ ਦੀ ਕਿਸਮਤ ਬਦਲ ਲਈ ਹੈ ਪਤਾ ਨਹੀਂ ਸਾਨੂੰ ਕਦੋਂ ਹੋਸ਼ ਆਵੇਗੀ ?

'ਮਨੁੱਖ ਪਾਣੀ ਦੀ ਪ੍ਰਾਪਤੀ ਤੋਂ ਬਗੈਰ ਜਿਉਂ ਨਹੀਂ ਸਕਦਾ!' ਮੇਰੀ ਰਾਜਸਥਾਨੀ ਮਿੱਤਰ ਪ੍ਰਤਿਭਾ ਨੇ ਕਿਹਾ—'ਪਰ ਜਦੋਂ ਮੀਲਾਂ ਤਕ ਪਾਣੀ ਹੀ ਨਾ ਮਿਲੇ ?'

'ਤਦੇ ਹੀ ਪ੍ਰਤਿਭਾ ਦਿੱਲੀ 'ਚ ਰਹਿੰਦੀ ਹੈ ?' ਮੈਂ ਉਹਨੂੰ ਛੇੜਿਆ।

'ਪ੍ਰਤਿਭਾ ਇਨ੍ਹਾਂ ਰੇਤਲੇ ਜੰਗਲਾਂ 'ਚ ਕਿਵੇਂ ਰਹਿ ਸਕਦੀ ਹੈ ?' ਉਹਨੇ ਕਿਹਾ ਤੇ ਮੂੰਹ ਦੂਸਰੇ ਪਾਸੇ ਕਰ ਲਿਆ। ਪਤਾ ਨਹੀਂ ਉਹ ਕਿਸ 'ਤੇ ਵਿਅੰਗ ਕਰ ਰਹੀ ਸੀ।

ਉਸ ਵੇਲੇ ਮਨ ਵਿਚ ਮੈਂ ਇਹ ਗੱਲ ਜ਼ਰੂਰ ਸੋਚ ਰਿਹਾ ਸਾਂ ਕਿ ਰਾਜਸਥਾਨੀ ਕੁੜੀਆਂ ਵੀ ਸਾਡੀਆਂ ਹੋਰ ਕੁੜੀਆਂ ਵਾਂਗ ਹੀ ਅਨੁਭੂਤੀਸ਼ੀਲ ਹੁੰਦੀਆਂ ਨੇ!

'ਇਸ ਖੇਤਰ ਵਿਚ ਜੇਕਰ ਕਿਤੇ ਪਾਣੀ ਹੈ ਤਾਂ ਉਹ ਕੇਵਲ ਲੂਣੀ ਵਿਚ ਹੀ ਹੈ।'

'ਤਾਂ ਕੀ ਧਰਤੀ ਥੱਲੇ ਵੀ ਪਾਣੀ ਨਹੀਂ ?'

'ਹੈ ਵੇ! ਪਰ ਕਈ ਵਾਰ ਸੌ ਡੇਢ ਸੌ ਮੀਟਰ ਤੋਂ ਵੀ ਥੱਲੇ, ਹੋਰ ਥੱਲੇ ਹੁੰਦਾ ਹੈ!'

'ਤਾਂ ਇਹ ਗੱਲ ?'

'ਹਾਂ, ਉਹਨੂੰ ਧਰਤੀ ਉਪਰ ਲਿਆਣ ਲਈ ਵੀ ਤਾਂ ਖ਼ੂਨ-ਪ੍ਰਸੀਨਾ ਇਕ ਕਰਨਾ ਪੈਂਦਾ ਹੈ।'

'ਸਾਡੇ ਪੰਜਾਬ ਵਿਚ ਤਾਂ ਪਾਣੀ ਦੀ ਕੋਈ ਘਾਟ ਨਹੀਂ।'

'ਫੇਰ ਵਾਧੂ ਪਾਣੀ ਸਾਨੂੰ ਕਿਉਂ ਨਹੀਂ ਦੇ ਦਿੰਦੇ ?'

ਮੈਂ ਚੁੱਪ ਰਿਹਾ।

'ਹੋਰ ਨਹੀਂ ਤਾਂ ਸਾਨੂੰ ਹੀ ਉਥੇ ਲੈ ਚਲੋ!'

ਉਹਦੀ ਗੱਲ ਵਿਚ ਤਲਖ਼ੀ ਸੀ, ਪਰ ਕੁੜੱਤਣ ਨਹੀਂ। ਮੇਰੇ ਪ੍ਰਤਿ ਤਾਂ ਬਿਲਕੁਲ ਨਹੀਂ।

ਮੈਂ ਉਹਨੂੰ ਫੇਰ ਲੂਣੀ ਕੋਲ ਲੈ ਆਇਆ।

ਪ੍ਰਤਿਭਾ ਨੇ ਮੈਨੂੰ ਦਸਿਆ ਕਿ ਲੂਣੀ ਦਾ ਸੋਮਾ ਅਜਮੇਰ ਦੇ ਆਂਚਲ ਵਿਚੋਂ, ਅਨਾ-ਸਾਗਰ 'ਚੋਂ ਫੁਟਦਾ ਹੈ, ਅਤੇ ਜਨਮ ਮਗਰੋਂ ਲੂਣੀ ਦਾ ਪਾਣੀ ਦਖਣ-ਪਛਮ ਵਲ ਨੂੰ ਚਲ ਪੈਂਦਾ ਹੈ। ਅਰਾਵਲੀ ਪਰਬਤ ਦੇ ਪਛਮੀ ਪਾਸੇ ਵਲ ਨੂੰ ਇਹ ਜੋਧਪੁਰ, ਬਾਰਮੇਰ ਅਤੇ ਜਾਲੌਰ ਜ਼ਿਲ੍ਹਿਆਂ ਵਿਚੋਂ ਖੌਝੜਦਾ ਹੋਇਆ ਤਕਰੀਬਨ 32 ਕਿਲੋਮੀਟਰ ਤਕ ਚਲਕੇ, ਇਸ ਤਰ੍ਹਾਂ ਲਗਦਾ ਹੈ, ਜਿਵੇਂ ਕਿ ਹੰਭ ਗਿਆ ਹੋਵੇ।

'ਇਸਦੇ ਪਾਣੀ ਸਮੁੰਦਰ ਤਕ ਪੁਜਦੇ ਨੇ ਕਿ ਨਹੀਂ ?'

'ਪਤਾ ਨਹੀਂ ।'

'ਮੇਰਾ ਖਿਆਲ ਹੈ ਕਿ ਪੁਜਦੇ ਨੇ !'

'ਹੋ ਸਕਦੈ !'

'ਮੈਂ ਠੀਕ ਕਹਿੰਦਾ ਹਾਂ !'

'ਮੈਂ ਮੰਨਦੀ ਹਾਂ ।'

ਆਪਣੇ ਸਰੋਤ ਕੋਲ ਲੂਣੀ ਦਾ ਖੇਤਰ ਘਟੋ ਘਟ 30 ਵਰਗ ਕਿਲੋ ਮੀਟਰ ਤਕ ਫੈਲਿਆ ਹੋਇਆ ਹੈ, ਪਰ ਤਲੋਦ ਰੋਡ ਤਕ, ਇਸ ਦਾ ਹੋਰ ਵਿਸਥਾਰ ਹੁੰਦਾ ਜਾਂਦਾ ਹੈ।

ਪਹਿਲਾਂ ਲੋਕ ਇਸ ਨੂੰ ਸਾਗਰਮਤੀ ਕਹਿੰਦੇ ਨੇ, ਪਰ ਗੋਬਿੰਦਗੜ੍ਹ ਤੋਂ ਅੱਗੇ ਵਧਕੇ ਜਦੋਂ ਸਰਸੁਤੀ ਨਾਂ ਦੀ ਨਦੀ ਵੀ ਇਸ ਵਿਚ ਸ਼ਾਮਿਲ ਹੋ ਜਾਂਦੀ ਹੈ, ਤਾਂ ਇਹ ਲੂਣੀ ਬਣ ਜਾਂਦੀ ਹੈ ।

ਸਰਸੁਤੀ ਦਾ ਸੋਮਾ ਪੁਸ਼ਕਰ ਝੀਲ ਵਿਚੋਂ ਫੁਟਦਾ ਹੈ । ਪੁਸ਼ਕਰ ਦੇ ਪਾਣੀਆਂ ਦੀ ਪਵਿਤਰਤਾ ਸਰਸੁਤੀ ਰਾਹੀਂ ਲੂਣੀ ਵਿਚ ਵੀ ਰਚ ਮਿਚ ਜਾਂਦੀ ਹੈ, ਪਰ ਰੇਤ ਦੇ ਤੂਫਾਨ ਇਸ ਵਿਚ ਮਿਠਾਸ ਨਹੀਂ ਰਹਿਣ ਦਿੰਦੇ ।

ਇਥੇ ਪਾਣੀ ਰਹੇਗਾ ਕਿ ਰੇਤ ? ...ਸਦੀਆਂ ਤੋਂ ਇਹੋ ਹੀ ਸੰਘਰਸ਼ ਚਲ ਰਿਹਾ ਹੈ ।

'ਲੂਣੀ ਦੀਆਂ ਸਹਾਇਕ ਨਦੀਆਂ ਵੀ ਤਾਂ ਹੋਣਗੀਆਂ ?'

'ਹਾਂ, ਤੇ ਸ਼ਾਇਦ ਉਨ੍ਹਾਂ ਦੇ ਆਸਰੇ ਨਾਲ ਹੀ ਇਹ ਜੀਵਿਤ ਹੈ !'

'ਪਰ ਮੈਨੂੰ ਤਾਂ ਏਨਾ ਹੀ ਪਤਾ ਹੈ ਕਿ ਲੂਣੀ ਦਾ ਆਪਣਾ ਪਾਣੀ ਬੜਾ ਮਿੱਠਾ ਹੈ !'

'ਹਾਂ...ਆਂ !'

'ਫੇਰ ਇਹ ਲੂਣੀ ਕਿਵੇਂ ਹੋ ਗਈ ?'

'ਸਹਾਇਕ ਨਦੀਆਂ ਦੇ ਪ੍ਰਭਾਵ ਨਾਲ !'

ਕੀ ਹੁਣ ਵੀ ਇਹ ਗੱਲ ਸਾਬਤ ਨਹੀਂ ਹੁੰਦੀ ਕਿ ਬੰਦੇ ਦੀ ਸੰਗਤ ਉਸ ਦੇ ਆਚਾਰ-ਵਿਚਾਰ ਅਤੇ ਖਸਲਤ ਨੂੰ ਕਿਵੇਂ ਬਦਲ ਕੇ ਰਖ ਦਿੰਦੀ ਹੈ ! ਸੰਗਤ ਸਾਹਮਣੇ ਹਰੇਕ ਬੰਦਾ ਤੁੱਛ ਹੈ, ਭਾਵੇਂ ਕਿ ਉਹ ਕੋਈ ਵੀ ਹੋਵੇ ।

ਮੇਰਾ ਜੀਅ ਕੀਤਾ ਕਿ ਮੈਂ ਲੂਣੀ ਨੂੰ ਕਹਾਂ, 'ਤੂੰ ਆਪਣਾ ਸੁਭਾ ਨਾ ਬਦਲ, ਭਾਵੇਂ ਤੈਨੂੰ ਆਪਣੀਆਂ ਸਹਾਇਕ ਨਦੀਆਂ ਦੀ ਸੰਗਤ ਹੀ ਕਿਉਂ ਨਾ ਛਡਣੀ ਪਵੇ !'

'ਫੇਰ ਮੈਂ ਇਸ ਰੇਗਿਸਤਾਨ ਵਿਚ ਕਿਵੇਂ ਜੀਵਾਂਗੀ ?'

ਮੈਨੂੰ ਲੱਗਾ ਜਿਵੇਂ ਕਿ ਲੂਣੀ ਦੀ ਪੇਤਲੀ ਜਿਹੀ ਪਾਣੀ ਦੀ ਧਾਰ ਮੈਨੂੰ ਕਹਿ ਰਹੀ ਹੋਵੇ—'ਸੁੰਨ ਵੀਰਾਨੀਆਂ ਵਿਚ ਵਿਚਰਨ ਲਈ ਮਿੱਤਰਾਂ ਦੀ ਸੰਗਤ ਬੜੀ ਜਰੂਰੀ ਹੈ !'

ਉਸ ਵੇਲੇ ਮੈਨੂੰ ਅਹਿਸਾਸ ਹੋਇਆ ਕਿ ਜੇਕਰ ਮੈਂ ਜ਼ੋਰ ਨਾ ਪਾਉਂਦਾ ਤਾਂ ਪ੍ਰਤਿਭਾ ਇਥੇ ਕਦੀ ਨਾ ਆਉਂਦੀ । ਉਸ ਦਾ ਭਰਾ ਖੇਤੀ ਕਰਦਾ ਸੀ ਤੇ ਤੇਜ਼ ਧੁੱਪ ਦੇ ਅਸਰ ਨਾਲ

ਸਾਂਵਲਾ ਹੋ ਗਿਆ ਸੀ। ਪ੍ਰਤਿਭਾ ਦਾ ਚਿਹਰਾ ਨਿਖਰਿਆ ਹੋਇਆ ਸੀ, ਪਰ ਦਿੱਲੀ ਦੀ ਹਲਚਲ ਨੇ ਉਸ ਵਿਚ ਪਿਲਤੱਣ ਲੈ ਆਂਦੀ ਸੀ।

ਪ੍ਰਤਿਭਾ ਨੇ ਮੇਰੇ ਕੰਨ 'ਚ ਕਿਹਾ—'ਲੂਣੀ ਹਿਮਾਲਾ ਦੇ ਬਰਫੀਲੇ ਖੇਤਰ 'ਚੋਂ ਤਾਂ ਫੁਟਦੀ ਨਹੀਂ, ਜਿਸ ਕਰਕੇ ਇਹਦੀ ਰਫਤਾਰ ਨੂੰ ਵਰ੍ਹੇ ਭਰ ਲਈ ਪਾਣੀ ਮਿਲਦਾ ਰਵ੍ਹੇ। ਹਕੀਕਤ ਵਿਚ ਇਹ ਇਕ ਬਰਸਾਤੀ ਨਦੀ ਹੀ ਹੈ।'

'ਪਰ ਇਹਦਾ ਜਨਮ ਤਾਂ ਝੀਲ ਵਿਚੋਂ ਹੁੰਦਾ ਹੈ ?'

'ਹਾਂ, ਪਰ ਵਰਖਾ ਦੇ ਮੌਸਮ ਵਿਚ ਵੀ ਰੇਤ ਦੇ ਤੂਫਾਨ ਇਹਦੇ ਰਾਹਵਾਂ ਨੂੰ ਇਸੇ ਤਰ੍ਹਾਂ ਹੀ ਰੋਕ ਦਿੰਦੇ ਨੇ, ਜਿਵੇਂ ਕਿ ਬਰਫੀਲੇ ਤੋਦੇ, ਕਹਿੰਦੇ ਨੇ, ਸਿੰਧ ਦਰਿਆ ਦੇ ਰਾਹ 'ਚ ਖਲੋ ਜਾਂਦੇ ਨੇ।'

'ਪਰ ਸਿੰਧ ਤਾਂ ਉਨ੍ਹਾਂ ਦੀ ਕੋਈ ਵੀ ਪਰਵਾਹ ਨਹੀਂ ਕਰਦਾ।'

'ਸਿੰਧ ਤੇ ਲੂਣੀ 'ਚ ਇਹੋ ਹੀ ਵੱਡਾ ਅੰਤਰ ਹੈ।'

ਮੈਨੂੰ ਉਹ ਵੇਲਾ ਵੀ ਚੇਤੇ ਆਇਆ ਜਦੋਂ ਕਿ ਲੂਣੀ ਦੇ ਪਾਣੀ ਬਰਸਾਤੀ ਦਿਨਾਂ ਵਿਚ ਸਮੁਚੀ ਧਰਤੀ 'ਤੇ ਖਿੰਡ ਜਾਂਦੇ ਨੇ। ਕਹਿ ਤਾਂ ਉਹਦੀ ਇਹ ਹਾਲਤ ਕਿ ਉਹਦੇ ਪਾੜ ਵਿਚ ਪਾਣੀ ਵੀ ਨਹੀਂ ਹੁੰਦਾ, ਤੇ ਕਹਿ ਉਹ ਸਭ ਹੱਦਾਂ-ਬੰਨੇ ਤੋੜ ਕੇ ਫਸਲਾਂ ਦਾ ਵੀ ਨਾਸ ਕਰ ਜਾਂਦੀ ਹੈ।

'ਇਸੇ ਕਰਕੇ ਹੀ ਕਹਿੰਦੇ ਨੇ ਕਿ ਛੋਟੇ ਬੰਦੇ 'ਚ ਬਹੁਤੀ ਸਮਰਥਾ ਨਹੀਂ ਆ ਸਕਦੀ।' ਮੈਂ ਇਹ ਗੱਲ ਕਹੀ ਤਾਂ ਪ੍ਰਤਿਭਾ ਪਰੇਸ਼ਾਨ ਹੋ ਗਈ, ਜਿਵੇਂ ਕਿ ਮੈਂ ਉਹਨੂੰ ਹੀ ਕੋਈ ਭੈੜੀ ਗੱਲ ਕਹਿ ਦਿਤੀ ਹੋਵੇ। ...ਪਰ ਫੇਰ ਉਹ ਝੱਟ ਹੀ ਸੰਭਲ ਗਈ।

ਲੂਣੀ ਵਿਚ ਸ਼ਾਮਿਲ ਹੋਣ ਵਾਲੀਆਂ ਛੋਟੀਆਂ ਨਦੀਆਂ, ਲਾਲੜੀ, ਘੁਘੂਆ, ਬੰਦੀ, ਸੁਕਰੀ, ਜਵਾਈ, ਜੋਜਰੀ ਅਤੇ ਸਾਗਾਈ-ਸਭੋ ਹੀ ਅਰਾਵਲੀ ਦੀ ਪਛਮੀ ਢਲਵਾਣ ਵਿਚੋਂ ਫੁਟਦੀਆਂ ਅਤੇ ਲੂਣੀ ਵਿਚ ਖੱਬੇ ਪਾਸਿਓਂ ਰਲਦੀਆਂ ਨੇ। ਉਹਦੇ ਸੱਜੇ ਹੱਥੋਂ ਤਾਂ ਰੇਤ ਹੀ ਉਹਦੇ 'ਚ ਸ਼ਾਮਿਲ ਹੁੰਦੀ ਹੈ।

'ਰੇਤ ਨੇ ਵੀ ਸੌ ਘਰ ਗਾਲੇ ਨੇ।' ਮੈਂ ਕਹਿਣਾ ਚਾਹੁੰਦਾ ਸਾਂ, ਪਰ ਚੁੱਪਹੀ ਰਿਹਾ।

ਉਸ ਵੇਲੇ ਸ਼ਾਇਦ ਮੈਂ ਉਨ੍ਹਾਂ ਦਿਨਾਂ ਦੀ ਕਲਪਨਾ ਕਰ ਰਿਹਾ ਸਾਂ ਜਦੋਂ ਕਿ ਰਾਜ-ਸਥਾਨ ਦੇ ਇਸ ਪਛਮੀ ਖੇਤਰ ਵਿਚ ਰੇਤ ਨਾਂ ਦੀ ਕੋਈ ਸ਼ੈ ਨਹੀਂ ਹੋਵੇਗੀ। ਕੀ ਉਹ ਦਿਨ ਵੇਖਣ ਲਈ ਅਸੀਂ ਜੀਉ ਸਕਾਂਗੇ ?

ਪ੍ਰਤਿਭਾ ਤੇ ਮੈਂ ਬੜੀ ਦੂਰ ਤਕ ਲੂਣੀ ਦੇ ਪਤਲੀ ਧਾਰ ਵਾਂਗ ਵਗਦੇ ਪਾਣੀ ਨੂੰ ਘੂਰ ਰਹੇ ਸਾਂ। ਸਮਝ ਨਹੀਂ ਸੀ ਆਉਂਦੀ ਕਿ ਕੀ ਕਰੀਏ!

'ਤੁਸੀਂ ਹੀ ਦਸੋ ਇਸ ਵੀਰਾਨੇ ਬਾਰੇ ਕਵਿਤਾ ਲਿਖੀ ਜਾ ਸਕਦੀ ਹੈ ?'

'ਇਹ ਵੀਰਾਨੀ ਵੀ ਤਾਂ ਸਾਡੇ ਜੀਵਨ ਦਾ ਹਿੱਸਾ ਹੀ ਹੈ!'

'ਪਰ ਦਿੱਲੀ ਵਿਚ ਰਹਿਣ ਵਾਲੇ ਲੋਕ ਇਸ ਬਾਰੇ ਕਿਵੇਂ ਸਮਝ ਸਕਦੇ ਨੇ ?'

'ਦਿੱਲੀ ਪੂਰਾ ਹਿੰਦੋਸਤਾਨ ਤਾਂ ਨਹੀਂ।'

'ਪਰ ਤਕੋ ਨਾ ! ਪਹਿਲਾਂ ਦਿੱਲੀ ਵਾਲਿਆਂ ਨੂੰ ਗੱਲ ਸਮਝ ਆਉਣੀ ਚਾਹੀਦੀ ਹੈ।'

ਮੈਨੂੰ ਇਕਦਮ ਰੋਹ ਆ ਗਿਆ।

'ਪ੍ਰਤਿਭਾ ਜਿਹੜਾ ਕਵੀ ਦਿੱਲੀ ਵਾਲਿਆ ਨੂੰ ਖੁਸ਼ ਕਰਨ ਲਈ ਹੀ ਲਿਖਦਾ ਹੈ, ਉਹ ਅੱਜ ਮਰਿਆ ਜਾਂ ਕਲ੍ਹ ਨੂੰ...'

'ਫੇਰ, ਮੈਂ ਨਾ ਲਿਖਾਂ ?

'ਲਿਖ, ਪਰ ਲੋਕਾਂ ਲਈ ਲਿਖ !'

'ਪਰ ਲੋਕ ਤਾਂ ਮੈਨੂੰ ਜਾਣਦੇ ਹੀ ਨਹੀਂ।'

ਮੈਂ ਹੱਸ ਪਿਆ। ਉਹ ਖਾਮੋਸ਼ ਹੋ ਗਈ, ਸਗੋਂ ਆਪਣੇ ਖੋਲ 'ਚ ਚਲੀ ਗਈ।

ਮੈਂ ਕਿਹਾ—'ਇਹ ਸਵਾਲ ਮੈਨੂੰ ਬੜੇ ਲੇਖਕਾਂ ਨੇ ਕੀਤਾ ਹੈ। ਪਰ ਮੈਂ ਕਹਿੰਦਾ ਹਾਂ—ਤੁਸੀਂ ਲੋਕਾਂ ਲਈ ਕੁਝ ਕਰੋ ਤਾਂ ਸਹੀ !'

'ਤੁਸੀਂ ਦਿੱਲੀ 'ਚ ਇਹ ਗੱਲ ਮੈਨੂੰ ਕਦੀ ਨਹੀਂ ਕਹੀ !'

'ਉਥੇ ਤੇਰੇ ਕੋਲ ਵਿਹਲ ਹੀ ਕਦੋਂ ਸੀ ?'

'ਹਾਂ, ਇਹ ਤਾਂ ਹੈ ਹੀ !'

'ਨਾਲੇ ਉਥੇ ਤੂੰ ਆਪਣਾ ਮੁਖੌਟਾ ਲਾਹ ਕੇ ਵੀ ਕਦੀ ਮੇਰੇ ਨਾਲ ਗੱਲ ਨਹੀਂ ਕੀਤੀ !'

'ਉਹ ਤਾਂ ਆਪਾਂ ਸਾਰਿਆਂ ਕੋਲ ਹੀ ਹੈ !'

'ਮੈਂ ਕਦੋਂ ਇਨਕਾਰੀ ਹਾਂ !'

ਪ੍ਰਤਿਭਾ ਨਿਸਚਿੰਤ ਹੋ ਗਈ, ਪਰ ਮੈਨੂੰ ਲਗ ਰਿਹਾ ਸੀ ਕਿ ਹਾਲੇ ਤਕ ਵੀ ਉਹਦਾ ਅੱਧਾ ਦਿਲ ਦਿੱਲੀ 'ਚ ਹੀ ਕਿਤੇ ਭਟਕ ਰਿਹਾ ਸੀ !

'ਪ੍ਰਤਿਭਾ ! ਲੂਣੀ ਨਾਲ ਸੰਬੰਧਿਤ ਕਥਾ-ਕਹਾਣੀਆਂ ਵੀ ਤਾਂ ਹੋਣਗੀਆਂ !' ਮੈਂ ਉਹਨੂੰ ਹਲੂਣਿਆਂ।

'ਹਾਂ, ਮੇਰੀ ਮਾਂ ਸੁਣਾਇਆ ਕਰਦੀ ਸੀ !'

'ਤੂੰ ਮੈਨੂੰ ਸੁਣਾ !'

'ਚੇਤੇ ਨਹੀਂ ਰਹੀਆਂ !'

'ਹੋਰ ਕਿਸੇ ਨੂੰ ਚੇਤੇ ਹੋਣਗੀਆਂ ?'

'ਪਤਾ ਨਹੀਂ !'

'ਕਿਉਂ ?'

'ਬਹੁਤੀਆਂ ਰੇਤ 'ਚ ਹੀ ਦਬੀਆਂ ਗਈਆਂ ਪ੍ਰਤੀਤ ਹੁੰਦੀਆਂ ਨੇ !'

'ਉਹ ਹੁਣ ਤੈਨੂੰ ਕਢਣੀਆਂ ਪੈਣਗੀਆਂ !'

'ਕਿਉਂ ?'

'ਸਾਉ੍ ਧੀਆਂ ਦਾ ਇਹੋ ਹੀ ਕਰਤਵ ਹੈ !'

ਪ੍ਰਤਿਭਾ ਖੁਸ਼ ਹੋ ਗਈ !

'ਮਾਰਵਾੜ ਵਿਚ ਇਕ ਕਹਾਵਤ ਮਸ਼ਹੂਰ ਹੈ !' ਪ੍ਰਤਿਭਾ ਬੋਲੀ, 'ਕਿ ਇਸ ਖੇਤਰ

ਵਿਚ ਜਿੰਨਾ ਵੀ ਅਨਾਜ ਪੈਦਾ ਹੁੰਦਾ ਹੈ, ਉਸ ਵਿਚੋਂ ਅੱਧਾ ਲੂਣੀ ਦੀ ਬਰਕਤ ਨਾਲ ਹੀ ਪੈਦਾ ਹੁੰਦਾ ਹੈ !'

'ਇਸ ਤਰ੍ਹਾਂ ਦੀਆਂ ਹੋਰ ਗੱਲਾਂ ਸੁਣਾ ਲੂਣੀ ਦੀਆਂ !'

'ਕਦੀ ਫੇਰ...ਚੇਤੇ ਕਰਕੇ !'

'ਇਕ ਵੀ ਨਹੀਂ...?'

'ਹਾਂ ਸੱਚ !' ਉਹਨੇ ਫੇਰ ਕਿਹਾ, 'ਬਾਲਤੋਰਾ ਤਕ ਇਹਦਾ ਪਾਣੀ ਮਿੱਠਾ ਹੈ, ਪਰ ਰਣਕਛ ਤਕ ਪੁਜਦਿਆਂ ਹੋਇਆਂ ਖਾਰਾ ਹੋ ਜਾਂਦਾ ਹੈ !'

'ਹੋਰ ?'

'ਅਸੀਂ ਇਹਦੇ ਸੁੱਕੇ ਹੋਏ ਪਾੜ ਵਿਚ ਤਰਬੂਜ਼ ਬੀਜਿਆ ਕਰਦੇ ਹਾਂ !'

'ਵਾਹਵਾ !'ਮੈਨੂੰ ਹਾਸਾ ਆ ਗਿਆ ।

ਪ੍ਰਤਿਭਾ ਬੋਲੀ, 'ਮੈਂ ਕਿਤੇ ਪੜ੍ਹਿਆ ਸੀ ਕਿ ਕਦੀ ਤੁਹਾਡਾ ਸਤਲੁਜ ਵੀ ਰਾਜਸਥਾਨ ਵਿਚੀਂ ਹੋ ਕੇ ਰਣਕਛ ਤਕ ਪੁਜਦਾ ਸੀ !'

'ਹਾਂ '

'ਬਸ, ਜਦੋਂ ਦਾ ਉਹਨੇ ਰੇਤ ਵਲੋਂ ਮੁਖ ਮੋੜ ਲਿਐ, ਇਹ ਰੇਤ ਵਧਦੀ ਹੀ ਗਈ ਹੈ । ਹੁਣ ਤਾਂ ਲੋਕ ਵੀ ਕੇਵਲ ਆਪਣੇ ਆਪਣੇ ਘਰ ਬਾਰੇ ਹੀ ਸੋਚਣ ਲਗ ਪਏ ਨੇ !'

'ਸਾਡਾ ਵੀ ਇਕ ਦੂਸਰੇ ਨਾਲੋਂ ਟੁੱਟਣ ਦਾ ਇਹੋ ਹੀ ਕਾਰਣ ਤਾਂ ਨਹੀ ?'

'ਹਾਂ ! ਬੰਦੇ ਨੂੰ ਘਰ ਨਾਲੋਂ ਨਹੀਂ ਟੁੱਟਣਾ ਚਾਹੀਦਾ !'

'ਫੇਰ ਤੂੰ ਕਿਉਂ ਨਹੀਂ ਸੋਚਦੀ ?'

'ਮੇਰਾ ਘਰ ਕਿਥੇ ਹੈ ?'

'ਲੂਣੀ ਦੇ ਆਂਚਲ ਵਿਚ !'

'ਲੂਣੀ ਦੇ ਆਂਚਲ ਵਿਚ ?' ਪ੍ਰਤਿਭਾ ਦੀਆਂ ਅੱਖਾਂ ਵਿਚ ਲਿਸ਼ਕ ਆ ਗਈ, 'ਇਹ ਤਾਂ ਮੇਰੀ ਕਵਿਤਾ ਦਾ ਸਿਰਲੇਖ ਹੋ ਸਕਦਾ ਹੈ !'

'ਫੇਰ ਲਿਖੇਂਗੀ ਲੂਣੀ ਬਾਰੇ ?'

'ਹਾਂ...ਆਂ...!' ਉਹਨੇ ਗਦਗਦ ਹੋ ਕੇ ਕਿਹਾ ਤੇ ਸਹਿਜ ਸੁਭਾ ਹੀ ਮੇਰੀ ਹਿੱਕ ਨਾਲ ਲਗ ਗਈ । ਜਿਵੇਂ ਕਿ ਕੋਈ ਭੈਣ ਆਪਣੇ ਵਿਛੜੇ ਹੋਏ ਵੀਰ ਨੂੰ ਮਿਲਦੀ ਹੈ !

ਉਹਦੇ ਅੰਦਰਲੀ ਪ੍ਰਤਿਭਾ ਜਾਗ ਪਈ ਸੀ !

o

[140, ਸੁਖਜੀਤ ਨਗਰ, ਕਪੂਰਥਲਾ]

ਪ੍ਰੀਤਮ ਸਿੰਘ

## ਖ਼ੁਦਾ

ਇੱਬੂ
ਮੇਰਾ ਬੇਟਾ
ਉਤਲੀ ਮੰਜ਼ਿਲ ਤੇ ਖੜਾ
ਬੁਲਬਲੇ ਉੜਾ ਰਿਹਾ ਹੈ ।

ਸ਼ੀਸ਼ੇ ਦੀ ਨਲਕੀ
ਸ਼ੈਂਪੂ ਵਿਚ ਡਬੋਕੇ
ਜਦ ਉਹ ਫੂਕ ਮਾਰਦਾ ਹੈ
ਤਾਂ ਛਹਿਬਰ ਉਤਾਰਦਾ ਹੈ ।

ਕੁਛ ਬੁਲਬਲੇ
ਜਨਮਦੇ ਹੀ ਬਿਨਸ ਜਾਂਦੇ
ਮੋਟੇ ਠੁੱਲੇ
ਸਾਥੀਆਂ ਸੰਗ ਮਿਲ ਬਹਿੰਦੇ
ਹਵਾ ਉਤੇ ਰਾਜ ਕਰਦੇ
ਪੈਲ ਪਾਂਦੇ ।

ਬੁਲਬਲੇ ਹੀ ਬੁਲਬਲੇ
ਹੇਠਾਂ ਉਤੇ
ਸੱਜੇ ਖੱਬੇ
ਲਾ ਰਹੇ ਨੇ ਤਾਰੀਆਂ
ਇਨ੍ਹਾਂ ਨੂੰ ਦੇਖ ਦੇਖ
ਇੱਬੂ ਮਾਰਦਾ ਕਲਕਾਰੀਆਂ ।

ਹਰੇ ਨੀਲੇ
ਲਾਲ ਪੀਲੇ
ਕਾਸਨੀ
ਨਾਰੰਗੀ
ਹਵਾ ਵਿਚ ਤਣੀ ਹੈ
ਪੀਂਘ ਸਤਰੰਗੀ ।

ਇੱਬੂ
ਆਪਣੀ ਖੇਡ ਤੋਂ ਅੱਕ ਕੇ
ਲੰਮ ਸਲੰਮੀ ਸੋਟੀ ਫੜ ਕੇ
ਬੁਲਬਲੇ ਹੈ ਤੋੜਦਾ
ਨਿੱਕੇ ਵੱਡੇ
ਸਭੋ ਦੀ ਹੈ
ਗਰਦਨ ਮਰੋੜਦਾ ।

ਸਾਰਾ ਆਲਮ ਦੰਗ ਹੈ
ਕਾਇਨਾਤ ਬੇ ਰੰਗ ਹੈ
ਚਾਰੇ ਪਾਸੇ ਸਹਿਮ ਹੈ
ਪਰ ਉਹ
ਕਲਕਾਰੀਆਂ ਹੈ ਮਾਰਦਾ ।

ਇੱਬੂ
ਮੇਰਾ ਬੇਟਾ
ਉਤਲੀ ਮੰਜ਼ਿਲ 'ਤੇ ਖੜਾ
ਬੁਲਬੁਲੇ ਉੜਾ ਰਿਹਾ ਹੈ ।

[ਡੀ 49, ਸੈਕਟਰ 14, ਚੰਡੀਗੜ੍ਹ]

○

ਸੁਰਜੀਤ ਗਿੱਲ

# ਭਾਪਾ ਵਰਿਆਮ ਸਿੰਘ

ਨਾਨਕ ਸਿੰਘ ਨੇ "ਅੱਧ ਖਿੜਿਆ ਫੁੱਲ" ਨਾਵਲ 1940 ਵਿਚ ਲਿਖਿਆ ਸੀ। ਉਸ ਸਮੇਂ ਉਸ ਦੀ ਨਾਵਲ ਕਲਾ ਕਾਫੀ ਵਿਕਸਿਤ ਹੋ ਚੁੱਕੀ ਸੀ। ਉਹ ਕਈ ਨਾਵਲ ਇਸ ਤੋਂ ਪਹਿਲਾਂ ਪੰਜਾਬੀ ਜਗਤ ਨੂੰ ਦੇ ਚੁਕਿਆ ਸੀ। ਨਾਵਲ ਕਲਾ ਤੋਂ ਬਿਨਾਂ ਉਸਦਾ ਮਾਨਸਿਕ ਵਿਕਾਸ ਵੀ ਕਾਫੀ ਹੋ ਚੁਕਿਆ ਸੀ। 1940 ਦਾ ਸਾਲ ਉਹ ਸਾਲ ਸੀ ਜਦੋਂ ਕਿ ਦੇਸ਼ ਦੀ ਕੌਮੀ ਆਜ਼ਾਦੀ ਦੀ ਲਹਿਰ ਵੀ ਵਿਕਾਸ ਦੀਆਂ ਕਈ ਮੰਜ਼ਲਾਂ ਤਹਿ ਕਰ ਚੁਕੀ ਸੀ। 1939 ਵਿਚ ਦੂਜੀ ਸੰਸਾਰ ਜੰਗ ਆਰੰਭ ਹੋਈ ਸੀ। ਉਦੋਂ ਤੋਂ ਹੀ ਦੇਸ਼ ਦੇ ਕੌਮੀ ਲੀਡਰ ਇਸ ਜੰਗ ਨੂੰ ਕੌਮੀ ਆਜ਼ਾਦੀ ਦੀ ਪ੍ਰਾਪਤੀ ਲਈ ਇਕ ਸਾਧਨ ਵਜੋਂ ਵਰਤਣਾ ਚਾਹੁੰਦੇ ਸਨ। ਉਹ ਜੰਗ ਵਿਚ ਮਦਦ ਦੇਣ ਬਦਲੇ ਅੰਗਰੇਜ਼ਾਂ ਤੋਂ ਵਧ ਤੋਂ ਵਧ ਰਿਆਇਤਾਂ ਭੋਰਨੀਆਂ ਚਾਹੁੰਦੇ ਸਨ। ਇਸ ਵਾਸਤੇ ਲੋਕ ਉਭਾਰ ਨੂੰ ਇਕ ਦਬਾਅ ਵਜੋਂ ਵਰਤਣਾ ਚਾਹੁੰਦੇ ਸਨ। ਇਹੋ ਕਾਰਨ ਸੀ ਜਿਥੇ ਜੰਗ ਦਾ ਜ਼ੋਰ ਵਧ ਰਿਹਾ ਸੀ ਉਥੇ ਕੌਮੀ ਆਜ਼ਾਦੀ ਦੀ ਲਹਿਰ ਵੀ ਚੜ੍ਹਤ ਫੜ ਰਹੀ ਸੀ।

ਨਾਨਕ ਸਿੰਘ ਆਪ ਅਕਾਲੀ ਲਹਿਰ ਦੀ ਉਪਜ ਸੀ। ਉਹਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਕੈਦ ਕੱਟੀ ਸੀ ਪਰ ਉਹ ਆਪਣੇ ਹੋਰ ਸਮਕਾਲੀਆਂ ਗਿਆਨੀ ਹੀਰਾ ਸਿੰਘ ਦਰਦ ਤੇ ਗਿਆਨੀ ਗੁਰਮੁਖ ਸਿੰਘ ਮੁਸਾਫਰ ਵਾਂਗ ਸਮੇਂ ਨਾਲ ਕਦਮ ਮੇਲਕੇ ਵਿਕਾਸ ਨਾ ਕਰ ਸਕਿਆ, ਬਲਕਿ ਇਕ ਥਾਂ ਖੜ ਗਿਆ। ਉਹ ਗੁਰਦਵਾਰਾ ਸੁਧਾਰ ਲਹਿਰ ਸਮੇਂ ਆਏ ਜਜ਼ਬਾਤੀ ਉਭਾਰ ਅਧੀਨ ਆਦਰਸ਼ਵਾਦੀ ਹੋ ਗਿਆ। ਇਸੇ ਅਸਰ ਹੇਠ ਉਹਨੇ ਕਈ ਆਦਰਸ਼ਵਾਦੀ ਪਾਤਰ ਪੰਜਾਬੀ ਸਾਹਿਤ ਨੂੰ ਦਿਤੇ। ਇਹਨਾਂ ਪਾਤਰਾਂ ਵਿਚੋਂ "ਅੱਧ ਖਿੜਿਆ ਫੁੱਲ" ਦਾ ਨਾਇਕ ਭਾਪਾ ਵਰਿਆਮ ਸਿੰਘ ਕਾਫੀ ਅਹਿਮ ਹੈ। ਇਹੋ ਪਾਤਰ ਹੈ ਜਿਹੜਾ ਜਮਾਤੀ ਤੌਰ 'ਤੇ ਪ੍ਰੋਲੇਤਾਰੀ ਹੈ। ਗਰੀਬ ਪੱਖੀ ਤੇ ਮਾਨਵਤਾਵਾਦੀ ਹੈ। ਉਹ ਗੱਲਾਂ ਮਾਰਨ ਵਾਲਾ ਗਾਲੜੀ ਆਦਰਸ਼ਵਾਦੀ ਨਹੀਂ ਬਲਕਿ ਅਮਲ ਦੇ ਖੇਤਰ ਵਿਚ ਕਾਰਜ ਸ਼ੀਲ ਹੈ। ਬੇਸ਼ਕ ਇਹ ਕਾਰਜਸ਼ੀਲਤਾ ਵਿਅਕਤੀਵਾਦੀ ਹੈ। ਜਮਾਤੀ ਸੰਘਰਸ਼ ਨੂੰ ਸਮਝਕੇ ਉਸਨੂੰ ਅੱਗੇ ਵਧਾਉਣ ਵਾਲੀ ਨਹੀਂ ਹੈ।

ਭਾਪਾ ਵਰਿਆਮ ਸਿੰਘ ਦੇ ਚਰਿਤਰ ਉਤੇ ਹੋਰ ਚਰਚਾ ਕਰਨ ਤੋਂ ਪਹਿਲਾਂ ਇਕ ਗੱਲ ਨਬੇੜਨੀ ਜ਼ਰੂਰੀ ਹੈ। ਉਹ ਹੈ, ਕੀ ਭਾਪਾ ਵਰਿਆਮ ਸਿੰਘ "ਅੱਧ ਖਿੜਿਆ ਫੁੱਲ" ਦਾ ਨਾਇਕ ਹੈ ਕਿਉਂਕਿ ਆਮ ਤੌਰ 'ਤੇ ਕੁਲਦੀਪ ਸਿੰਘ ਨੂੰ ਨਾਵਲ ਦਾ ਨਾਇਕ ਕਿਹਾ ਜਾਂਦਾ ਹੈ। ਪਰੰਤੂ ਨਾਇਕ ਆਮ ਤੌਰ 'ਤੇ ਨਾਵਲ ਦਾ ਸਭ ਤੋਂ ਉਭਰਵਾਂ ਪਾਤਰ ਜਾਂ ਲੇਖਕ ਦੀ ਆਪਣੀ ਪ੍ਰਤਿਨਿਧਤਾ ਕਰਨ ਵਾਲਾ ਪਾਤਰ ਹੁੰਦਾ ਹੈ। ਪਰੰਤੂ "ਅੱਧ ਖਿੜਿਆ ਫੁੱਲ" ਵਿਚ

ਭਾਪਾ ਵਰਿਆਮ ਸਿੰਘ ਦਾ ਵਿਅਕਤਿਤਵ ਕੁਲਦੀਪ ਸਿੰਘ ਤੇ ਹੋਰਨਾ ਸਾਰੇ ਪਾਤਰਾਂ ਉਤੇ ਭਾਰੂ ਹੈ। ਉਹ ਨਾਵਲ ਦੇ ਮੁਢ ਤੋਂ ਤੁਰਕੇ ਨਾਵਲ ਦੇ ਅੰਤ ਤਕ ਜਾਂਦਾ ਹੈ। ਉਹ ਨਿਰਸਵਾਰਥ, ਸਮਾਜ ਸੇਵਕ ਤਿਆਗ ਮੂਰਤੀ ਹੈ। ਇਸ ਦੇ ਮੁਕਾਬਲੇ ਵਿਚ ਕੁਲਦੀਪ ਸਿੰਘ ਸ਼ਹਿਰੀ ਮਧਸ਼੍ਰੇਣੀ ਦਾ ਪ੍ਰਤਿਨਿਧ ਪਾਤਰ ਹੈ, ਜਿਹੜਾ ਢਿੱਲੇ ਵਿਚਾਰਾਂ ਤੇ ਇਰਾਦਿਆਂ ਵਾਲਾ ਹੈ। ਉਸ ਵਿਚ ਨਾਇਕ ਹੋਣ ਦੀ ਥਾਂ ਖਲਨਾਇਕ ਹੋਣ ਵਾਲੀਆਂ ਸਿਫਤਾਂ ਵਧ ਹਨ। ਨਾਇਕ ਦਾ ਨਿਰਣਾ ਨਾਇਕਾ ਨਾਲ ਸੰਬੰਧ ਤੋਂ ਵੀ ਕੀਤਾ ਜਾਂਦਾ ਹੈ। ਨਾਵਲ ਦੀ ਨਾਇਕਾ ਸਰੋਜ ਜਿਥੇ ਕੁਲਦੀਪ ਸਿੰਘ ਨੂੰ ਪਿਆਰਦੀ ਹੈ, ਉਥੇ ਭਾਪਾ ਵਰਿਆਮ ਸਿੰਘ ਨੂੰ ਪਿਆਰ ਦੀ ਹੱਦ ਤਕ ਸਤਿਕਾਰਦੀ ਹੈ। ਉਹਦੇ ਵਿਅਕਤਿਤਵ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ। ਇਸ ਤਰ੍ਹਾਂ ਕੁਲਦੀਪ ਸਿੰਘ ਨਾਲੋਂ ਭਾਪਾ ਵਰਿਆਮ ਸਿੰਘ ਦੇ ਵੱਧ ਨੇੜੇ ਹੈ। ਇਹ ਕੁਝ ਵੀ ਭਾਪਾ ਵਰਿਆਮ ਸਿੰਘ ਨੂੰ ਨਾਇਕ ਬਣਾਉਂਦਾ ਹੈ। ਇਸ ਲਈ ਨਾਵਲ ਦਾ ਨਾਇਕ ਕੁਲਦੀਪ ਸਿੰਘ ਨਾ ਹੋ ਕੇ ਭਾਪਾ ਵਰਿਆਮ ਸਿੰਘ ਬਣਦਾ ਹੈ।

ਭਾਪਾ ਵਰਿਆਮ ਸਿੰਘ ਦਾ ਇਸ ਸੰਸਾਰ ਵਿਚ ਕੋਈ ਵੀ ਆਪਣਾ ਨਹੀਂ ਹੈ। ਉਹਦੀ ਨਿਜੀ ਜਾਇਦਾਦ ਵੀ ਕੋਈ ਨਹੀਂ। ਉਹ ਜਿਉਂਦਾ ਕੇਵਲ ਦੂਜਿਆ ਲਈ ਹੈ। ਉਸਨੂੰ ਸਿੰਘ ਸਭਾ ਗੁਰਦਵਾਰੇ ਦਾ ਗਰੰਥੀ ਗਿਆਨੀ ਬਾਗ ਸਿੰਘ ਪਾਲਦਾ ਹੈ। ਉਹਦੇ ਮਾਂ ਬਾਪ ਦਾ ਕਿਸੇ ਨੂੰ ਕੋਈ ਪਤਾ ਨਹੀਂ ਹੈ। ਉਹ ਵਿਦਿਆ ਵਲੋਂ ਬਹੁਤਾ ਵਿਦਵਾਨ ਨਹੀਂ ਹੈ। ਸਰੀਰਕ ਪਖੋਂ ਸੁਨੱਖਾ ਨਹੀਂ। ਉਹਦੇ ਬਾਹਰਮੁਖੀ ਵਿਅਕਤਿਤਵ ਵਿਚ ਕੋਈ ਖਿੱਚ ਨਹੀਂ ਹੈ। ਇਹ ਉਹਦੇ ਅੰਦਰਲਾ ਲੋਕ ਸੇਵਾ ਦਾ ਲੱਟ ਲੱਟ ਮਚਦਾ ਆਦਰਸ਼ ਹੀ ਹੈ ਜਿਹੜਾ ਉਹਨੂੰ ਸਭ ਨਾਲੋਂ ਨਿਖੇੜਦਾ ਤੇ ਉਚਿਆਉਂਦਾ ਹੈ। ਉਹ ਸੇਵਾ ਤਾਂ ਸਮੁਚੇ ਸਮਾਜ ਤੇ ਉਸ ਦੇ ਹਰ ਵਰਗ ਦੀ ਕਰਦਾ ਹੈ। ਇਸੇ ਲਈ ਉਹ ਬਾਬੂ ਗੰਗਾ ਬਿਸ਼ਨ ਦੇ ਘਰ ਵੀ ਜਾਂਦਾ ਹੈ ਤੇ ਉਸ ਦੇ ਪਰਿਵਾਰ ਦੇ ਕੰਮ ਆਉਂਦਾ ਹੈ ਜਿਹੜਾ ਪਰਿਵਾਰ ਸਮਾਜਕ ਤੇ ਆਰਥਿਕ ਪਖੋਂ ਦਰਮਿਆਨਾ ਹੈ। ਉਹ ਕੁਲਦੀਪ ਸਿੰਘ ਦੇ ਘਰ ਵੀ ਜਾਂਦਾ ਹੈ ਜਿਹੜਾ ਕਿ ਸਮਾਜਕ ਤੇ ਆਰਥਿਕ ਪਖੋਂ ਦਰਮਿਆਨੇ ਤਬਕੇ ਦੇ ਉਪਰਲੇ ਵਰਗ ਵਿਚੋਂ ਹੈ। ਪਰੰਤੂ ਅਸਲੀ ਆਦਰਸ਼ ਉਹਦਾ ਗਰੀਬਾਂ ਤੇ ਬੇਆਸਰਿਆਂ ਦੇ ਕੰਮ ਆਉਣਾ ਹੈ। ਉਹ ਸਮਾਂ ਕੱਢ ਕੇ ਗਰੀਬਾਂ ਤੇ ਬੇ ਸਹਾਰਾ ਲੋਕਾਂ ਦੀਆਂ ਝੁਗੀਆਂ ਵਿਚ ਜਾਂਦਾ ਹੈ। ਉਹਨਾਂ ਦੀ ਹਰ ਤਕਲੀਫ (ਸਰੀਰਕ ਤੋਂ ਆਰਥਿਕ ਤਕ) ਦੂਰ ਕਰਨ ਦਾ ਯਤਨ ਕਰਦਾ ਹੈ। ਆਪਣੀ ਤਨਖਾਹ ਵਿਚੋਂ ਰੁਪੈ ਗਰੀਬਾਂ ਨੂੰ ਦਿੰਦਾ ਹੈ; ਦਵਾਈਆਂ ਹਸਪਤਾਲੋਂ ਲਿਆਉਂਦਾ ਹੈ। ਉਹ ਗਰੀਬ ਲੋਕਾਂ ਦਾ ਮਸੀਹਾ ਹੈ। ਪਰੰਤੂ ਉਹ ਕੋਈ 'ਡੰਮੀ ਰੋਬੋਟ' ਨਹੀਂ ਜਿਹੜਾ ਕੰਮ ਤਾਂ ਸਾਰੇ ਕਰਦਾ ਹੈ ਪਰ ਉਸਦੇ ਦਿਲ ਵਿਚ ਪਿਆਰ ਨਾ ਹੋਵੇ, ਜੀਵਨ ਦੇ ਸੁਨਹਿਰੇ ਭਵਿਖ ਦੀ ਕਾਮਨਾ ਨਾ ਹੋਵੇ। ਪਰ ਇਸ ਲਈ ਉਹ ਸੁਆਰਥੀ ਤੇ ਹੋਛਾ ਨਹੀਂ ਹੁੰਦਾ। ਪਿਆਰ ਵੀ ਆਦਰਸ਼ਕ ਰੂਪ ਵਿਚ ਕਰਦਾ ਹੈ। ਪਿਆਰ ਲਈ ਸਭ ਕੁਝ ਕੁਰਬਾਨ ਕਰ ਦਿੰਦਾ ਹੈ ਪਰ 'ਸੀ' ਨਹੀਂ ਕਰਦਾ।

ਸਰੋਜ ਇਕ ਅਜਿਹੀ ਕੁੜੀ ਹੈ ਜਿਹੜੀ ਸਾਰੇ ਪੱਖਾਂ ਤੋਂ ਮਰਦ ਨੂੰ ਕੀਲਣ ਦੀ ਸਮਰਥਾ ਰਖਦੀ ਹੈ। ਉਹਦਾ ਸਮੁਚਾ ਜੀਵਨ ਦੁਖਾਂਤ ਹੈ। ਉਹਦੇ ਜੀਵਨ ਨੂੰ ਦੇਖਕੇ ਮੱਲੋ

ਜ਼ੋਰੀ ਹਮਦਰਦੀ ਉਪਜਦੀ ਹੈ। ਹਮਦਰਦੀ ਸਦਾ ਪਿਆਰ ਦਾ ਮੁਢ ਬੰਨ੍ਹਦੀ ਹੈ। ਵਰਿਆਮ ਸਿੰਘ ਵੀ ਹਮਦਰਦੀ ਤੋਂ ਪਿਆਰ ਤਕ ਪੁਜਦਾ ਹੈ। ਉਹ ਵੀ ਸਰੋਜ ਨੂੰ ਆਪਣੇ ਜੀਵਨ ਵਿਚ ਆਈ ਚਿਤਵਦਾ ਹੈ। ਪਰ ਇਸ ਦੇ ਨਾਲ ਹੀ ਉਹਨੂੰ ਇਹ ਵੀ ਪਤਾ ਹੈ ਕਿ ਸਰੋਜ ਉਸਦਾ ਸਤਿਕਾਰ ਕਰਦੀ ਹੈ ਪਰੰਤੂ ਪਿਆਰ ਉਹ ਕੁਲਦੀਪ ਸਿੰਘ ਨੂੰ ਹੀ ਕਰਦੀ ਹੈ। ਬਾਬੂ ਗੰਗਾ ਬਿਸ਼ਨ ਵਲੋਂ ਉਸਦੇ ਹੱਕ ਵਿਚ ਜਾਇਦਾਦ ਦੀ ਵਸੀਅਤ ਕਰਨ ਤੇ ਸਰੋਜ ਉਹਦੇ ਸਪੁਰਦ ਕਰਨ 'ਤੇ ਵੀ ਉਹ ਪਹਿਲਾਂ ਵਾਂਗੂੰ ਹੀ ਵਿਹਾਰ ਕਰਨਾ ਹੈ।

ਵਰਿਆਮ ਸਿੰਘ ਦੇ ਸਮੁਚੇ ਅਮਲ ਪਿਛੇ ਪ੍ਰੇਰਨਾ ਸ੍ਰੋਤ ਸਿੱਖੀ ਦੀ ਸੇਵਾ ਭਾਵਨਾ ਤੇ ਆਪਣਾ ਪਾਲਕ ਗਿਆਨੀ ਬਾਗ ਸਿੰਘ ਹੈ। ਉਹ ਲੋਕ ਸੇਵਾ ਤੇ ਸਮਾਜ ਸੇਵਾ ਕਰਨ ਸਮੇਂ ਇਕ ਮਨੁੱਖਵਾਦੀ ਦੀ ਥਾਂ ਇਕ ਆਦਰਸ਼ਕ ਸਿੱਖ ਵਜੋਂ ਵਧ ਪੇਸ਼ ਹੁੰਦਾ ਹੈ। ਪਰੰਤੂ ਉਹਦੀ ਇਹ ਭਾਵਨਾ ਤੰਗ ਨਜ਼ਰ ਤੇ ਸੰਕੀਰਨ ਨਹੀਂ ਹੈ। ਇਸ ਰੂਪ ਵਿਚ ਉਸਨੂੰ ਪੇਸ਼ ਕਰਨ ਵਿਚ ਨਾਨਕ ਸਿੰਘ ਦੀ ਆਪਣੀ ਸੋਚ ਤੇ ਸਮਾਜਕ ਨਜ਼ਰੀਆ ਪ੍ਰਤੱਖ ਹੁੰਦੇ ਹਨ। ਜਿਹੜੇ ਕੌਮੀ ਲਹਿਰ ਦੇ ਪ੍ਰਭਾਵ ਅਧੀਨ ਅਫਿਰਕੂ (Secular) ਰੂਪ ਧਾਰ ਗਏ ਹਨ, ਇਹ ਸੈਕੂ-ਲਰ ਰੂਪ ਵੀ ਵਿਗਿਆਨਕ ਤੌਰ 'ਤੇ ਮਨੁਖਵਾਦੀ ਸੋਚ ਦਾ ਪ੍ਰਤੀਕ ਨਹੀਂ ਸੀ। ਇਹ ਆਪਣੇ ਧਰਮ ਤੇ ਫਿਰਕੇ ਨੂੰ ਉਚਤਮ ਮੰਨਦਿਆਂ ਤੇ ਉਸ ਦੇ ਅਸੂਲਾਂ 'ਤੇ ਦ੍ਰਿੜ ਰਹਿੰਦਿਆਂ ਹੋਇਆਂ ਦੂਜੇ ਫਿਰਕਿਆਂ ਤੇ ਧਰਮਾਂ ਦੇ ਲੋਕਾਂ ਨੂੰ ਭੈੜੇ ਨਾ ਸਮਝਣ ਤਕ ਸੀਮਿਤ ਸੀ। ਇਹ ਕੁਝ ਕਰਦਿਆਂ ਨਾਨਕ ਸਿੰਘ ਭਾਈ ਵੀਰ ਸਿੰਘ ਨੂੰ ਪਿਛੇ ਛਡ ਜਾਂਦਾ ਹੈ, ਜਿਸ ਅਨੁਸਾਰ ਸਿੱਖ ਜੀਵਨ ਆਦਰਸ਼ਕ ਹੈ। ਨਾਨਕ ਸਿੰਘ ਸਿਖ ਜੀਵਨ ਨੂੰ ਆਦਰਸ਼ਕ ਸਮਝਕੇ ਵੀ ਦੂਜਿਆਂ ਉਤੇ ਮੜ੍ਹਦਾ ਨਹੀਂ ਹੈ। ਪਰ ਨਾਨਕ ਸਿੰਘ 1940 ਵਿਚ ਸਮਕਾਲੀ ਹਾਲਾਤ ਤੋਂ ਪ੍ਰਭਾਵਿਤ ਹੋ ਕੇ ਆਪਣਾ ਸਮਕਾਲੀ ਨਾਇਕ ਨਾ ਚਿਤਰ ਕੇ ਬਲਕਿ ਵੀਹ ਸਾਲ ਪਿਛੇ ਵਾਪਰੀਆਂ ਘਟਨਾਵਾਂ ਦਾ ਚਿਤਰਨ ਕਰਦਾ ਤੇ ਉਸੇ ਪਿਛੋਕੜ ਵਿਚ ਨਾਇਕ ਤੇ ਦੂਜੇ ਪਾਤਰ ਚਿਤਰਦਾ ਹੈ। ਇਸ ਤੋਂ ਉਹਦੇ ਸਮਕਾਲੀ ਪਰਿਸਥਿਤੀਆਂ ਤੋਂ ਅਣਭਿਜ ਰਹਿਣ ਤੇ ਸਮਕਾਲੀ ਘਟਨਾਵਾਂ ਨੂੰ ਬੌਧਿਕ ਪੱਧਰ 'ਤੇ ਗ੍ਰਹਿਣ ਕਰਕੇ ਕਲਾ ਦਾ ਰੂਪ ਦੇਣ ਵਿਚ ਉਸਦੀ ਅਸਮਰਥਾ ਪ੍ਰਗਟ ਹੁੰਦੀ ਹੈ।

1940 ਵਿਚ ਪੰਜਾਬ ਅੰਦਰ ਮਾਰਕਸਵਾਦ ਦਾ ਕਾਫ਼ੀ ਪ੍ਰਚਾਰ ਹੋ ਚੁਕਿਆ ਸੀ। ਪੰਜਾਬ ਅੰਦਰ ਕਿਸਾਨਾਂ ਮਜ਼ਦੂਰਾਂ ਤੇ ਪੜ੍ਹੇ ਲਿਖੇ ਤਬਕੇ ਵਿਚ ਇਹ ਪਹੁੰਚ ਚੁਕਿਆ ਸੀ। ਕਮਿਊਨਿਸਟ ਗਰੁਪ ਜਥੇਬੰਦ ਹੋ ਚੁੱਕੇ ਸਨ। ਪਰ ਨਾਨਕ ਸਿੰਘ ਆਪਣੀ ਸਮਾਜਕ ਸਥਿਤੀ ਕਾਰਨ ਇਸ ਤੋਂ ਅਣਭਿਜ ਤੇ ਬੇਲਾਗ ਰਿਹਾ। ਕਿਉਂਕਿ ਨਾਨਕ ਸਿੰਘ ਦੀ ਸਮਾਜਕ ਸਥਿਤੀ ਸ਼ਹਿਰੀ ਦਰਮਿਆਨੇ ਵਿਉਪਾਰੀ ਤਬਕੇ ਵਾਲੀ ਸੀ। ਇਹ ਤਬਕਾ ਦੂਜੀਆਂ ਜਮਾਤਾਂ ਦੀ ਥਾਂ ਕੌਮੀ ਸਰਮਾਏਦਾਰੀ ਨੂੰ ਆਪਣੇ ਵਧ ਨੇੜੇ ਤੇ ਆਪਣੇ ਜਮਾਤੀ ਹਿਤਾਂ ਦੀ ਰਾਖੀ ਸਮਝਦਾ ਸੀ। ਇਸੇ ਕਾਰਨ ਉਹਨੇ ਕੌਮੀ ਸਰਮਾਏਦਾਰ ਵਿਚਾਰਧਾਰਾ ਤੇ ਅਮਲ ਨੂੰ ਆਪਣਾ ਆਦਰਸ਼ ਬਣਾਇਆ। ਇਹੋ ਕਾਰਨ ਹੈ ਕਿ ਨਾਨਕ ਸਿੰਘ ਨੇ ਕਦੇ ਵੀ ਮਜ਼ਦੂਰ ਵਿਚਾਰ-ਧਾਰਾ ਤੇ ਮਾਰਕਸਵਾਦ ਨੂੰ ਬੌਧਿਕ ਤੌਰ 'ਤੇ ਗ੍ਰਹਿਣ ਨਾ ਕੀਤਾ। ਇਸ ਦੇ ਸਿੱਟੇ ਵਜੋਂ ਉਹ ਇਕ ਵੀ ਚੇਤਨ ਤੇ ਜਮਾਤੀ ਸੰਘਰਸ਼ ਦਾ ਘੁਲਾਟੀਆ ਪਾਤਰ ਪੇਸ਼ ਨਹੀਂ ਕਰ ਸਕਿਆ।

ਉਹਦੇ ਮਜ਼ਦੂਰ ਪਾਤਰ ਗਰੀਬ ਹਨ, ਦਰੜੇ ਹੋਏ ਹਨ, ਵਿਅਕਤੀਗਤ ਤੌਰ 'ਤੇ ਸੰਘਰਸ਼ ਵੀ ਕਰਦੇ ਹਨ ਪਰ ਉਹ ਚੇਤਨ ਜਮਾਤੀ ਸੰਘਰਸ਼ ਕਿਤੇ ਵੀ ਪੇਸ਼ ਨਹੀਂ ਕਰ ਸਕਿਆ।

ਭਾਪਾ ਵਰਿਆਮ ਸਿੰਘ ਦੀ ਜਮਾਤੀ ਤੇ ਸਮਾਜਕ ਸਥਿਤੀ ਉਹਨੂੰ ਪ੍ਰੋਲਤਾਰੀ ਬਣਾਉਂਦੀ ਹੈ। ਉਹ ਇਕ ਇਨਕਲਾਬੀ ਵਾਂਗ ਲੋਕ ਹਿਤਾਂ ਤੇ ਦਬੇ ਕੁਚਲੇ ਲੋਕਾਂ ਦੇ ਹਿਤਾਂ ਲਈ ਲੜਨ ਦੀ ਥਾਂ ਵਿਅਕਤੀਗਤ ਕੁਰਬਾਨੀ ਕਰਕੇ ਵਿਅਕਤੀਆਂ ਦੀ ਸੇਵਾ ਕਰਦਾ ਹੈ। ਪਰ ਫਿਰ ਵਿਸ਼ਾਲ ਜਨਤਕ ਸੰਘਰਸ਼ ਦਾ ਅੰਗ ਨਹੀਂ ਬਣਦਾ। ਉਹ ਜਮਾਤੀ ਸੰਘਰਸ਼ ਦੇ ਵਿਗਿਆਨਕ ਸਿਧਾਂਤ ਤੋਂ ਉੱਕਾ ਹੀ ਕੋਰਾ ਹੈ। ਉਹ ਜਮਾਤੀ ਸੰਘਰਸ਼ ਤੇ ਰਾਜਸੀ ਸੰਘਰਸ਼ ਦੇ ਇਨਕਲਾਬੀ ਖਾਸੇ ਨੂੰ ਨਹੀਂ ਸਮਝਦਾ ਬਲਕਿ ਇਕ ਸਾਧਾਰਨ ਸੁਧਾਰਕ ਹੋ ਨਿਬੜਦਾ ਹੈ। ਇਸ ਤਰ੍ਹਾਂ ਨਾਨਕ ਸਿੰਘ ਦੀ ਆਪਣੀ ਸੀਮਿਤ ਸੋਚ ਤੇ ਜਾਣਕਾਰੀ ਇਕ ਇਨਕਲਾਬੀ ਪਾਤਰ ਚਿਤਰਨ ਦੀ ਥਾਂ ਇਕ ਸਾਧਾਰਨ ਸੁਧਾਰਕ ਪੇਸ਼ ਕਰਕੇ ਹੀ ਸੰਤੁਸ਼ਟ ਹੋ ਜਾਂਦੀ ਹੈ ਅਤੇ ਪੰਜਾਬੀ ਪਾਠਕ ਨੂੰ ਇਕ ਪ੍ਰੋਲੇਤਾਰੀ ਨਾਇਕ ਤੋਂ ਵਾਂਝਿਆਂ ਰਹਿਣ ਦਿੰਦੀ ਹੈ। ○

[ਪਿੰਡ ਤੇ ਡਾਕਘਰ : ਘੋਲੀਆ ਕਲਾਂ, ਤਹਿਸੀਲ ਮੋਗਾ, ਜ਼ਿਲਾ ਫਰੀਦਕੋਟ]

ਰਾਜਿੰਦਰ ਸੋਢੀ

## ਸਮੁੰਦਰ, ਤਾਰਾਗਣ ਤੇ ਬੋਧੀ ਬ੍ਰਿਖ

ਜਦ ਵੀ ਮੈਂ ਉਸ ਅੱਗੇ ਸਮੁੰਦਰ ਦੀ ਗੱਲ ਕੀਤੀ
ਉਸ ਆਖਿਆ : ਤੂੰ ਆਪਣੇ ਬਾਜ਼ੂਆਂ ਵੱਲ ਵੇਖ
ਤੂੰ ਸਮੁੰਦਰ ਦੀ ਗੱਲ ਨਾ ਕਰਿਆ ਕਰ
ਤੇ ਉਸ ਮੇਰੇ ਅੱਗੇ ਰਖ ਦਿਤਾ ਹਥੇਲੀ ਜਿੱਡਾ ਸਮੁੰਦਰ
ਫੇਰ ਮੈਂ ਉਸ ਨਾਲ, ਸਮੁੰਦਰ ਦੀ ਗੱਲ ਕਰਨੀ ਛੱਡ ਦਿੱਤੀ
ਅਗਲੀ ਵੇਰ ਮੈਂ ਉਸ ਨਾਲ
ਨੀਲਾਂਬਰਾਂ ਤੇ ਤਾਰਾਗਣਾਂ ਦੀ ਗੱਲ ਛੋਹੀ
ਉਸ ਆਖਿਆ : ਬਾਹਰ ਝੱਖੜ ਹੀ ਝੱਖੜ ਹੈ
ਦੀਵਾਰਾਂ 'ਚ ਚੀਥਾਂ ਹੀ ਚੀਥਾਂ ਹਨ
ਘਰ ਦੇ ਦੀਵੇ ਬਾਰੇ ਸੋਚ
ਫੇਰ ਮੈਂ ਉਸ ਨਾਲ, ਨੀਲਾਂਬਰਾਂ ਤੇ ਤਾਰਾਗਣਾਂ ਦੀ ਗੱਲ ਕਰਨੀ ਛੱਡ ਦਿਤੀ
ਅਗਲੀ ਵੇਰ ਮੈਂ ਉਸ ਨਾਲ
ਜੰਗਲ ਤੇ ਬੋਧੀ ਬ੍ਰਿਖ ਦੀ ਗੱਲ ਛੇੜੀ
'ਹੁਣ ਤੂੰ ਸੰਵਾਦ ਦੇ ਕਾਬਿਲ ਨਹੀਂ ਰਿਹਾ'
ਇੰਨਾ ਆਖ ਉਸ ਮੇਰੇ ਤੇ ਆਪਣੇ ਦਰਮਿਆਨ ਲੀਕ ਖਿੱਚ ਦਿੱਤੀ
ਹੁਣ ਮੈਂ ਇਕੋ ਸਾਹੇ
ਸਮੁੰਦਰ, ਤਾਰਾਗਣ ਤੇ ਬੋਧੀ ਬ੍ਰਿਖ ਦੀ ਗੱਲ
ਵਾਰ ਵਾਰ ਦੁਹਰਾਉਂਦਾ ਰਹਿੰਦਾ ਹਾਂ। ○

[200, ਸੈਕਟਰ 23-ਏ, ਚੰਡੀਗੜ੍ਹ]

ਭੁਪਿੰਦਰ ਬਰਾੜ

## ਏਕ ਉਮਰ ਦੇ ਬਾਦ

ਧੂਪ ਫਿਰ ਜਮ ਰਹੀ ਥੀ ਸੀੜ੍ਹੀਓਂ ਪਰ
ਬੱਚੋਂ ਕੇ ਗੀਲੀ ਪਾਓਂ ਕੇ ਨਿਸ਼ਾਨੋਂ ਕੀ ਤਰਹ
ਜਮ ਰਹੀ ਥੀ ਖਿੜਕੀਓਂ ਪਰ
ਸੂਖਤੀ ਹੁਈ, ਪਹਿਨੇ ਹੁਏ ਕਪੜੋਂ ਮੇਂ—
ਔਰ ਮੈਂ ਨਹੀਂ ਜਾਨਤਾ ਥਾ
ਮੁਝੇ ਕੌਨ ਸਾ ਦਰਵਾਜ਼ਾ ਖਟਖਟਾਨਾ ਹੈ
ਬਹੁਤ ਕੁਛ ਜਾਨਤੇ, ਸਮਝਤੇ ਭੀ
ਨਹੀਂ ਜਾਨਤਾ ਥਾ ਮੁਝੇ ਕਹਾਂ ਜਾਨਾ ਹੈ :

ਬਹੁਤ ਸੀ ਕਵਿਤਾਏਂ ਜੋ ਮੈਂ ਸ਼ਾਇਦ ਲਿਖ ਪਾਤਾ
'ਗਰ ਮੈਂ ਨੇ ਉਨਕਾ ਇੰਤਜ਼ਾਰ ਕੀਆ ਹੋਤਾ
ਬਹੁਤ ਸੇ ਦੋਸਤ ਥੇ ਜੋ ਅਬ ਨਹੀਂ ਥੇ
ਆਵਾਜ਼ੇਂ ਜਿਨ੍ਹੇਂ ਮੈਨੇ ਪਹਿਚਾਨਾ
ਔਰ ਛੂਟ ਜਾਨੇ ਦੀਆ
(ਰੇਲ ਕੀ ਪਟਰੀਓਂ ਕੇ ਸਾਥ ਸਾਥ
ਏਕ ਕੇ ਬਾਦ ਏਕ ਕਈ ਪੱਥਰ ਥੇ
ਜੋ ਹਰ ਰੋਜ਼ ਸੋਚਤੇ
ਔਰ ਵਹੀਂ ਪੜੇ ਰਹਿਤੇ)

ਸ਼ਾਮ ਆਤੀ
ਤੋ ਮੈਂ ਚੁਪਚਾਪ ਉਸੇ ਹੀ ਕਹਿਤਾ ਕਿ ਵਹ ਕੁਛ ਬੋਲੇ
ਮੈਂ ਰਾਤ ਕੋ ਅਪਨੀ ਬਚੀ ਹੁਈ ਜ਼ਿੰਦਗੀ ਕੀ ਤਰਹ ਪਾਤਾ
ਵਹ ਬੜੀ ਸਾਂਵਲੀ ਥੀ
ਔਰ ਬਹੁਤ ਕੁਝ ਸਮੇਟ ਲੇਤੀ ਥੀ
ਚੁਪ ਰਹਿਤੇ ਹੂਏ

ਏਕ ਉਮਰ ਕੇ ਬਾਦ
ਆਦਮੀ ਸੇ ਬਹੁਤ ਕੁਛ ਛੂਟਨੇ ਲਗਤਾ ਹੈ
ਮੈਂ ਜਾਨਤਾ ਥਾ ਔਰ ਚੁਪ ਰਹਿਤਾ ਥਾ

ਧੀਰੇ ਧੀਰੇ ਉਨ ਸਭੀ ਕਿਤਾਬੋਂ ਕੇ ਪੰਨੋਂ ਪਰ
ਧੂਲ ਜਮ ਰਹੀ ਥੀ ਔਰ ਮੈਂ ਚੁਪ ਰਹਿਤਾ ਥਾ
ਦੋਸਤ ਸੋਚਤੇ ਮੈਂ ਧੀਰੇ ਧੀਰੇ ਮਰ ਰਹਾ ਹੂੰ
ਯਾ ਸ਼ਾਇਦ ਅੰਦਰ ਹੀ ਅੰਦਰ ਕੁਛ ਕਰ ਰਹਾ ਹੂੰ
ਵੋ ਉਮੀਦੋਂ ਭਰੇ ਭੱਦੇ ਮਜ਼ਾਕ ਕਰਤੇ
ਔਰ ਮੈਂ ਚੁਪ ਰਹਿਤਾ ਥਾ
ਸਵਾਲੋਂ ਕਾ ਵਹ ਸਿਲਸਿਲਾ
ਜਿਸ ਮੇਂ ਹਮ ਏਕ ਦੂਸਰੇ ਕੋ ਬਹੁਤ ਕਰੀਬ ਮਾਨਤੇ ਥੇ
ਹਮਾਰੇ ਸਰੋਂ ਪਰ ਡੂਬ ਰਹਾ ਥਾ, ਖਾਲੀ ਜਗੋਂ ਮੇਂ
ਔਰ ਹਮ ਨਹੀਂ ਜਾਨਤੇ ਥੇ

ਮੈਂ ਅਭੀ ਭੀ ਮਹਿਸੂਸ ਕਰ ਸਕਤਾ ਹੂੰ, ਗ਼ਨੀਮਤ ਹੈ
ਗੋ ਯਹ ਉਨ ਡਾਇਰੀਓਂ ਸਾ ਹੈ
ਜਿਨ੍ਹੇਂ ਹਮਨੇ ਦੁਸਵਪਨੋਂ ਮੇਂ ਲਿਖਾ
ਔਰ ਖਾਲੀ ਰਾਤੋਂ ਮੇਂ ਕਾਟ ਦੀਆ
ਅੰਧੇਰੇ ਕਮਰੋਂ ਮੇਂ
ਹਮਾਰੇ ਅੰਧੇਰੇ ਕੋਨੇ
ਧੀਰੇ ਧੀਰੇ ਭਰਤੇ ਥੇ
ਹਮ ਏਕ ਦੂਸਰੇ ਸੇ ਮਿਲਤੇ ਭੀ
ਤੋ ਉਸ ਸਭ ਸੇ ਬਹੁਤ ਡਰਤੇ ਥੇ
ਜੋ ਹਮ ਨੇ ਉਨ ਜ਼ਬਾਨੋਂ ਮੇਂ ਲਿਖਾ
ਜਿਨ੍ਹੇਂ ਹਮ ਧੀਰੇ ਧੀਰੇ ਭੂਲ ਰਹੇ ਥੇ
ਏਕ ਉਮਰ ਕੇ ਬਾਦ
ਆਦਮੀ ਸੇ ਬਹੁਤ ਕੁਛ ਛੂਟਨੇ ਲਗਤਾ ਹੈ ।
ਇਸ ਹਫਤੇ ਭੀ ਛੁਟੀ ਵਾਲੇ ਦਿਨ
ਮੈਨੇ ਸੋਚਾ
ਮੁਝੇ ਆਪਨੇ ਕਮਰੇ ਕੀ ਹਰ ਏਕ ਚੀਜ਼ ਕੋ
ਕਮ-ਅਜ਼-ਕਮ ਏਕ ਬਾਰ ਛੂਨਾ ਚਾਹੀਏ
ਔਰ ਉਸ ਸੇ ਪੂਛਨਾ ਚਾਹੀਏ
ਕਿ ਵਹ ਕਯੋਂ ਹੈ
ਜਬਕਿ ਉਸ ਕੇ ਹੋਤੇ ਯਾ ਨਾ ਹੋਤੇ
ਜ਼ਿੰਦਗੀ ਜਯੋਂ ਕੀ ਤਯੋਂ ਹੈ ।
ਮੈਨੇ ਸੋਚਾ ਕਿ ਕਮ-ਅਜ਼-ਕਮ ਏਕ ਖਿੜਕੀ ਕਾ ਸ਼ੀਸ਼ਾ ਤੋੜ ਕਰ

ਮੁਝੇ ਬਹੁਤ ਕੁਛ ਬਾਹਰ ਫੈਂਕ ਦੇਨਾ ਚਾਹਿਯੇ :
ਉਸ ਪੁਰਾਨੇ ਸੰਗੀਤ ਕੋ
ਜੋ ਮੈਂ ਏਕ ਅਰਸੇ ਸੇ ਨਹੀਂ ਸੁਨ ਰਹਾ ਥਾ
ਉਨ ਦਿਨੋਂ ਮੇਂ ਮਿਲੇ ਗਰੀਟਿੰਗ ਕਾਰਡਜ਼ ਕੋ
ਜਿਨ੍ਹੇ ਮੈਂ ਯਾਦ ਨਹੀਂ ਕਰ ਸਕਤਾ ਥਾ
ਔਰ ਐਸੇ ਬਹੁਤ ਸੇ ਖ਼ੁਫੀਆ ਖ਼ਤ
ਜੋ ਮੈਨੇ ਆਨੇ ਵਾਲੇ ਦਿਨੋਂ ਕੇ ਨਾਮ ਲਿਖੇ

ਇਸ ਹਫਤੇ ਭੀ ਛੁਟੀ ਵਾਲੇ ਦਿਨ
ਮੈਨੇ ਐਸਾ ਕੁਛ ਨਹੀਂ ਕੀਆ
ਹਰ ਬਾਰ ਕੀ ਤਰਹ ਮੈਨੇ ਪਾਯਾ
ਉਨ੍ਹੇਂ ਛੂਤੇ ਹੀ ਚੀਜ਼ੇਂ ਆਕਾਰ ਬਦਲਨੇ ਲਗਤੀ ਥੀਂ

ਮੈਨੇ ਪਾਯਾ
ਮੇਰੇ ਅਪਨੇ ਹੀ ਜਿਸਮ ਕੀ ਤਰਹ
ਧੂਪ ਫਿਰ ਸਿਮਟ ਰਹੀ ਥੀ
ਸੜਕੋਂ ਪਰ ਬਹੁਤ ਭੀੜ ਥੀ
ਔਰ ਮੈਂ ਚਿੱਲਾ ਨਹੀਂ ਪਾ ਰਹਾ ਥਾ
ਮੈਂ ਉਨ ਅੰਧੇਰੀ ਗਲੀਓਂ ਮੇਂ ਭੀ
ਜਾ ਨਹੀਂ ਪਾ ਰਹਾ ਥਾ
ਜਹਾਂ ਵਹ ਦੋਸਤ ਰਹਾ ਕਰਤੇ ਥੇ
ਜੋ ਉਮੀਦੋਂ ਭਰੇ ਭੱਦੇ ਮਜ਼ਾਕ ਕਰਤੇ

ਮੈਨੇ ਪਾਯਾ
ਕਿ ਧੂਪ ਫਿਰ ਜਮ ਰਹੀ ਥੀ ਸੀੜ੍ਹੀਓਂ ਪਰ
ਉਨ ਬੱਚੋਂ ਕੇ ਪਾਓਂ ਕੇ ਨਿਸ਼ਾਨੋਂ ਕੀ ਤਰਹ
ਜੋ ਕਹੀਂ ਨਹੀਂ ਥੇ
ਜਮ ਰਹੀ ਥੀ ਦਰਵਾਜ਼ੋਂ ਪਰ
ਜੋ ਮੇਰੇ ਕਮਰੇ ਸੇ
ਔਰ ਖਾਲੀ ਕਮਰੋਂ ਮੇਂ ਖੁਲਤੇ ਥੇ
ਸੂਖ ਰਹੀ ਥੀ ਕਪੜੋਂ ਮੇਂ
ਜਿਨ ਮੇਂ ਮੇਰੇ ਜਿਸਮ ਕੀ ਗੰਧ ਅਭੀ ਬਾਕੀ ਥੀ
ਸਿਮਟੀ ਹੂਈ।

o

[189, ਸੈਕਟਰ 11 ਏ, ਚੰਡੀਗੜ੍ਹ]

ਗੁਰਮੇਲ ਸਿੱਧੂ

## ਅਸੀਂ ਤਾਂ

ਵਾਵਰੋਲੇ ਵਾਂਗੂੰ ਥਾਂ ਥਾਂ ਭਟਕੇ ਹਾਂ,
ਸੰਘਣੀ ਛਾਂ ਲਈ ਅਸੀਂ ਹਮੇਸ਼ਾਂ ਤਰਸੇ ਹਾਂ ।

ਬਦੋਬਦੀ ਦੀ ਗੱਲ ਕੋਈ ਵੀ,
ਅਸੀਂ ਕਿਸੇ ਦੇ ਸਿਰ ਨਹੀਂ ਮੜ੍ਹਦੇ ।

ਹੱਕਾਂ ਦੀ ਬੱਸ ਰਾਖੀ ਲਈ ਹਾਂ,
ਬਦੋਬਦੀ ਦੀ ਸੂਲੀ ਚੜ੍ਹਦੇ ।

ਅਸੀਂ ਨਿਲੱਜੇ ਕਬਰਾਂ ਪੁੱਟਣ, ਤੀਕਰ ਜਾਈਏ,
ਜੇ ਕੋਈ ਬੰਦਾ ਰੱਬ ਸਬੱਬੀ,
ਸਾਨੂੰ 'ਉਹਦੀ' ਖਬਰ ਸੁਣਾਏ ।

ਉਂਝ ਅਸੀਂ ਹਾਂ,
ਰੋੜਾਂ ਕੰਕਰੀਆਂ ਦੇ ਜਾਏ ।

ਪਰ ਧਰਤੀ ਵਾਂਗੂੰ ਜਿੰਨਾ ਡੂੰਘਾ ਸਾਨੂੰ ਪੱਟੋ
ਉਨੀ ਵਧੀਆ ਮਿੱਟੀ
ਸਾਡੇ ਪਿੰਡੇ ਵਿਚੋਂ ਨਿਕਲ ਆਏ ।

ਝੀਥਾਂ ਤੇ ਦਰਵਾਜ਼ੇ ਥਾਣੀ
ਬੋਲ ਪਰਾਏ ਅੰਦਰ ਆਏ
ਕਹਿਣ ਨੂੰ ਆਦਰ-ਭਾਉ ਕੀਤਾ
ਪਰ ਕੁਝ ਬੋਲ ਅਸੀਂ ਪੱਲੇ ਬੰਨ੍ਹੇ
ਕੁਝ ਬੋਲ ਅਸੀਂ ਮਾਰ ਮੁਕਾਏ ।

ਕਹਿਣ ਨੂੰ ਅਸੀਂ ਟੁੱਟੇ ਭੱਜੇ, ਥੱਕੇ ਹਾਰੇ
ਮੁੱਸਰੀ ਵਾਗੂੰ ਸੌਂ ਨਹੀਂ ਸਕਦੇ
ਆਪਣੇ ਬੋਲ ਪੁਗਾ ਸਕਦੇ ਹਾਂ
ਬੋਲ ਪਰਾਇਆਂ ਤੋਂ ਨਹੀਂ ਅਕਦੇ ।

ਏਸ ਦਮੂੰਹੀ ਦੁਨੀਆਂ ਅੰਦਰ
ਕੰਨ ਪਾਈ ਨਾ ਸੁਣਦੀ
ਪਰ ਇਕੋ ਬੋਲ ਨਿਮਾਣੇ ਲਈ
ਅਸੀਂ ਤਰਸੇ ਹਰ ਥਾਂ
ਸੰਘਣੀ ਛਾਂ ਲਈ ਭਟਕੇ ਥਾਂ ਥਾਂ ।

[ਗੁਰੂ ਨਾਨਕ ਕਾਲਿਜ, ਮੋਗਾ]

ਸੁਰਜੀਤ ਹਾਂਸ

# ਜਨਮਸਾਖੀ ਸਾਹਿਤ–ਰੂਪ

ਜਨਮਸਾਖੀ ਮੌਲਿਕ ਸਾਹਿਤ ਰੂਪ (genre) ਹੈ। ਇਸ ਨੂੰ ਠੀਕ ਤਰ੍ਹਾਂ ਸਮਝਣਾ ਕਈ ਪੱਖਾਂ ਤੋਂ ਕਾਫ਼ੀ ਜ਼ਰੂਰੀ ਹੈ। ਇਕ ਸਾਹਿਤ ਰੂਪ ਨੂੰ ਦੂਜੇ ਸਾਹਿਤ ਰੂਪ ਦੀ ਕਸਵੱਟੀ 'ਤੇ ਪਰਖਣ ਨਾਲ ਉਹਦੀ ਸਮਝ ਖਤਮ ਹੋ ਜਾਂਦੀ ਹੈ। ਦੂਸਰੀ ਗੱਲ ਇਹ ਹੈ ਕਿ ਆਪਣੇ ਮੌਲਿਕ ਸਾਹਿਤ ਰੂਪਾਂ ਨੂੰ ਸਮਝਣ ਨਾਲ ਹੀ ਸਾਡੀ ਆਲੋਚਨਾ ਸੁਤੰਤਰ ਹੋ ਸਕਦੀ ਹੈ। ਸੋ ਪੰਜਾਬੀ ਦੇ ਮੌਲਿਕ ਸਾਹਿਤ ਰੂਪ ਨੂੰ ਸਮਝਣਾ ਜਿੱਥੇ ਸਾਡਾ ਕੌਮੀ ਫਰਜ਼ ਹੈ ਉੱਥੇ ਇਹ ਸਾਡੇ ਲਈ ਆਪਣੇ ਭੂਤਕਾਲ 'ਤੇ ਸਹੀਹ ਗੌਰਵ ਕਰਨ ਦਾ ਮੌਕਾ ਵੀ ਹੈ।

ਸਾਨੂੰ ਆਪਣੇ ਸਾਹਿਤ ਵਿਚੋਂ ਹੀ ਸਾਡੀ ਆਪਨੁਹਾਰ (identity) ਲੱਭ ਸਕਦੀ ਹੈ। ਆਰਥਿਕ-ਇਤਿਹਾਸਕ ਕਾਰਨਾਂ ਤੋਂ ਇਲਾਵਾ ਅਸੀਂ ਕਿਸੇ ਹੱਦ ਤੱਕ ਸਾਹਿਤ ਕਲਾ ਰਾਹੀਂ ਵੀ ਆਪਣੀ ਆਪਨੁਹਾਰ ਸਿਰਜਦੇ ਹਾਂ। ਸਾਹਿਤ ਆਤਮਾ ਦਾ ਸ਼ੀਸ਼ਾ ਹੈ ਅਤੇ ਭੂਤ-ਕਾਲ ਦੇ ਸ਼ੀਸ਼ੇ ਵਿਚੋਂ ਹੀ ਅਜੋਕਾ ਆਈਨਾ ਪੈਦਾ ਹੋਣਾ ਹੈ ਜਿਸ ਵਿਚੋਂ ਅਸੀਂ ਆਪਣੇ ਆਪ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਸਕਦੇ ਹਾਂ। ਜਨਮਸਾਖੀ ਰੂਪ ਜਹੀ ਕੋਈ ਚੀਜ਼ ਯੂਰਪੀ ਆਲੋਚਨਾ ਵਿਚ ਨਹੀਂ ਮਿਲਦੀ। ਮੈਂ ਆਪਣੀ ਅੰਗਰੇਜ਼ੀ ਨਾਲ ਵਾਕਫ਼ੀਅਤ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਇਹ ਰੂਪ ਯੂਰਪੀ ਸਾਹਿਤ ਵਿਚ ਨਹੀਂ ਮਿਲਦਾ। ਅਸੀਂ ਅੱਜ ਤਾਈਂ ਜਨਮਸਾਖੀ ਰੂਪ ਨੂੰ ਨਿੱਕੀ ਕਹਾਣੀ ਦੀ ਦ੍ਰਿਸ਼ਟੀ ਤੋਂ ਵੇਖਿਆ ਹੈ ਜਿਸ ਨਾਲ ਇਹਦੀ ਸਮਝ 'ਚ ਰੁਕਾਵਟ ਪੈਂਦੀ ਹੈ। ਜਾਂ ਅਸੀਂ ਜਨਮਸਾਖੀਆਂ ਵਿਚ ਲਿਖੀ ਵਾਰਤਕ ਦੀ ਮਹਿਮਾ ਕੀਤੀ ਹੈ। ਕਿਸੇ ਨੂੰ ਇੱਟਾਂ ਵਖਾ ਕੇ ਮਹਿਲ ਦੀ ਮਿਹਮਾਰੀ (architecture) ਦਰਸਾਉਣੀ ਅਸੰਭਵ ਹੈ। ਇੰਝ ਹੀ ਜਨਮਸਾਖੀ ਵਾਰਤਕ ਦੀ ਬਹਿਸ ਇਹਦੇ ਰੂਪਾਤਮਕ ਪੱਖ ਨੂੰ ਨਹੀਂ ਦਰਸਾ ਸਕਦੀ।

ਇਹ ਤਾਂ ਪ੍ਰਤੱਖ ਹੈ ਕਿ ਸਾਖੀ ਨਾਵਲ ਦੇ ਤੁੱਲ ਨਹੀਂ। ਜੇ ਅਸੀਂ ਪੰਚਤੰਤ੍ਰ ਜਾਂ fable, ਹਦਾਇਤ, ਕਿੱਸਾ ਜਾਂ ਬਾਤ, ਅਤੇ ਨਿੱਕੀ ਕਹਾਣੀ ਦੇ ਗੁਣਾਂ ਨੂੰ ਵੇਖੀਏ ਤਾਂ ਵੀ ਸਾਨੂੰ ਜਨਮਸਾਖੀ ਰੂਪ ਇਹਨਾਂ ਤੋਂ ਬਾਹਰ ਨਜ਼ਰ ਆਉਂਦਾ ਹੈ।

ਪੰਚਤੰਤ੍ਰ ਦੀ ਸਿਖਿਆ ਵਿਚੋਂ ਹੀ ਸਾਨੂੰ ਬੋਧ ਪ੍ਰਾਪਤ ਹੁੰਦਾ ਹੈ।

ਹਕਾਇਤ ਵਿਚ 'ਸਿਖਿਆ ਦੇ ਬੀਜ' ਗੁਝੇ ਹੁੰਦੇ ਹਨ ਜਿਹੜੇ ਇਹਦੇ ਵਿਚ ਵਿਆਪਕ ਖੁਸ਼ੀ ਜਾਂ ਗ਼ਮੀ ਅਤੇ ਸਾਡੇ ਪ੍ਰਤਿਕਰਮਾਂ ਵਿਚ ਚੰਗੀਆਂ ਰੁਚੀਆਂ ਨੂੰ ਵਧਾਵਾ ਦਿੰਦੇ ਹਨ। ਹਕਾਇਤ ਅਜਿਹੀ ਕਹਾਣੀ ਹੈ ਜਿਸ ਵਿਚ ਮਹਿਨਿਆਂ ਦਾ ਭੂਤ ਆਉਂਦਾ ਰਹਿੰਦਾ ਹੈ। ਇਹ ਮਾਹਨਵੀ ਭੂਤ ਹਕਾਇਤ ਨੂੰ ਅਮੀਰ ਅਤੇ ਅਰਥ ਪੂਰਨ ਕਰ ਦਿੰਦਾ ਹੈ ਪਰ ਪਾਠਕ ਨੂੰ ਆਪਣਾ ਭੇਤ ਨਹੀਂ ਦਿੰਦਾ। ਹਕਾਇਤ ਦਾ ਦਰਸ਼ਨ ਇਹਦੇ ਪਲਾਟ ਵਿਚ ਹੁੰਦਾ ਹੈ ਜਿਸਨੂੰ

ਉਠਾਉਣਾ ਸਾਡੇ ਲਈ ਕੁਝ ਮੁਸ਼ਕਿਲ ਹੁੰਦਾ ਹੈ।

ਨਿੱਕੀ ਕਹਾਣੀ ਦੀ ਵਿਸ਼ੇਸ਼ਤਾ ਯਥਾਰਥ-ਵਰਤਾ ਹੋਣ ਵਿਚ ਹੈ। ਕਹਾਣੀ ਦੇ ਨਿਤਾਪ੍ਰਤੀ ਯਥਾਰਥ ਦਾ ਇਸ ਗੱਲ ਤੋਂ ਵੀ ਪਤਾ ਲੱਗ ਜਾਂਦਾ ਹੈ ਕਿ ਫਰਾਂਸੀਸੀ ਜ਼ਬਾਨ ਵਿਚ ਨਿੱਕੀ ਕਹਾਣੀ ਅਤੇ ਖਬਰ ਲਈ ਇਕੋ ਹੀ ਲਫ਼ਜ਼ nouvelle ਹੈ। ਫਰਾਂਸੀਸੀ ਕਹਾਣੀ ਦਾ ਸਿਰਕੱਢ ਹੋਣਾ ਵੀ ਨਿੱਕੀ ਕਹਾਣੀ ਦੀ ਉਪਰੋਕਤ ਆਂਸ਼ਿਕ ਪਰਿਭਾਸ਼ਾ ਦੀ ਕਾਫੀ ਪੁਸ਼ਟੀ ਕਰਦਾ ਹੈ। ਨਿੱਕੀ ਕਹਾਣੀ ਦਾ ਉੱਦੇਸ਼ ਜ਼ਿੰਦਗੀ ਦਾ ਖਰਵਾ, ਰੁੱਖਾ ਜਿਹਾ ਰਿਕਾਰਡ ਪੇਸ਼ ਕਰਨਾ ਹੈ। ਨਾ ਹੀ ਇਸ ਵਿਚ ਕੋਈ ਖਾਸ ਅਚਾਰਕ, ਆਦਰਸ਼ਕ, ਵਿਚਾਰਧਾਰਕ ਸੰਦੇਸ਼ ਹੁੰਦਾ ਹੈ। ਇਹਦੇ ਵਿਚ ਅਜਿਹਾ ਕਠੋਰ ਦੁਮੇਲਪਨ (horizontality) ਹੈ ਜਿਹੜਾ ਕਿਸੇ ਕਿਸਮ ਦੇ ਪਰਮਾਰਥ (transcendence) ਦਾ ਆਕਾਰ ਉਘੜਨ ਨਹੀਂ ਦਿੰਦਾ।

ਪਰੀ ਕਹਾਣੀ ਵਿਚ ਬਚਗਾਨਾ ਪਲਾਟ ਹੁੰਦਾ ਹੈ ਜਿਹੜੀ ਮਨੁੱਖ ਦੀਆਂ ਆਦਿਛਾਪਾਂ (archetypes) ਅਤੇ ਅਣਪਛਾਤੀ ਮਿੱਥਾਂ (myths) ਨੂੰ ਜੀਵਿਤ ਕਰਕੇ ਸਾਡੇ 'ਤੇ ਜਾਦੂ ਵਰਗਾ ਅਸਰ ਪਾਉਂਦੀ ਰਹਿੰਦੀ ਹੈ।

ਜਨਮਸਾਖੀ ਦੀਆਂ ਵੱਖ ਵੱਖ ਸਾਖੀਆਂ ਪੰਚਤੰਤ੍ਰ, ਹਕਾਇਤ, ਨਿੱਕੀ ਕਹਾਣੀ ਆਦਿ ਦਾ ਝਾਉਲਾ ਤਾਂ ਪਾ ਸਕਦੀਆਂ ਹਨ। ਅਸੀਂ ਇਹਨਾਂ ਨੂੰ ਜਨਮਸਾਖੀ ਦੇ ਟੁਟਵੇਂ ਬਿਰਤਾਂਤਕ (narrative) ਅੰਸ਼ ਵੀ ਕਹਿ ਸਕਦੇ ਹਾਂ ਪਰ ਇਹ ਜਨਮਸਾਖੀ ਰੂਪ ਬਾਰੇ ਚੁੱਪ ਤੋਂ ਵੱਧ ਕੁਝ ਨਹੀਂ ਧਾਰ ਸਕਦੀਆਂ।

ਜਨਮਸਾਖੀ ਰੂਪ ਨੂੰ ਸਮਝਣ ਲਈ ਇਹਦੇ ਮੰਤਵ ਨੂੰ ਸਮਝਣਾ ਜ਼ਰੂਰੀ ਹੈ। ਪੰਜਵੀਂ ਸਦੀ ਵਿਚ ਆਰੀਆ ਸੂਰਾ ਬੁੱਧ ਦੀ ਜਨਮਸਾਖੀ ਅਰਥਾਤ 'ਜਾਤਕਮਾਲਾ' ਵਿਚ ਲਿਖਦਾ ਹੈ ਕਿ ਉਹਦਾ ਮਤਲਬ ਬੁੱਧ ਦੇ 'ਅਦਭੁਤ ਮਾਹਰਕਿਆਂ' ਦਾ ਵਰਨਣ ਕਰਨਾ ਹੈ ਤਾਂ ਜੋ ਸੁਨਣ ਵਾਲਿਆਂ ਦੇ ਮਨ ਵਿਚ ਆਤਮਿਕ ਉਤਸ਼ਾਹ ਪੈਦਾ ਹੋ ਸਕੇ। ਸਾਖੀਆਂ ਨੂੰ ਸੁਣਕੇ ਕਠੋਰ ਚਿੱਤ ਵੀ ਨਰਮ ਹੋ ਜਾਂਦੇ ਹਨ ਜਿਸ ਦੇ ਸਦਕੇ ਉਹ ਧਾਰਮਿਕ ਸੰਦੇਸ਼ ਨੂੰ ਸੌਖਿਆਈ ਨਾਲ ਗ੍ਰਹਿਣ ਕਰ ਲੈਂਦੇ ਹਨ। ਉਹ ਮਹਾਤਮਾ ਬੁੱਧ ਬਾਰੇ ਤੱਥ ਵੀ 'ਗ੍ਰੰਥਾਂ ਅਤੇ ਪਰੰਪਰਾ ਅਨੁਸਾਰ' ਦਿੰਦਾ ਹੈ। ਉਹ ਆਪਣੀ ਕਿਰਤ ਨੂੰ ਮਹਾਤਮਾ ਬੁੱਧ, ਬੁੱਧ ਧਰਮ ਅਤੇ ਸੰਗਤ ਨੂੰ ਸਮਰਪਨ ਕਰਦਾ ਹੈ।

ਜੇ ਜਨਮਸਾਖੀ ਬ੍ਰਿਤਾਂਤ (narrative) ਗ੍ਰੰਥਾਂ ਅਨੁਸਾਰ ਲਿਖਣਾ ਹੈ ਤਾਂ ਇਹਦੇ ਵਿਚ ਵਿਸ਼ੇਸ਼ ਧਾਰਮਿਕ ਦਰਸ਼ਨ ਦਾ ਦਖਲ ਜ਼ਰੂਰੀ ਹੋ ਜਾਂਦਾ ਹੈ। ਕਿਉਂਕਿ ਜਨਮਸਾਖੀ ਬ੍ਰਿਤਾਂਤ 'ਪਰੰਪਰਾ' ਅਨੁਸਾਰ ਹੈ ਅਤੇ ਧਾਰਮਿਕ ਫੁੱਟ ਕਾਰਨ ਨਵੀਂ ਜਾਂ ਹੋਰ ਪਰੰਪਰਾਵਾਂ ਚਲ ਪੈਂਦੀਆਂ ਹਨ। ਇਸ ਕਰਕੇ ਜਨਮਸਾਖੀ ਬ੍ਰਿਤਾਂਤ ਸੰਪਰਦਾਇਕ (sectarian) ਵੀ ਹੁੰਦਾ ਹੈ। ਬੁੱਧ-ਧਰਮ ਵਿਚ 377 ਪੂਰਵ ਈਸਵੀ ਵੈਸ਼ਾਲੀ ਕਾਨਫਰੰਸ 'ਤੇ ਫੁੱਟ ਪੈ ਗਈ ਸੀ ਜਿਸਦਾ ਨਤੀਜਾ ਇਹ ਹੋਇਆ ਕਿ ਮਹਾਤਮਾ ਬੁੱਧ ਬਾਰੇ ਸਾਖੀਆਂ ਵਿਚ ਵੀ ਫੁੱਟ ਪੈ ਗਈ ਅਤੇ ਜਾਤਕ canon ਨੂੰ ਭੰਨ ਲਿਆ ਗਿਆ। ਮਹਾਯਾਨ ਅਤੇ ਹੀਨਯਾਨ ਬੁੱਧ ਮੱਤ ਦੀਆਂ ਅੱਡ ਅੱਡ ਜਾਤਕਮਾਲਾਵਾਂ ਹਨ। ਇਹ ਗੱਲ ਸਪਸ਼ਟ ਹੈ ਕਿ ਜਨਮਸਾਖੀਆਂ ਸੰਪਰਦਾਇਕ

ਸਿਧਾਂਤਾਂ ਦੀ ਪ੍ਰੋੜਤਾ ਵਿਚ ਲਿਖੀਆਂ ਜਾਂਦੀਆਂ ਹਨ ਅਤੇ ਇਹ ਆਪਣੀ ਆਪਣੀ ਸੰਪਰਦਾ ਦੀ ਹਮਾਇਤ ਕਰਦੀਆਂ ਹਨ । ਹਰ ਇਕ ਸੰਪਰਦਾ ਆਪਣੇ ਦਾਹਵਿਆਂ ਦੇ ਹੱਕ ਵਿਚ ਜਨਮਸਾਖੀ ਨੂੰ ਸਬੂਤ ਵਜੋਂ ਪੇਸ਼ ਕਰਦੀ ਹੈ ।

ਜਨਮਸਾਖੀਆਂ ਦਾ ਉੱਦੇਸ਼ ਆਪਣੀ ਆਪਣੀ ਸੰਪਰਦਾ ਦਾ ਮੱਤ ਪੇਸ਼ ਕਰਨਾ ਹੈ । ਕਈ ਸਾਖੀਆਂ ਤਾਂ ਕੇਵਲ ਗੁਰਸ਼ਬਦਾਂ ਬਾਰੇ ਗੋਸ਼ਟੀਆਂ ਹਨ । ਕਈਆਂ ਵਿਚ ਧਾਰਮਿਕ ਸੰਦੇਸ਼ ਅੰਸ਼-ਮਾਤਰ ਹੁੰਦਾ ਹੈ । ਸਾਖੀਆਂ ਵਿਚ ਧਰਮ ਦੇ ਸੰਦੇਸ਼ ਦਾ ਅਨੁਪਾਤ ਘਟਦਾ ਵਧਦਾ ਰਹਿੰਦਾ ਹੈ । ਦੂਸਰੇ, ਸਾਖੀਆਂ ਵਿਚ ਧਰਮ ਦੇ ਬਾਨੀ ਬਾਰੇ 'ਅਦਿਭੁਤ ਮਾਹਰਕੇ' ਹੁੰਦੇ ਹਨ । ਜਨਮਸਾਖੀਆਂ ਵਿਚ ਗੁਰੂ ਨਾਨਕ ਸਾਹਿਬ ਦੈਵੀ ਸ਼ਕਤੀਆਂ, ਕਲਿਯੁਗ, ਕਾਲ ਆਦਿ ਨੂੰ ਹਰਾਉਂਦੇ ਹਨ ਅਤੇ ਉਹ ਦੂਸਰੇ ਧਰਮਾਂ, ਸੰਪਰਦਾਵਾਂ ਅਤੇ ਭੇਖਾਂ ਦੇ ਬਾਨੀਆਂ ਨੂੰ ਪਰਾਜਿਤ ਕਰਦੇ ਹਨ । ਸਨਾਤਨੀ ਜਨਮਸਾਖੀਆਂ ਵਿਚ ਬਾਬਾ ਨਾਨਕ ਸ਼੍ਰੋਮਣੀ ਭਗਤ ਹੈ ਪਰ ਬਾਲਾ ਅਤੇ ਹੰਦਾਲ ਜਨਮਸਾਖੀਆਂ ਉਹਨਾਂ ਨੂੰ ਅਜਿਹੀ ਪ੍ਰਸਿਧੀ ਨਹੀਂ ਦਿੰਦੀਆਂ । ਜਨਮਸਾਖੀ ਲਿਖਾਰੀ ਦੀ ਮੌਲਿਕਤਾ ਅਜਿਹਾ ਬਿਰਤਾਂਤ ਸਿਰਜਣ ਵਿਚ ਹੈ ਜਿਹੜਾ ਉਹਦੇ ਧਰਮ ਦਾ ਖੁਲਾਸਾ ਹੋਵੇ । ਜਨਮਸਾਖੀ ਦੇ ਮਹੱਤਵਪੂਰਨ ਅੰਸ਼ ਹਨ : (1) ਧਰਮ ਸਿਧਾਂਤ (2) ਗੁਰੂ ਦੇ ਮਾਹਰਕੇ (3) ਸੰਪਰਦਾਇਕ ਪੱਖ-ਪਾਤ ਅਤੇ (4) ਬਿਰਤਾਂਤਕ ਮੌਲਿਕਤਾ ।

ਸਾਖੀ ਦੀ ਕੋਈ ਨਿਸਚਿਤ ਜੁਗਤ ਨਹੀਂ ਹੈ । ਸਾਖੀ ਵਿਚ ਦਰਸ਼ਨ, ਅਦਿਭੁਤ ਮਾਹਰਕੇ, ਸੰਪਰਦਾਇਕ ਪੱਖ ਅਤੇ ਬਿਰਤਾਂਤ ਘਟਦੇ ਵਧਦੇ ਰਹਿੰਦੇ ਹਨ । ਜਨਮ ਸਾਖੀਆਂ ਵਿਚ ਬਹੁਤੀਆਂ ਸਾਖੀਆਂ ਬਾਬੇ ਨਾਨਕ ਦੇ ਅਦਿਭੁਤ ਮਾਹਰਕਿਆਂ ਬਾਰੇ ਹਨ । ਪਰ ਗੌਹ ਨਾਲ ਪੜ੍ਹਣ 'ਤੇ ਇਹਨਾਂ ਵਿਚ ਸਨਾਤਨੀ ਸਿੱਖ ਸਿਧਾਂਤ ਵੀ ਨਜ਼ਰ ਆਉਣ ਲੱਗ ਜਾਂਦੇ ਹਨ । ਇਹਨਾਂ ਵਿਚ ਗੁਰੂ ਨਾਨਕ ਦੀ ਗੁਰਿਆਈ ਦੀ ਪ੍ਰਕਿਰਤੀ ਬਾਰੇ ਬਹਿਸ ਹੈ—ਉਹ ਗੁਰੂ ਤੋਂ ਬਿਨਾ ਹੀ ਕਿਵੇਂ ਗੁਰੂ ਹੋ ਗਏ ? ਉਹਨਾਂ ਦੀ ਗੁਰਿਆਈ ਦਾ ਵਾਹਿਗੁਰੂ ਨਾਲ ਕੀ ਸੰਬੰਧ ਹੈ ? ਗੁਰੂ ਨਾਨਕ ਨੇ ਅੰਗਦ ਨੂੰ ਕਿਵੇਂ ਗੁਰੂ ਮੰਨਿਆ ਅਤੇ ਬਣਾਇਆ ? ਗੁਰੂ ਨਾਨਕ ਦਾ ਉੱਤਰ-ਗੁਰੂਆਂ ਨਾਲ ਕੀ ਸੰਬੰਧ ਹੈ ? ਗੁਰੂ ਦਾ ਸਿੱਖ ਅਤੇ ਸਿੱਖ ਪੰਥ ਨਾਲ ਕੀ ਤੁਅੱਲਕ ਹੈ ? ਸਨਾਤਨੀ ਜਨਮਸਾਖੀਆਂ ਗੁਰੂਆਂ ਦੀ ਜੋਤ ਦੀ ਏਕਤਾ ਨੂੰ ਮੰਨਦੀਆਂ ਹਨ ਅਤੇ ਗੁਰ-ਪ੍ਰਣਾਲੀ ਦੀ ਮਾਨਤਾ ਦਾ ਪ੍ਰਚਾਰ ਕਰਦੀਆਂ ਹਨ ।

ਅੱਜ ਕਲ ਗ਼ਲਤ ਹੀ ਇਕੱਲੀ ਕਹਿਰੀ ਸਾਖੀਆਂ 'ਤੇ ਜ਼ੋਰ ਦਿੱਤਾ ਜਾਂਦਾ ਹੈ । ਪਰ ਜਨਮਸਾਖੀ ਲਿਖਾਰੀ ਦਾ ਉੱਦੇਸ਼ ਪਾਠਕ 'ਤੇ ਸਮੁੱਚਾ ਪ੍ਰਭਾਵ ਪਾਉਣਾ ਹੈ ਜਿਸ ਵਿਚ ਸਤਿ-ਗੁਰ ਮਹਿਮਾ, ਧਰਮ ਸਿਧਾਂਤ, ਸੰਪਰਦਾਇਕਤਾ ਅਤੇ ਬਿਰਤਾਂਤ ਦੇ 'ਗੁੱਝੇ ਬੀਜ' ਇਕਮਿਕ ਹੁੰਦੇ ਹਨ । ਜਨਮਸਾਖੀ ਕਲਾ ਬਿਰਤਾਂਤਕ mosaic ਦੀ ਕਲਾ ਹੈ ਜਿਸਦੀ ਇਕ ਮੋਜ਼ੇਕ ਅਰਥਾਤ ਇਕ ਸਾਖੀ ਬੇਰਸ, ਮਹੱਤਵਹੀਣ ਅਤੇ ਲਘੂਮਾ ਭਰੀ ਹੋ ਸਕਦੀ ਹੈ ਪਰ ਜਨਮ-ਸਾਖੀ ਰਚਨਾ ਰੋਚਿਕ, ਮਹੱਤਵਪੂਰਨ ਅਤੇ ਮਹਿਮਾ-ਯੁਕਤ ਹੁੰਦੀ ਹੈ । ਕਿਸੇ ਇਕ ਸਾਖੀ ਵਿਚ ਦਰਸ਼ਨ ਹੋਣਾ ਜ਼ਰੂਰੀ ਨਹੀਂ ਪਰ ਜਨਮਸਾਖੀ ਵਿਚ ਧਰਮ-ਸਿਧਾਂਤ ਲਾਜ਼ਮੀ ਹੈ । ਸ਼ਾਇਦ ਕੋਈ ਵੀ ਸਾਖੀ ਕੇਵਲ ਸੰਪਰਦਾਇਕ ਪੱਖਪਾਤ ਬਾਰੇ ਨਾ ਹੋਵੇ ਪਰ ਸਮੁੱਚੀ ਜਨਮ-ਸਾਖੀ ਦੇ ਮਨੋਰਥਾਂ ਵਿਚ ਸੰਪਰਦਾਇਕਤਾ ਜ਼ਰੂਰੀ ਹੈ । ਕਿਸੇ ਕਿਸੇ ਸਾਖੀ ਵਿਚ ਦਿਲਚਸਪ

ਬਿਰਤਾਂਤ ਮਿਲਦਾ ਹੈ ਪਰ ਜਨਮਸਾਖੀ ਨੂੰ ਬਿਰਤਾਂਤ, ਹਕਾਇਤ, ਕਹਾਣੀ, ਪੰਚਤੰਤ੍ਰ ਕਹਿਣਾ ਗ਼ਲਤੀ ਹੈ। ਸਾਖੀ ਜਨਮਸਾਖੀ ਰਚਨਾ ਦਾ ਪਦਾਰਥਕ (material) ਕਾਰਨ ਤਾਂ ਹੈ ਪਰ ਇਹਨੂੰ ਸਮਰੱਥ efficient ਕਾਰਨ ਨਹੀਂ ਕਿਹਾ ਜਾ ਸਕਦਾ। ਜਨਮਸਾਖੀ ਦੇ ਪ੍ਰਭਾਵ ਦਾ ਸਮਰੱਥ ਕਾਰਨ ਸਾਖੀਆਂ ਦਾ ਪੈਟਰਨ (pattern) ਹੈ। ਵੇਖਣ ਨੂੰ ਸਾਖੀ ਸਾਧਾਰਨ ਜਹੀ ਚੀਜ਼ ਹੈ ਪਰ ਜਨਮਸਾਖੀ ਸਿਰਜਣਾ ਬੜਾ ਮੁਸ਼ਕਿਲ ਕੰਮ ਹੈ ਜਿਸ ਲਈ ਲਿਖਾਰੀ ਨੂੰ ਸੁਘੜ ਚੇਤਨਤਾ (consciousness) ਦੀ ਅਵੱਸ਼ਕ ਲੋੜ ਹੈ। ਇਹੀ ਕਾਰਨ ਹੈ ਕਿ ਜਨਮਸਾਖੀ ਸਾਹਿਤ ਰੂਪ ਆਧੁਨਿਕ ਸਾਹਿਤ ਰੂਪਾਂ ਨਾਲੋਂ ਸੌਖਾ ਨਹੀਂ ਸਗੋਂ ਔਖਾ ਹੈ।

ਜਨਮਸਾਖੀ ਵਿਚ ਬਿਰਤਾਂਤਕ ਅੰਸ਼ ਮਾਮੂਲੀ ਗੁਣ ਨਹੀਂ, ਸਗੋਂ ਇਹਦੀ ਆਤਮਾ ਹੈ। ਧਰਮ ਅਤੇ ਬਿਰਤਾਤ ਦਾ ਅਲੌਕਿਕ ਸੰਬੰਧ ਹੈ। ਹਰ ਧਰਮ ਦਾ ਆਪਣਾ ਵਿਸ਼ੇਸ਼ ਬਿਰਤਾਂਤ ਹੁੰਦਾ ਹੈ ਅਤੇ ਹਰ ਬਿਰਤਾਂਤ ਵਿਚ ਗੁੱਝੀ ਧਾਰਮਿਕ ਝਲਕ ਹੁੰਦੀ ਹੈ। ਇਹੀ ਕਾਰਨ ਹੈ ਕਿ ਇਕ ਧਰਮ ਦੇ ਬਿਰਤਾਂਤ ਜਾਂ ਇਕ ਸੱਭਿਅਤਾ ਦੀਆਂ ਕਹਾਣੀਆਂ ਦੂਸਰੇ ਧਰਮ ਦੀ ਸਭਿਅਤਾ ਵਿਚ ਜਾ ਕੇ ਨਿਰਰਥ ਅਤੇ ਬੇਪਹਿਚਾਣ ਹੋ ਜਾਂਦੀਆਂ ਹਨ। ਵਿਦਿਆਧਰ ਦੀਆਂ ਕਹਾਣੀਆਂ ਵਿਚ ਭਾਰਤੀ ਆਦਰਸ਼ ਦਾ ਬਿਰਤਾਂਤ ਹੈ ਕਿ ਸੂਮ ਨਾਲ ਆਤਮਿਕਤਾ ਪ੍ਰਾਪਤ ਹੋ ਜਾਂਦੀ ਹੈ। ਵਿਦਿਆਧਰ ਦੀਆਂ ਕਹਾਣੀਆਂ ਅਰਬੀ ਦੇ 'ਚਹਾਰ ਦਰਵੇਸ਼' ਵਿਚ ਵੀ ਮਿਲਦੀਆਂ ਹਨ ਜਿੱਥੇ ਉਹ ਕਾਮਯਾਬ ਨਹੀਂ ਕਿਉਂਕਿ ਇਸਲਾਮ ਵਿਚ ਕਿਸੇ ਦਾ ਰੂਹਾ-ਨੀਅਤ 'ਤੇ ਇਖ਼ਤਿਆਰ ਨਹੀਂ। ਇਹ ਤਾਂ ਅੱਲਾ ਦਾ ਫਜ਼ਲ ਹੈ।

ਇਸ ਤਰ੍ਹਾਂ ਜਨਮਸਾਖੀਆਂ ਵਿਚ ਮਿਲਦੇ ਉੱਤਮ, ਮੌਲਿਕ ਬਿਰਤਾਂਤਾਂ ਤੋਂ ਹੀ ਉਹਨਾਂ ਦੇ 'ਗੁੱਝੇ ਬੀਜ' ਅਰਥਾਤ ਉਹਨਾਂ ਦੇ ਸਿਧਾਂਤਾਂ ਦਾ ਅਨੁਮਾਨ ਲੱਗ ਸਕਦਾ ਹੈ। ਆਦਿ ਸਾਖੀਆਂ ਦੀ 29ਵੀਂ ਸਾਖੀ ਵਿਚ ਗੁਰੂ ਅੰਗਦ ਆਪ ਰਾਮ-ਲਛਮਣ ਅਤੇ ਵਸ਼ਿਸ਼ਟ ਦੀ ਸਾਖੀ ਸੁਣਾਉਂਦੇ ਹਨ। ਰਾਮ ਲਛਮਣ ਨੂੰ ਵਸ਼ਿਸ਼ਟ ਦੀ ਭਾਲ ਕਰਨ ਲਈ ਭੇਜਦਾ ਹੈ ਅਤੇ ਸਮਝਾਉਂਦਾ ਹੈ ਕਿ ਫਲਾਨੇ ਥਾਂ ਵਸ਼ਿਸ਼ਟ ਹੈ। ਉਹ ਕਿੰਨਾ ਵੀ ਵਿਕਰਾਲ ਰੂਪ ਕਿਉਂ ਨਾ ਧਾਰੇ ਡਰਨਾ ਨਹੀਂ। ਗੁਰੂ ਜੋ ਮਰਜ਼ੀ ਠੀਕ-ਗਲਤ ਕਹੇ ਮਨ 'ਚ ਸ਼ੰਕਾ ਨਹੀਂ ਲਿਆਉਣਾ। ਲਛਮਣ ਕਈ ਕਠਿਨ ਵਿਕਰਾਲ ਸੰਦਿਹਮਾਨ ਪਰੀਖਿਆਵਾਂ 'ਚੋਂ ਲੰਘਦਾ ਹੈ ਪਰ ਚਿੱਤ ਨਹੀਂ ਡੁਲਾਉਂਦਾ। ਇਹ ਸਨਾਤਨੀ ਸਿੱਖ ਅਤੇ ਮੌਲਿਕ ਬਿਰਤਾਂਤ ਹੈ ਜਿਹੜਾ ਗੁਰੂ-ਸਿੱਖ ਦੇ ਸੰਬੰਧ ਦੀ ਵਿਆਖਿਆ ਕਰਦਾ ਹੈ।

ਇੰਝ ਹੀ ਬੀ-40 ਦਾ ਉੱਤਮ ਬਿਰਤਾਂਤ 50ਵੀਂ ਸਾਖੀ ਵਿਚ ਹੈ ਜਿਹੜੀ ਗੁਰਮੁੱਖ ਬਾਰੇ ਹੈ। ਕੋਈ ਪੁੱਛਦਾ ਹੈ ਕਿ ਗੁਰਮੁੱਖ ਮਿਲੇ ਦਾ ਕੀ ਲਾਭ ਹੈ ? ਉਹਨੂੰ ਕਿਹਾ ਜਾਂਦਾ ਹੈ ਕਿ ਤੂੰ ਫਲਾਨੇ ਜੰਗਲ ਵਿਚ ਅਜਿਹੇ ਦਰਖਤ ਥੱਲੇ ਖੜ੍ਹਾ ਹੋ ਜਾਈਂ, ਤੈਨੂੰ ਜਵਾਬ ਮਿਲ ਜਾਏਗਾ। ਉਹ ਗਿਆ, ਦਰਖਤ 'ਤੇ ਕਾਂ ਬੈਠੇ ਸੀ। ਉਹ ਨਿਰਾਸ਼ ਮੁੜ ਆਇਆ। ਪਰ ਉਹ ਦੂਸਰੇ ਦਿਨ ਫੇਰ ਜੰਗਲ 'ਚ ਚਲਾ ਗਿਆ। ਦਰਖਤ 'ਤੇ ਹੰਸ ਬੈਠੇ ਸੀ। ਉਹਨੂੰ ਆਪਣੇ ਪ੍ਰਸ਼ਨ ਦਾ ਉਤਰ ਨਾ ਮਿਲਿਆ ਪਰ ਉਹ ਤੀਸਰੇ ਦਿਨ ਵੀ ਜੰਗਲ ਵਿਚ ਚਲਾ ਗਿਆ ਤਾਂ ਉੱਥੇ ਆਦਮੀ ਔਰਤ ਬੈਠੇ ਸੀ। ਇਹਨੇ ਕੋਈ ਗੱਲ ਨਾ ਕੀਤੀ, ਇਹ ਫੇਰ ਨਾ-ਉਮੀਦ ਮੁੜਣ ਲੱਗਾ। ਉਹ ਆਵਾਜ਼ ਮਾਰਕੇ ਕਹਿੰਦੇ ਕਿ ਅਸੀਂ ਤੇਰੇ ਦਰਸ਼ਨ ਕਰਕੇ

ਕਾਵਾਂ ਤੋਂ ਹੰਸ, ਹੰਸਾਂ ਤੋਂ ਆਦਮੀ ਬਣ ਗਏ ਹਾਂ। ਇਹ ਬੀ-40 ਜਨਮਸਾਖੀ ਵਾਂਗੂ ਸਨਾਤਨੀ ਸਿੱਖ ਬ੍ਰਿਤਾਂਤ ਹੈ।

ਬਾਲਾ ਜਨਮਸਾਖੀ ਦੀ ਮਲਿਕ ਭਾਗੋ ਅਤੇ ਭਾਈ ਲਾਲੋ ਦੀ ਸਾਖੀ ਪ੍ਰਸਿਧ ਹੈ ਜਿਹੜੀ ਅੱਜਕਲ ਸਮਾਜਵਾਦੀ ਸੁਹਜ ਦਾ ਹਿੱਸਾ ਬਣਦੀ ਜਾ ਰਹੀ ਹੈ। ਪਰ ਇਹ ਅਵੈਦਿਕ unorthodox ਜਨਮਸਾਖੀ ਵਿਚੋਂ ਲਈ ਗਈ ਹੈ। ਹੰਦਾਲ ਜੱਟ ਸੀ ਅਤੇ ਨਿਰੰਜਨੀ ਮੱਤ ਕੰਮੀਆਂ ਦੀ ਅਲਮਬਰਦਾਰੀ ਕਰਦਾ ਸੀ ਅਤੇ ਵਾਜਿਬ ਤੌਰ 'ਤੇ ਖਤਰੀਆਂ ਬ੍ਰਹਮਣਾਂ ਦੇ ਖ਼ਲਾਫ ਸੀ। ਭਾਈ ਲਾਲੋ ਨਿਰੰਜਨੀ ਮੱਤ ਦਾ ਕੰਮੀ ਨਾਇਕ ਹੈ। ਇਸ ਜਨਮਸਾਖੀ ਵਿਚ ਕਲਪਲੋਕ (utopia) ਦਾ ਵੀ ਵਰਨਣ ਹੈ ਜਿੱਥੇ ਨਾ ਕੋਈ ਹਕੂਮਤ ਹੈ ਅਤੇ ਨਾ ਹੀ ਪੈਸਾ ਹੈ। ਉਥੇ ਕੇਵਲ ਜੱਟਾਂ ਨੂੰ ਕੰਮ ਕਰਨ ਦੀ ਲੋੜ ਨਹੀਂ।

ਬਾਲਾ ਜਨਮਸਾਖੀ ਦੇ ਰੂਪਾਤਮਕ ਪਤਨ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਜਨਮ-ਸਾਖੀ 'ਅਦਿਭੁਤ ਮਾਹਰਕਿਆਂ' ਦੇ ਧਨੀ ਬਾਬੇ ਨਾਨਕ ਦੀ ਮਹਿਮਾ ਕਰਨ ਲਈ ਤਾਂ ਯੋਗ ਸਾਹਿਤ ਰੂਪ ਹੈ ਪਰ 'ਦੂਸ਼ਿਤ' ਲਘੂਮਾ ਦੇ ਵਰਨਣ ਲਈ ਠੀਕ ਨਹੀਂ ਹੈ। ਪੁਰਾਤਨ ਜਨਮਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਦੀ ਬ੍ਰਿਤਾਂਤਕ ਦੁਰਬਲਤਾ ਤੋਂ ਹੀ ਇਹਨਾਂ ਦੇ ਰਲਾਵਾਂ ਅਤੇ ਸਿਧਾਂਤਕ ਦੁਚਿਤੀਆਂ ਦਾ ਪਤਾ ਲੱਗ ਜਾਂਦਾ ਹੈ।

ਆਧੁਨਿਕ ਪੰਜਾਬੀ ਆਲੋਚਨਾ ਲਈ ਜਨਮਸਾਖੀ ਸਾਹਿਤ ਰੂਪ ਦਾ ਬਹੁਤ ਵੱਡਾ ਮਹੱਤਵ ਹੈ। ਇਹ ਸਾਹਿਤ ਰੂਪ ਸਾਡੀ ਅਲੋਚਨਾਤਮਕ ਸਮਸਿਆ ਦਾ ਬਹਿਸ ਰਾਹੀਂ ਨਹੀਂ ਸਗੋਂ ਪ੍ਰਾਪਤੀ ਰਾਹੀਂ ਹੱਲ ਪੇਸ਼ ਕਰਦਾ ਹੈ ਜਿਸਦੇ ਅਨੁਸਾਰ ਸਾਹਿਤ ਵਿਚ ਵਿਚਾਰਧਾਰਾ ਅਤੇ ਕਲਾ ਦੀ ਸ੍ਵੈਮਤਾ (ਸਵੈ ਨਿਯਮਤਾ) (autonomy) ਦਾ ਵਿਰੋਧ ਹੈ। ਜਨਮਸਾਖੀ ਸਾਹਿਤਕਾਰ ਲਈ ਵਿਚਾਰਧਾਰਾ ਔਕੜ ਤਾਂ ਕੀ ਹੋਣੀ ਹੈ ਸਗੋਂ ਅਵਸਰ ਸੀ ਕਿਉਂਕਿ ਰਚਨਹਾਰਾ ਵਲੋਂ ਦਰਸ਼ਨ ਨੂੰ ਕਲਾ ਵਿਚ ਬਦਲਣਾ ਹੀ ਉਹਦਾ ਮਨੋਰਥ ਅਤੇ ਪ੍ਰਾਪਤੀ ਸੀ। ਆਦਿ ਸਾਖੀਆਂ ਅਤੇ B-40 ਵਰਗੀਆਂ ਸਨਾਤਨੀ ਸਿੱਖ ਕਿਰਤਾਂ ਦਾ ਜ਼ਿਕਰ ਆ ਚੁੱਕਾ ਹੈ। ਵੱਡੀ ਜਨਮਸਾਖੀ ਸ੍ਰੀ ਗੁਰੂ ਬਾਬਾ ਹੰਦਾਲ ਜੀ ਸਿੱਖ ਧਰਮ ਦਾ ਵਿਰੋਧ ਕਰਦੀ ਹੈ ਅਤੇ ਅਜਿਹੇ ਮੱਤਾਂ ਦਾ ਪ੍ਰਚਾਰ ਕਰਦੀ ਹੈ ਜਿਸ ਦੀ ਸਿੱਖ ਧਰਮ ਨਾਲ ਕੋਈ ਸਾਂਝ ਨਹੀਂ ਪਰ ਇਹ ਜਨਮਸਾਖੀ ਇਹਨਾਂ ਗੱਲਾਂ ਦੇ ਬਾਵਜੂਦ ਏਸ ਸਾਹਿਤ ਰੂਪ ਦੀ ਨਿਪੁੰਨ ਅਤੇ ਆਦਰਸ਼ਕ ਮਿਸਾਲ ਹੈ। ਇਹ ਵੱਖਰੀ ਗੱਲ ਹੈ ਕਿ ਅਸੀਂ ਆਪ ਵਿਚਾਰਧਾਰਾ ਅਤੇ ਸ੍ਵੈਮਤਾ ਨੂੰ ਕਿਸ ਤਰੀਕੇ ਨਾਲ ਨਿਭਾਉਣਾ ਹੈ ਪਰ ਪੰਜਾਬੀ ਸਾਹਿਤ ਵਿਚੋਂ ਹੀ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਵਿਚਾਰਧਾਰਾ ਅਤੇ ਸ੍ਵੈਮਤਾ ਦਾ ਕੋਈ ਦੋਵੀ ਵਿਰੋਧ ਨਹੀਂ ਹੈ। ਜਨਮ-ਸਾਖੀ ਸਾਹਿਤ ਸ਼ਾਇਦ ਵਿਸ਼ਵ ਪੱਧਰ 'ਤੇ ਵੀ ਵਿਚਾਰਧਾਰਾ-ਸ੍ਵੈਮਤਾ ਦੀ ਸਮੱਸਿਆ ਨੂੰ ਅਖੌਤੀ ਸਮੱਸਿਆ ਸਿੱਧ ਕਰਦਾ ਹੈ। ਏਸ ਸਮੱਸਿਆ ਦੇ ਰੂਪਵਾਦੀ (formalist) ਦਾਹਵੇਦਾਰਾਂ ਤੋਂ ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਉਹ ਪੰਜਾਬੀ ਸਾਹਿਤ ਦੀ ਸੰਰਚਨਾ ਤੋਂ ਅਣਜਾਣ ਹਨ। ਸਾਨੂੰ ਰੂਪਵਾਦੀਆਂ 'ਤੇ ਨਾ ਕੋਈ ਰੰਜ ਹੈ ਅਤੇ ਨਾ ਹੀ ਸਾਨੂੰ ਕੋਈ ਹੈਰਾਨੀ ਹੁੰਦੀ ਹੈ। ਅੰਗਰੇਜ਼ੀ ਦੀ ਨਕਲ ਕਰਨ ਵਾਲਿਆਂ ਨੂੰ ਜਨਮਸਾਖੀ ਸਾਹਿਤ ਰੂਪ ਦਾ ਖਿਆਲ ਨਹੀਂ ਆ ਸਕਦਾ ਸੀ ਕਿਉਂਕਿ ਅੰਗਰੇਜ਼ੀ ਆਲੋਚਨਾ ਨੂੰ ਤਾਂ ਆਪ ਮਧਕਾਲੀ

ਸਾਹਿਤ ਰੂਪਾਂ ਦਾ ਪਤਾ ਨਹੀਂ ਹੈ । ਮਧਕਾਲੀ ਸਾਹਿਤ ਰੂਪਾਂ ਦਾ ਜ਼ਿਕਰ ਤਾਂ ਕੈਰਲੀ ਐਰਿਕਸਨ ਵਰਗੇ ਇਤਿਹਾਸਕਾਰਾਂ ਨੇ ਹੀ ਕੀਤਾ ਹੈ ।

ਜਨਮਸਾਖੀਆਂ ਇਤਿਹਾਸਕ ਕਿਰਤਾਂ ਨਹੀਂ ਸਗੋਂ ਸਾਹਿਤਕ ਰਚਨਾਵਾਂ ਹਨ । ਇਹ ਬਾਬੇ ਨਾਨਕ ਦਾ ਜੀਵਨ-ਬ੍ਰਿਤਾਂਤ ਨਹੀਂ ਹਨ : ਜਨਮਸਾਖੀ ਧਾਰਮਿਕ ਸਾਹਿਤ ਰੂਪ ਹੈ ਜਿਸ ਵਿਚ ਗੁਰੂ ਦੀ ਮਹਿਮਾ, ਮਜ਼੍ਹਬੀ ਉਤਸ਼ਾਹ, ਸਿਧਾਂਤ ਅਤੇ ਸੰਪਰਦਾਇਕ ਦਾਹਵੇ ਹੁੰਦੇ ਹਨ ।

ਜਨਮਸਾਖੀਆਂ ਦੀ ਇਤਿਹਾਸਕਤਾ ਸਿੱਧੇ ਢੰਗ ਦੀ ਨਹੀਂ ਸਗੋਂ ਸਾਹਿਤ ਵਾਂਗੂ ਟੇਢੇ ਤਰੀਕੇ ਦੀ ਇਤਿਹਾਸਕਤਾ ਹੈ । ਆਦਿ ਸਾਖੀਆਂ ਵਿਚ ਪ੍ਰਬਲ ਅਹਿਸਾਸ ਹੈ ਕਿ ਸਿੱਖੀ ਵਿਦਰੋਹੀ (Subversive) ਪ੍ਰਕ੍ਰਿਆ ਹੈ ਜਿਸ ਨੂੰ ਵਧਾਉਣ ਲਈ ਲਿਖਾਰੀ ਮੁਗ਼ਲ ਸਾਮਰਾਜ ਨੂੰ ਇਹ ਕਹਿਕੇ ਸਦੀਵੀ ਜਾਇਜ਼ਕਰਾਰੀ (legitimation) ਦਿੰਦਾ ਹੈ ਕਿ ਇਹ 'ਖਿੱਸਣਹਾਰ' ਨਹੀਂ । ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੇ ਇਹ ਫਰਕ ਪਾਇਆ ਕਿ ਅਗਲੀ ਜਨਮਸਾਖੀ B-40 ਵਿਚ ਇਹ ਫਰਕ ਪੈ ਗਿਆ ਕਿ 'ਪਾਤਿਸਾਹੀ ਚਿਰ ਤਾਈਂ ਚੱਲੇਗੀ' ਪਰ ਇਹ 'ਖਿੱਸਣਹਾਰ' ਹੋ ਗਈ। ਸਿੱਖਾਂ ਨੇ ਮੁਗ਼ਲ ਰਾਜ ਦਾ ਸਮਰਥਣ ਤਾਂ ਖ਼ਤਮ ਕਰ ਦਿੱਤਾ ਪਰ ਉਹ ਇਹਦੇ ਪੱਤਨ ਦੀ ਕਲਪਨਾ ਨਹੀਂ ਕਰ ਸਕਦੇ ਸਨ । ਪੁਰਾਤਨ ਜਨਮਸਾਖੀ ਇਸ ਤੋਂ ਬਾਅਦ ਦੀ ਹੈ ਕਿਉਂਕਿ ਇਹਦਾ ਇਕ ਪਾਠ (version) B-40 ਵਾਲਾ ਹੈ ਅਤੇ ਦੂਸਰਾ ਪਾਠ ਮੁਗ਼ਲਾਂ ਬਾਰੇ ਚੁੱਪ ਹੈ । ਬਾਲਾ ਜਨਮ ਸਾਖੀ ਅਤੇ ਇਹ ਮਿਹਰਬਾਨ ਜਨਮ ਸਾਖੀ ਦਾ ਮੁਗ਼ਲ ਸਰਕਾਰ ਨਾਲ ਕੋਈ ਸਰੋਕਾਰ ਨਹੀਂ ਅਤੇ ਨਾ ਗੁਰ-ਪ੍ਰਣਾਲੀ ਦਾ ਸਮਰਥਣ ਕਰਦੀਆਂ ਹਨ । ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਸਿੱਖ ਰਾਜ ਦੀ ਸਥਾਪਤੀ ਤੋਂ ਬਾਅਦ ਦੀ ਹੈ ਕਿਉਂਕਿ ਮੁਗ਼ਲਾਂ ਨੂੰ ਹਕੂਮਤ ਬਾਬੇ ਨਾਨਕ ਦੀ ਦਾਤ ਵਜੋਂ ਮਿਲੀ ਸੀ ਜਿਹੜੀ ਫੇਰ ਬਾਬੇ ਨੇ ਗਿਲਜ਼ਈ ਅਫ਼ਗਾਨਾਂ ਨੂੰ ਬਖਸ਼ ਦਿੱਤੀ ਸੀ ਅਤੇ ਬਾਬੇ ਨਾਨਕ ਦੀ ਦਾਤ ਉਹਦੇ ਸਿੱਖ ਵਾਪਸ ਲੈ ਸਕਦੇ ਸਨ । ਇਸ ਗੱਲ ਦਾ ਵੀ ਇਤਿਹਾਸਕ ਮਹੱਤਵ ਹੈ ਕਿ ਗੁਰ-ਪ੍ਰਣਾਲੀ ਦੀ ਹਮਾਇਤ ਕਰਨ ਵਾਲੀਆਂ ਜਨਮਸਾਖੀਆਂ ਮੁਗ਼ਲ ਰਾਜ ਦਾ ਵਿਰੋਧ ਕਰਦੀਆਂ ਹਨ ਅਤੇ ਗੁਰ-ਪ੍ਰਣਾਲੀ ਤੇ ਸੰਦਹਿਮਾਨ ਜਨਮਸਾਖੀਆਂ ਤੋਂ ਹੀ ਸਿੱਖ ਪੰਥ ਦੇ ਇਤਿਹਾਸਿਕ ਖਾਸੇ ਦਾ ਪਤਾ ਲੱਗ ਜਾਂਦਾ ਹੈ ।

ਜਨਮਸਾਖੀਆਂ ਸਿੱਧੀਆਂ ਇਤਿਹਾਸਕ ਰਚਨਾਵਾਂ ਨਹੀਂ । ਜਨਮਸਾਖੀ ਧਾਰਮਿਕ ਸਾਹਿਤ ਦਾ ਮੌਲਿਕ ਰੂਪ ਹੈ ਜਿਸਨੂੰ ਸਮਝਣਾ ਪੰਜਾਬੀ ਆਲੋਚਨਾ ਦੀ ਅੱਵਾਮੀ ਅਤੇ ਰਾਸ਼ਟ੍ਰੀ ਜ਼ਿੰਮਾਦਾਰੀ ਹੈ । ਆਦਿ ਸਾਖੀਆਂ ਵਿਚ ਗੁਰੂ ਅੰਗਦ ਰਾਮ-ਲਛਮਣ ਦਾ ਇਤਿਹਾਸ ਨਹੀਂ ਦੱਸ ਰਹੇ । ਨਾ ਹੀ, ਮੈਕਸ ਮੀਊਲਰ ਅਨੁਸਾਰ, ਬੋਧੀ ਇੰਨੇ ਬੇਵਕੂਫ ਸਨ ਕਿ ਉਹ ਜਾਤਕਾਂ ਨੂੰ ਪ੍ਰਾਚੀਨ ਇਤਿਹਾਸ ਸਮਝਦੇ ਹੋਣ । ਆਪਾਂ ਵੀ ਬੜੀ ਸਿਆਣਪ ਕਰਾਂਗੇ ਜੇ ਅਸੀਂ ਜਨਮਸਾਖੀਆਂ ਨੂੰ ਤਾਰੀਖਦਾਨਾਂ ਤੋਂ ਛੁਡਵਾਕੇ ਪੰਜਾਬੀ ਸਾਹਿਤ ਰੂਪਾਂ ਦੇ ਅਧਿਐਨ ਕਰਨ ਵਾਲਿਆਂ ਨੂੰ ਸੌਂਪ ਦੇਈਏ । ੦

[ਆਕਾਸ਼ ਬਿਲਡਿੰਗ, ਸਾਹਮਣੇ ਖਾਲਸਾ ਕਾਲਿਜ, ਜੀ.ਟੀ. ਰੋਡ, ਅੰਮ੍ਰਿਤਸਰ]

# ਦੋ ਨਜ਼ਮਾਂ ਬੇਨਾਮ : ਸ਼ਹਰਯਾਰ

1.

ਸੜਕ ਉੱਤੇ ਨਿਕਲ ਆਏ ਲੋਕਾਂ ਦਾ ਵਿਸਾਹ ਕੀ ਏ ?
ਲੋਕਾਂ ਦਾ ਵਿਸਾਹ ਕੀ ਏ
ਡਰਦਾ ਸਾਂ
ਸੜਕ ਉਤੇ ਨਿਕਲ ਆਇਆ
ਮੇਰੀ ਮਾਂ ਪੁੱਛਦੀ ਰਹੀ
ਕਿਥੇ ਵੇ ਲੋਕੋ ਮੇਰੀ ਛਾਤੀ ਵਿਚੋਂ
ਉਠਦੀਆਂ ਲਾਟਾਂ ਦਾ ਚਿਹਰਾ
ਮੇਰੀ ਮਾਂ ਪੁੱਛਦੀ ਰਹੀ ।
ਮੈਂ ਉਦੋਂ ਪਹਿਲੀ ਵੇਰਾਂ ਵੇਖਿਆ
ਕਿ ਜੇਕਰ 'ਵਿਚਾਰੀ' ਮਾਂ
'ਦੁਖਿਆਰੀ' ਵੀ ਹੋਵੇ
ਮੈਂ ਉਦੋਂ ਪਹਿਲ਼ੀ ਵੇਰਾਂ ਵੇਖਿਆ
ਕਿ ਭੀੜਾਂ ਨੂੰ ਚੀਰਦਿਆਂ
'ਮਮਤਾ' ਤਕ ਪਹੁੰਚਣ ਲਈ
ਥੋੜਾ ਕੁੱਬ ਨਿਕਲ ਆਏ ?
'ਬੂਰ ਆਈ ਦਾੜ੍ਹੀ' ਚੋਂ
ਜੋ ਮਾਂ ਦੇ ਪੈਰੀਂ ਹੱਥ ਲਾਵਣ ਤੋਂ ਪਹਿਲਾਂ ਹੀ
ਘਿਗਿਆਈ ਮਾਂ ਆਖੇ :
'ਬਾਬਾ ਮੇਰੇ ਬੇਟੇ ਨੂੰ...
ਹਾਏ ਮੇਰੀਆਂ ਨਜ਼ਰਾਂ ਨੂੰ ਕੀ ਪਿਆ ਹੋਂਦਾ ਏ
ਸੁਹਣਿਆਂ ਵੇ ਕਿੱਥੇ ਵੇਂ ?
ਸੜਕ ਉਤੇ ਨਿਕਲ ਆਏ ਲੋਕਾਂ ਦਾ ਵਿਸਾਹ ਕੀ ਏ
'ਮਾਂ ਮਾਂ, ਆਖ਼ਰ ਤਾਂ ਤੇਰਾ ਵੀ ਆਉਣਾ ਈ ਸੀ
ਮਾਂ, ਮਾਂ, ਮੈਂ ਚੱਲਨਾ ਵਾਂ
ਭੀੜਾਂ ਦੀ ਕੱਸ ਵੇਖੇਂ
ਡਾਢੀ ਹੋਂਦੀ ਜਾਂਦੀ ਏ
ਡਰਦਾ ਹਾਂ
ਮੈਂ ਕਿਧਰੇ ਕਹਿ ਬੈਠਾਂ
ਬੇਟਾ ਵੇ !
ਲਾਲ ਮੇਰੇ !!'

○

2.

ਕਿਤੇ ਵਲਿੱਅਸ ਖਾ ਕੇ ਤੁਰਦੀਆਂ ਸੜਕਾਂ
ਤੇ ਸੜਕਾਂ 'ਤੇ ਖੁਰੇ ਇਤਿਹਾਸ ਦੇ ਮਾਅਨੇ
ਕਿਤੇ ਜਾਹੋ-ਜਲਾਲੀ ਧੁੱਪ ਨੂੰ ਕੜਵੱਲ ਪੈਂਦੇ
ਲਾਲ, ਸੂਹੇ ਕੇਸੂਆਂ ਦੀ ਸਾਦਗੀ ਕਿਧਰੇ
ਇੰਜ ਜੀਵੀਦੀ ਹੈ ਬੱਸ ਜ਼ਿੰਦਗੀ
ਤੇ ਬੱਸ ਜ਼ਿੰਦਗੀ ਦੇ ਹੱਥੋਂ 'ਜੀਂਵਦੇ' ਜਾਵੀਦਾ ਹੈ
ਕੋਈ ਆਰ ਨਾ ਕੋਈ ਪਾਰ
ਕਿਤੇ ਜੇ ਸ਼ਾਮ ਉਤਰੇ
ਗੇਰੂਏ ਬਸਤਰ ਪਹਿਨ ਲਈਏ
ਚਲੋ ਕਿਧਰੇ ਕਿਸੇ ਕਾਫ਼ੀ ਦੇ ਕੱਪ 'ਚੋਂ
ਹਲਕੀ ਹਲਕੀ ਰੌਸ਼ਨੀ 'ਚੋਂ
ਕਾਸ਼ਨੀ ਸੁਪਨੇ ਤੋਂ
        ਇੰਝ ਨਜ਼ਰਾਂ ਚੁਰਾਈਏ
ਬਦਨ ਲਾਹ ਕੇ
ਮੇਜ਼ 'ਤੇ ਕੁਝ ਪੁਸਤਕਾਂ ਵਿਚਕਾਰ ਰੱਖ ਕੇ
ਨਗਨ ਹੋ ਕੇ
ਚੌਂਕ ਵਿਚ
ਸੜਕਾਂ 'ਤੇ
ਪਹਿਰੇਦਾਰੀਆਂ ਦੀ ਨਜ਼ਰ 'ਚੋਂ
ਸਰਦਾਰੀਆਂ, ਬੇਚਾਰੀਆਂ ਦੇ ਸਾਹਮਣੇ
        ਬੱਕਰੇ ਬੁਲਾਈਏ
ਫੇਰ ਸੰਗ ਧੁੰਹਦੇ ਸ਼ਰਾਬੀ ਸੁਪਨਿਆਂ ਦਾ ਵੀ
        ਕਦੀ ਵਾਅਦਾ ਨਿਭਾਈਏ
ਆਓ ਯਾਰੋ ਸ਼ਾਮ ਡੁੱਬਦੀ ਜਾ ਰਹੀ
ਇਸ ਸ਼ਾਮ ਦਾ ਮਾਤਮ ਮਨਾਈਏ
ਜਦੋਂ ਸੂਰਜ ਆਖਰੀ ਕਿਰਨਾਂ ਨੂੰ ਲੈ ਕੇ
ਹਾਰਿਆ ਹੁਟਿਆ ਕਬਰ ਵਿਚ ਉਤਰ ਜਾਵੇ
ਖਚਰਾ ਖਚਰਾ ਮੁਸਕਰਾਈਏ
ਆਪਣੇ ਜੋਗੀ ਲਾਹਣ ਦਾ ਤੋੜਾ ਨਹੀਂ
ਰਾਤ ਦੇ ਨ੍ਹੇਰੇ ਨੂੰ ਕੁਤਰਨ ਵਾਸਤੇ
ਰਾਤ ਦੇ ਨ੍ਹੇਰੇ 'ਚੀਂ ਗੁਜ਼ਰਨ ਵਾਸਤੇ
ਆਪਣੇ ਜੋਗੀ ਲਾਹਣ ਦਾ ਤੋੜਾ ਨਹੀਂ ।        o

[ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬਰੇਰੀ, ਅੰਮ੍ਰਿਤਸਰ]

ਕੁਲਜੀਤ ਸਿੰਘ

# ਰੀਵੀਊ ਅਤੇ ਪੰਜਾਬੀ ਰੀਵੀਊ

ਪੰਜਾਬੀ ਸਾਹਿਤ–ਜਗਤ ਵਿਚ 'ਰੀਵੀਊ' ਨੂੰ ਅਜੇ ਤਕ ਗੰਭੀਰ-ਚਿੰਤਨ ਦਾ ਵਿਸ਼ਾ ਨਹੀਂ ਬਣਾਇਆ ਗਿਆ। ਪੁਸਤਕ-ਰੀਵੀਊ ਬਾਰੇ ਆਮ ਤੌਰ 'ਤੇ ਇਹ ਹੀ ਕਿਹਾ ਜਾਂਦਾ ਹੈ ਕਿ ਪੁਸਤਕ ਪੜ੍ਹ ਕੇ ਜੋ ਵੀ ਤੁਹਾਡੇ ਦਿਲ/ਦਿਮਾਗ ਵਿਚ ਆਉਂਦਾ ਹੈ, ਉਸ ਨੂੰ ਲਿਖ ਦਿਉ। ਵਿਹਾਰਕ ਤੌਰ 'ਤੇ ਕੀਤਾ ਵੀ ਇਸੇ ਤਰ੍ਹਾਂ ਹੀ ਜਾਂਦਾ ਹੈ। ਅਸਲ ਵਿਚ ਗੱਲ ਇਤਨੀ ਸਹਿਜ ਤੇ ਸਰਲ ਨਹੀਂ। ਇਹ ਤਾਂ ਠੀਕ ਹੈ ਕਿ ਪੁਸਤਕ-ਰੀਵੀਊ ਪੁਸਤਕ-ਵਿਸ਼ੇਸ਼ ਬਾਰੇ 'ਜਾਣਕਾਰੀ' ਦੇਣਾ ਹੁੰਦਾ ਹੈ ਪਰ ਇਹ ਜਾਣਕਾਰੀ ਬੇਮੁਹਾਰ ਜਾਂ ਉਲਾਰ ਕਿਸਮ ਦੀ ਨਹੀਂ ਸਗੋਂ ਗੰਭੀਰ ਤੇ ਸੰਤੁਲਿਤ ਹੋਣੀ ਚਾਹੀਦੀ ਹੈ। ਯਾਦ ਰਹੇ ਪੁਸਤਕ-ਰੀਵੀਊ ਕਿਸੇ ਪੁਸਤਕ ਦੀ ਨਿਰੋਲ 'ਜਾਣਕਾਰੀ' ਤਕ ਹੀ ਸੀਮਿਤ ਨਹੀਂ।

ਰੀਵੀਊਕਾਰ ਦਾ ਸਭ ਤੋਂ ਪਹਿਲਾ ਕੰਮ ਪੁਸਤਕ-ਚੋਣ ਕਰਨ ਦਾ ਹੈ। ਰੀਵੀਊ-ਕਾਰ ਬਹੁਤ ਸਾਰੀਆਂ ਨਵ-ਪ੍ਰਕਾਸ਼ਿਤ ਪੁਸਤਕਾਂ ਵਿਚੋਂ ਕੁਝ ਇਕ ਨੂੰ ਰੀਵੀਊ ਕਰਨ ਲਈ ਚੁਣ ਲੈਂਦਾ ਹੈ ਅਤੇ ਬਾਕੀ ਦੀਆਂ ਅਣਗੌਲੀਆਂ ਹੀ ਰਹਿਣ ਦੇਂਦਾ ਹੈ। ਰੀਵੀਊਕਾਰ ਦੀ ਇਹ ਪੁਸਤਕ-ਚੋਣ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਕਿਹੜੀਆਂ ਪੁਸਤਕਾਂ ਨੂੰ ਗੌਲਣ (ਨੋਟਿਸ ਲੈਣ) ਦੇ ਯੋਗ ਸਮਝਦਾ ਹੈ। ਕਈ ਰੀਵੀਊਕਾਰ ਇਸ ਪਹਿਲੇ ਪੜਾਅ 'ਤੇ ਹੀ ਰੁਕ ਜਾਂਦੇ ਹਨ ਅਤੇ ਗੌਲਣ-ਯੋਗ ਪੁਸਤਕਾਂ ਨੂੰ ਸਾਧਾਰਣ ਦ੍ਰਿਸ਼ਟੀ ਨਾਲ ਗੌਲ ਲੈਂਦੇ ਹਨ। ਇਸੇ ਨੂੰ ਹੀ ਉਪਰ ਮੈਂ 'ਨਿਰੋਲ ਜਾਣਕਾਰੀ ਦੇਣ ਤਕ ਸੀਮਿਤ ਰਹਿਣਾ' ਕਿਹਾ ਹੈ।

ਪੁਸਤਕ-ਰੀਵੀਊ ਲਈ ਇਕ ਵਿਸ਼ੇਸ਼ ਪ੍ਰਕਾਰ ਦੀ ਦ੍ਰਿਸ਼ਟੀ ਦੀ ਲੋੜ ਹੈ। ਇਹ ਹੀ ਵਿਸ਼ੇਸ਼ ਦ੍ਰਿਸ਼ਟੀ ਆਲੋਚਨਾਤਮਕ ਚੇਤੰਨਤਾ ਦੀ ਮੰਗ ਕਰਦੀ ਹੈ। ਇਹ ਹੀ ਕਾਰਨ ਹੈ ਕਿ ਪੁਸਤਕ-ਰੀਵੀਊ ਨੂੰ ਕਿਸੇ ਵੀ ਭਾਸ਼ਾ ਦੀ ਸਾਹਿਤ-ਆਲੋਚਨਾ ਦੇ ਵਿਕਾਸ ਦਾ ਸੁਭਾਵਕ ਗੁਣ ਮੰਨਿਆ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਜੇ ਕਿਸੇ ਭਾਸ਼ਾ ਵਿਚ ਪੁਸਤਕ ਰੀਵੀਊ ਵਿਕਸਿਤ ਹੈ ਤਾਂ ਆਲੋਚਨਾ ਵੀ ਸਹਿਜੇ ਹੀ ਵਿਕਾਸ ਕਰ ਰਹੀ ਹੈ। ਕਿਸੇ ਪੁਸਤਕ ਦਾ ਰੀਵੀਊ ਕਰਨਾ ਪੁਸਤਕ-ਵਿਸ਼ੇਸ਼ ਨੂੰ ਸਾਧਾਰਣ ਦ੍ਰਿਸ਼ਟੀ ਨਾਲ ਨਹੀਂ ਸਗੋਂ ਆਲੋਚਨਾਤਮਕ ਦ੍ਰਿਸ਼ਟੀ ਨਾਲ ਗੌਲਣਾ ਹੈ। ਆਪਣੀ ਆਲੋਚਨਾਤਮਕ-ਚੇਤੰਨਤਾ ਰਾਹੀਂ ਹੀ ਰੀਵੀਊਕਾਰ ਪੁਸਤਕ-ਵਿਸ਼ੇਸ਼ ਦੀ ਯੋਗਤਾ ਤੇ ਸ਼ੁਧਤਾ ਨੂੰ ਪਰਖ ਸਕਦਾ ਹੈ। ਪੁਸਤਕ-ਰੀਵੀਊ ਕਿਸੇ ਪੁਸਤਕ ਜਾਂ ਲੇਖਕ ਨੂੰ ਵਡਿਆਉਣਾ ਜਾਂ ਘਟਿਆਉਣਾ ਨਹੀਂ ਸਗੋਂ ਪੁਸਤਕ-ਵਿਸ਼ੇਸ਼ ਬਾਰੇ ਕੋਈ ਪ੍ਰਮਾਣਿਕ ਗੱਲ ਕਰਨਾ ਹੈ।

ਪੰਜਾਬੀ ਸਾਹਿਤ-ਜਗਤ ਵਿਚ ਆਲੋਚਨਾਤਮਕ–ਚੇਤੰਨਤਾ ਦਾ ਬਹੁਤ ਦੇਰ ਤਕ

ਅਭਾਵ ਹੀ ਰਿਹਾ ਹੈ । ਅੱਜ ਵੀ ਬਹੁਤ ਸਾਰੀ (ਕਹੀ ਜਾਂਦੀ) ਆਲੋਚਨਾ; ਆਲੋਚਨਾਤਮਕ-ਚੇਤੰਨਤਾ ਤੋਂ ਬਿਨਾ ਹੀ ਆਪਣਾ ਕੰਮ ਸਾਰ ਰਹੀ ਹੈ । ਇਸ ਤਰ੍ਹਾਂ ਦੀ ਆਲੋਚਨਾ ਦੇ ਮੂਲ ਪ੍ਰਯੋਜਨ ਸਾਹਿਤ-ਬਾਹਰੇ ਹਨ । ਪੁਸਤਕ-ਰੀਵੀਊ ਦੀ ਚੇਤੰਨਤਾ ਦਾ ਮਸਲਾ ਆਲੋਚਨਾਤਮਕ ਚੇਤੰਨਤਾ ਨਾਲ ਜੁੜਿਆ ਹੋਣ ਕਰਕੇ ਅੱਜ ਵੀ ਬਹੁਤੇ ਰੀਵੀਊ ਸਾਹਿਤ-ਬਾਹਰੇ ਪ੍ਰਯੋਜਨਾਂ ਦੀ ਪੂਰਤੀ ਲਈ ਹੀ ਕੀਤੇ ਜਾ ਰਹੇ ਹਨ । ਯਾਰੀ ਨਿਭਾਉਣੀ, ਪੁਸਤਕਾਂ ਵੇਚਣੀਆਂ, ਪ੍ਰਸ਼ੰਸਾ ਜਾਂ ਨਿੰਦਿਆ ਕਰਨੀ ਆਦਿ ਉਨ੍ਹਾਂ ਬਹੁਤ ਸਾਰੇ ਪ੍ਰਯੋਜਨਾਂ ਵਿਚੋਂ ਹੀ ਕੁਝ ਇਕ ਹਨ । ਅਜਿਹੇ ਰੀਵੀਊ ਸਾਹਿਤ-ਬਾਹਰੇ, ਪ੍ਰਯੋਜਨ-ਮੁੱਖੀ ਤੇ ਪੱਖ-ਪਾਤੀ ਕਹੇ ਜਾ ਸਕਦੇ ਹਨ । ਰੀਵੀਊਕਾਰ ਨੂੰ ਨਿਰਪੱਖ ਤੇ ਗੰਭੀਰ ਹੋਣਾ ਚਾਹੀਦਾ ਹੈ ਪਰ ਹੁੰਦਾ ਇਸ ਦੇ ਐਨ ਉਲਟ ਹੈ । ਪੰਜਾਬੀ-ਜਗਤ ਵਿਚ ਆਮ ਰਿਵਾਜ ਹੈ ਕਿ ਲੇਖਕ ਜਾਂ ਸੰਪਾਦਕ ਆਪਣੇ ਕਿਸੇ ਦੋਸਤ-ਮਿਤਰ ਨੂੰ 'ਨਰਮ ਜੇਹਾ' ਰੀਵੀਊ ਕਰਨ ਲਈ ਕਹਿ ਦਿੰਦੇ ਹਨ । ਅਤੇ ਜੇ ਰਿਸ਼ਤਾ ਯਾਰੀ-ਦੋਸਤੀ ਵਾਲਾ ਨਾ ਹੋ ਕੇ ਜਾਤੀ ਦੁਸ਼ਮਣੀ ਜਾਂ ਈਰਖਾ ਵਾਲਾ ਹੋਵੇ ਤਾਂ 'ਗਰਮ ਜੇਹਾ' ਰੀਵੀਊ ਕਰਨ ਲਈ ਵੀ ਕਿਹਾ ਜਾਂਦਾ ਹੈ । ਰੀਵੀਊਕਾਰ ਵੀ ਆਪਣੀ ਯਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਹਨ । ਕੁਝ ਪੁਸਤਕ ਲੇਖਕ ਅਜਿਹੇ ਵੀ ਹਨ ਜੋ ਇਕ ਦੂਸਰੇ ਦੀਆਂ ਪੁਸਤਕਾਂ ਦਾ ਰੀਵੀਊ ਕਰ ਕੇ ਵੱਟਾ-ਸੱਟਾ ਕਰ ਲੈਂਦੇ ਹਨ । ਸੰਖੇਪ ਵਿਚ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਰੀਵੀਊਕਾਰਾਂ ਨੂੰ ਰੀਵੀਊ ਦੀ ਗੰਭੀਰਤਾ ਤੇ ਨਿਰਪੱਖਤਾ ਵੱਲ ਧਿਆਨ ਦੇਣ ਦੀ ਲੋੜ ਹੈ ।

ਪੁਸਤਕ-ਰੀਵੀਊ ਨੂੰ ਪੁਸਤਕ-ਆਲੋਚਨਾ ਦਾ ਬਦਲ ਵੀ ਸਮਝ ਲਿਆ ਜਾਂਦਾ ਹੈ । ਰੀਵੀਊ ਲਈ ਵੀ ਭਾਵੇਂ ਆਲੋਚਨਾਤਮਕ-ਚੇਤੰਨਤਾ ਦਾ ਹੋਣਾ ਜ਼ਰੂਰੀ ਹੈ ਪਰ ਫਿਰ ਵੀ ਰੀਵੀਊ ਆਪਣੀ ਵਿਧੀ ਕਰਕੇ ਆਲੋਚਨਾ ਤੋਂ ਵੱਖਰੀ ਹੋਂਦ ਵੀ ਰਖਦਾ ਹੈ । ਪੁਸਤਕ-ਰੀਵੀਊ ਆਲੋਚਨਾ ਨਾਲੋਂ ਵਧੇਰੇ ਗੰਭੀਰ ਤੇ ਵਧੇਰੇ ਜ਼ਿੰਮੇਵਾਰੀ ਵਾਲਾ ਕਾਰਜ ਹੈ ।

ਪੁਸਤਕ-ਰੀਵੀਊ ਦਾ ਪਹਿਲਾ ਕੰਮ ਪੁਸਤਕ ਬਾਰੇ ਤਕਨੀਕੀ ਜਾਣਕਾਰੀ ਦੇਣਾ ਹੈ । ਤਕਨੀਕੀ ਜਾਣਕਾਰੀ ਤੋਂ ਭਾਵ ਇਹ ਕਿ ਪੁਸਤਕ, ਲੇਖਕ ਤੇ ਪ੍ਰਕਾਸ਼ਕ ਦਾ ਨਾਮ, ਪ੍ਰਕਾਸ਼ਨ ਸਮਾਂ, ਪੰਨੇ ਤੇ ਮੁੱਲ ਆਦਿ ਕੀ ਹੈ ? ਇਹ ਤਕਨੀਕੀ ਜਾਣਕਾਰੀ ਰੀਵੀਊ ਦੇ ਆਰੰਭ ਜਾਂ ਅੰਤ ਵਿਚ ਇਕ-ਦੋ ਸਤਰਾਂ ਵਿਚ ਹੀ ਦੇ ਦੇਣੀ ਚਾਹੀਦੀ ਹੈ । ਰੀਵੀਊ ਦਾ ਇਹ ਹਿੱਸਾ ਪਹਿਲੀ ਨਜ਼ਰੇ ਫਾਲਤੂ ਸਮਝਿਆ ਜਾਂਦਾ ਹੈ ਪਰ ਇਹ ਰੀਵੀਊ ਦਾ ਆਵੱਸ਼ਕ ਤੇ ਮਹੱਤਵ-ਸ਼ੀਲ ਹਿੱਸਾ ਹੈ ।

ਤਕਨੀਕੀ ਜਾਣਕਾਰੀ ਤੋਂ ਬਾਅਦ ਰੀਵੀਊਕਾਰ ਪੁਸਤਕ ਦੇ ਅੰਦਰਲੇ ਸੰਗਠਨ ਤੇ ਰੂਪਾਕਾਰ ਵਲ ਰੁਚਿਤ ਹੁੰਦਾ ਹੈ । ਰਚਨਾ ਦੇ ਅੰਦਰਲੇ ਸੰਗਠਨ ਨੂੰ ਫਰੋਲ ਕੇ ਹੀ ਰੀਵੀਊ-ਕਾਰ ਪੁਸਤਕ ਬਾਰੇ ਨਿਰਪੱਖ ਦ੍ਰਿਸ਼ਟੀ ਅਪਣਾ ਸਕਦਾ ਹੈ । ਇਸੇ ਹਿੱਸੇ ਵਿਚ ਰੀਵੀਊਕਾਰ ਦੱਸਦਾ ਹੈ ਕਿ ਇਸ ਰਚਨਾ ਵਿਚ ਕਿਹੜੀਆਂ ਜੁਗਤਾਂ ਵਰਤੀਆਂ ਗਈਆਂ ਹਨ । ਰੀਵੀਊ ਅਧੀਨ ਪੁਸਤਕ ਨੂੰ ਇਕ ਸਮੁੱਚੀ ਇਕਾਈ ਦੇ ਤੌਰ 'ਤੇ ਸਮਝ ਕੇ ਹੀ ਵਾਧੂ ਵਿਸਥਾਰ ਤੋਂ ਬਚਿਆ ਜਾ ਸਕਦਾ ਹੈ । ਜੇ ਰੀਵੀਊ ਅਧੀਨ ਪੁਸਤਕ ਕਵਿਤਾਵਾਂ, ਕਹਾਣੀਆਂ, ਲੇਖਾਂ, ਨਿਬੰਧਾਂ ਜਾਂ ਇਕਾਂਗੀਆਂ ਆਦਿ ਦਾ ਸੰਗ੍ਰਹਿ ਹੈ ਤਾਂ ਵੀ ਰੀਵੀਊਕਾਰ ਦੀ ਕੋਸ਼ਿਸ਼ ਇਹ ਹੀ

ਹੋਣੀ ਚਾਹੀਦੀ ਹੈ ਕਿ ਉਹ ਪੁਸਤਕ ਨੂੰ ਇਕ ਰਚਨਾਤਮਕ-ਸਮੁੱਚ ਦੇ ਤੌਰ 'ਤੇ ਹੀ ਗ੍ਰਹਿਣ ਕਰੇ ।

ਤਕਨੀਕੀ ਜਾਣਕਾਰੀ ਅਤੇ ਰਚਨਾ ਦੇ ਸੰਗਠਨ ਤੋਂ ਬਾਅਦ ਪੁਸਤਕ ਦਾ ਮੂਲਾਂਕਣ ਕੀਤਾ ਜਾਂਦਾ ਹੈ। ਇਸ ਹਿੱਸੇ ਵਿਚ ਰੀਵੀਊਕਾਰ ਦੱਸਦਾ ਹੈ ਕਿ ਪੁਸਤਕ ਆਪਣੀ ਪੇਸ਼ਕਾਰੀ ਵਿਚ ਕਿਥੋਂ ਤਕ ਸਫਲ ਹੈ ? ਇਹ ਪੁਸਤਕ ਕਲਾ ਦੀ ਦ੍ਰਿਸ਼ਟੀ ਤੋਂ ਲੇਖਕ ਦੀਆਂ ਪਹਿਲੀਆਂ ਰਚਨਾਵਾਂ ਤੋਂ ਅਗਾਂਹ ਵਲ ਵਿਕਾਸ ਕਰਦੀ ਹੈ ; ਪਹਿਲੀ ਥਾਂ 'ਤੇ ਹੀ ਖੜੀ ਰਹਿ ਜਾਂਦੀ ਹੈ ਜਾਂ ਕਿ ਉਸ ਦਾ ਪੱਤਨ ਦਰਸਾਉਂਦੀ ਹੈ ? ਅਤੇ ਇਸ ਪੁਸਤਕ ਦੀ ਪੰਜਾਬੀ ਸਾਹਿਤ ਵਿਚ ਕੀ ਥਾਂ ਨਿਸ਼ਚਿਤ ਕੀਤੀ ਜਾ ਸਕਦੀ ਹੈ ? ਇਸ ਤਰ੍ਹਾਂ ਕਰ ਕੇ ਹੀ ਅਸੀਂ ਪੁਸਤਕ ਦੀ ਵਿਲੱਖਣਤਾ (ਜੇ ਕੋਈ ਹੈ ਤਾਂ) ਨਿਸ਼ਚਿਤ ਕਰ ਸਕਦੇ ਹਾਂ ।

ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਵੇਖਿਆਂ ਕਿਹਾ ਜਾ ਸਕਦਾ ਹੈ ਕਿ ਉਹ ਸਾਰਾ ਕੁਝ ਜਿਸ ਨੂੰ ਆਲੋਚਨਾ ਕਿਹਾ ਜਾ ਰਿਹਾ ਹੈ ਉਸ ਵਿਚੋਂ ਬਹੁਤਾ 'ਆਲੋਚਨਾ ਨਹੀਂ'। ਇਸੇ ਤਰ੍ਹਾਂ 'ਪੁਸਤਕ ਰੀਵੀਊ' ਕਾਲਮ ਹੇਠ ਛਪ ਰਿਹਾ ਸਭ ਕੁਝ ਹੀ 'ਪੁਸਤਕ ਰੀਵੀਊ' ਨਹੀਂ ਕਿਹਾ ਜਾ ਸਕਦਾ । ਅੱਜ ਵੀ ਪੁਸਤਕਾਂ ਦੀ ਪ੍ਰਸ਼ੰਸਾ ਤੇ ਨਿੰਦਿਆ, ਸਾਰ ਤੇ ਵਿਆ-ਖਿਆਵਾਂ, ਚੰਗੇ ਤੇ ਮਾੜੇ ਲਗਦੇ ਅੰਗਾਂ ਤੇ ਅੰਸ਼ਾਂ ਉਪਰ 'ਪੁਸਤਕ ਰੀਵੀਊ' ਹੋਣ ਦਾ ਲੇਬਲ ਲਗਾਇਆ ਜਾ ਰਿਹਾ ਹੈ । ਇਸ ਗੱਲ ਦੀ ਪੁਸ਼ਟੀ ਲਈ ਕੁਝ ਇਕ ਰੀਵੀਊ ਦੇਖਦੇ ਹਾਂ ।

ਸੀ. ਮਾਰਕੰਡਾ ਦੇ ਕਾਵਿ ਸੰਗ੍ਰਹਿ 'ਮੈਂ ਦੱਸਾਂਗਾ' ਦਾ ਰੀਵੀਊ ਕਰਦਿਆਂ ਗੁਰਚਰਨ ਸਿੰਘ ਸਹਿੰਸਰਾ ਇਸ ਸੰਗ੍ਰਹਿ ਵਿਚਲੀਆਂ ਸਿਧਾਂਤਕ ਕਚਿਆਈਆਂ ਦੱਸਣ ਤੋਂ ਗੁਰੇਜ਼ ਕਰਦਾ ਹੈ । ਇਸ ਰੀਵੀਊ ਵਿਚ ਸਹਿੰਸਰਾ ਦੇ ਆਪਣੇ ਵਰਤੇ ਸ਼ਬਦ ਇਹ ਹਨ : "ਇਸ ਵਿਚ ਕਈ ਸਿਧਾਂਤਕ ਕਚਿਆਈਆਂ ਵੀ ਹਨ ਜੋ ਕਵੀ ਨਾਲ ਹੀ ਸਾਂਝੀਆਂ ਕੀਤੀਆਂ ਜਾ ਸਕਣਗੀਆਂ ।" ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਰੀਵੀਊਕਾਰ ਨੇ ਸਿਰਫ ਪੁਸਤਕ ਦੇ ਗੁਣ ਹੀ ਦੱਸਣੇ ਹੁੰਦੇ ਹਨ ? ਸਹਿੰਸਰਾ ਇਸ ਪੁਸਤਕ ਵਿਚਲੀਆਂ 'ਕਚਿਆਈਆਂ' ਪਾਠਕਾਂ ਨਾਲ ਸਾਂਝੀਆਂ ਕਿਉਂ ਨਹੀਂ ਕਰਨਾ ਚਾਹੁੰਦਾ ? ਯਾਦ ਰਹੇ ਰੀਵੀਊਕਾਰ ਦਾ ਸਿੱਧਾ ਸੰਬੰਧ ਰੀਵੀਊ ਅਧੀਨ ਪੁਸਤਕ ਨਾਲ ਹੁੰਦਾ ਹੈ ਪੁਸਤਕ-ਲੇਖਕ ਨਾਲ ਨਹੀਂ । ਨਿੱਜੀ ਸੰਬੰਧਾਂ ਨੂੰ ਰੀਵੀਊ ਕਰਦਿਆਂ ਇਕ ਪਾਸੇ ਰਖਣ ਦੀ ਲੋੜ ਹੈ । ਜੇ ਰੀਵੀਊ ਪਾਠਕ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਤਾਂ ਰੀਵੀਊ ਅਧੀਨ ਪੁਸਤਕ ਦੀਆਂ 'ਸਿਧਾਂਤਕ ਕਚਿਆਈਆਂ' ਪਾਠਕ ਨਾਲ ਸਾਂਝੀਆਂ ਕਿਉਂ ਨਹੀਂ ਕੀਤੀਆਂ ਜਾ ਰਹੀਆਂ ? ਇਹ ਗੱਲ ਸਮਝ ਨਹੀਂ ਆਉਂਦੀ ।

ਟ.ਰਿੰਜਨ ਤਸਨੀਮ ਦੇ ਨਾਵਲ 'ਜਦੋਂ ਸਵੇਰ ਹੋਈ' ਦਾ ਰੀਵੀਊ ਕਰਦਿਆ ਕਰਮਜੀਤ ਸਿੰਘ ਰੀਵੀਊ ਦੀ ਵਿਧੀ ਬਾਰੇ ਚੇਤੰਨ ਹੈ ਪਰ ਉਸਦੀ ਇਹ ਚੇਤੰਨਤਾ ਉਦੋਂ ਥਿੜਕ ਜਾਂਦੀ ਹੈ ਜਦੋਂ ਉਹ ਨਾਵਲ ਵਿਚਲੀ (ਗਲਪੀ) ਕਹਾਣੀ ਸੁਣਾਉਣ ਲਗ ਪੈਂਦਾ ਹੈ। ਸ਼ਾਇਦ ਉਹ ਆਪਣੇ ਰੀਵੀਊ ਨੂੰ ਵਿਸਥਾਰ ਦੇਣ ਲਈ ਅਜਿਹਾ ਕਰਦਾ ਹੈ । ਗੁਰਮੁਖਜੀਤ ਸਿੰਘ ਜਦੋਂ ਮਹਿੰਦਰ ਸਿੰਘ ਜੋਸ਼ੀ ਦੇ ਕਹਾਣੀ-ਸੰਗ੍ਰਹਿ 'ਦਰੋਪਦੀ ਦਾ ਦੋਸ਼'

ਦਾ ਰੀਵੀਊ ਕਰਦਾ ਹੈ ਤਾਂ ਉਹ ਇਸ ਸੰਗ੍ਰਹਿ ਵਿਚਲੀਆਂ ਪੰਜ ਕਹਾਣੀਆਂ ਦਾ ਸਾਰ ਅਤੇ ਉਨ੍ਹਾਂ ਬਾਰੇ ਆਪਣੀ ਰਾਇ ਪੇਸ਼ ਕਰਦਾ ਹੈ। ਇਸ ਰੀਵੀਊ ਵਿਚ ਉਹ ਪੂਰੇ ਕਹਾਣੀ-ਸੰਗ੍ਰਹਿ ਬਾਰੇ ਚੁੱਪ ਹੈ। ਜਿਥੇ ਕਰਮਜੀਤ ਰੀਵੀਊ ਦੀ ਵਿਧੀ ਬਾਰੇ ਚੇਤੰਨ ਹੁੰਦਾ ਹੋਇਆ ਵੀ ਵਿਸਥਾਰ ਦੇ ਦੋਸ਼ ਕਰਕੇ ਥਿੜਕ ਜਾਂਦਾ ਹੈ ਉਥੇ ਗੁਰਮੁਖਜੀਤ ਸਿੰਘ ਰੀਵੀਊ ਦੀ ਵਿਧੀ ਬਾਰੇ ਹੀ ਚੇਤੰਨ ਨਹੀਂ ਨਜ਼ਰ ਆਉਂਦਾ।

ਦੁਹਰਾਉ ਦੀ ਗੁਸਤਾਖ਼ੀ ਕਰਦਿਆਂ ਫਿਰ ਕਹਿ ਰਿਹਾ ਹਾਂ ਕਿ ਪੁਸਤਕ-ਰੀਵੀਊ ਦੀ ਵਿਧੀ ਤੇ ਆਲੋਚਨਾਤਮਕ-ਚੇਤੰਨਤਾ ਤੋਂ ਬਿਨਾਂ ਪ੍ਰਮਾਣਿਕ ਪੁਸਤਕ–ਰੀਵੀਊ ਨਹੀਂ ਕੀਤੇ ਜਾ ਸਕਦੇ। ਪ੍ਰਮਾਣਿਕ ਪੁਸਤਕ ਰੀਵੀਊ ਆਲੋਚਨਾ ਦੇ ਵਿਲੱਖਣ ਸਰੂਪ ਨੂੰ ਵੀ ਜਿਉਂਦਾ ਰਖਦੇ ਹਨ।

ਕਿਸੇ ਵੀ ਭਾਸ਼ਾ ਦੇ ਸਾਹਿਤ ਵਿਚ ਪੁਸਤਕ ਰੀਵੀਊ ਕਰਨਾ ਸਾਹਿਤ–ਆਲੋਚਕਾਂ ਦਾ ਕੰਮ ਹੈ। ਪਰ ਸਾਹਿਤ-ਆਲੋਚਕ ਪੁਸਤਕ ਰੀਵੀਊ ਵਲ ਰੁਚਿਤ ਨਹੀਂ। ਇਹ ਕੰਮ ਐਰੇ ਗੈਰੇ ਲੋਕਾਂ ਦੇ ਹੱਥ ਹੀ ਆਉਂਦਾ ਹੈ। ਇਸਦਾ ਕਾਰਨ ਸਿਰਫ ਆਲੋਚਕਾਂ ਦੀ ਅਣਗਹਿਲੀ ਹੀ ਨਹੀਂ ਸਗੋਂ ਵੱਡਾ ਕਾਰਨ ਤਾਂ ਇਹ ਹੈ ਕਿ ਪ੍ਰਕਾਸ਼ਕ-ਸੰਪਾਦਕ-ਰੀਵੀਊਕਾਰ ਇਕ ਗੁੱਟ-ਬੰਦੀ ਵਾਂਗ ਕੰਮ ਕਰ ਰਹੇ ਹਨ। ਆਮ ਤੌਰ 'ਤੇ ਵੇਖਣ ਵਿਚ ਆਉਂਦਾ ਹੈ ਕਿ ਪ੍ਰਕਾਸ਼ਕ ਆਪ ਹੀ ਇਕ ਮੈਗਜ਼ੀਨ ਦਾ ਸੰਪਾਦਨ ਵੀ ਕਰਦੇ ਹਨ। ਅਜਿਹੇ ਪ੍ਰਕਾਸ਼ਕ ਆਪਣੀਆ ਹੀ ਨਵ-ਪ੍ਰਕਾਸ਼ਿਤ ਪੁਸਤਕਾਂ ਦਾ ਆਪਣੇ ਹੀ ਨਿਸ਼ਚਿਤ ਰੀਵੀਊਕਾਰਾਂ ਤੋਂ ਆਪਣੀ ਮਨਮਰਜ਼ੀ ਦਾ ਰੀਵੀਊ ਕਰਵਾ ਲੈਂਦੇ ਹਨ। ਇਸ ਤਰ੍ਹਾਂ ਦੇ ਪੁਸਤਕ ਰੀਵੀਊ ਦਾ ਸਪਸ਼ਟ ਪ੍ਰਯੋਜਨ ਆਪਣੀਆਂ ਹੀ ਪ੍ਰਕਾਸ਼ਿਤ ਕੀਤੀਆਂ ਪੁਸਤਕਾਂ ਦੀ ਇਸ਼ਤਿਹਾਰਬਾਜ਼ੀ ਕਰਨਾ ਹੈ। ਪਰ ਇਸ਼ਤਿਹਾਰਬਾਜ਼ੀ ਨੂੰ ਪੁਸਤਕ-ਰੀਵੀਊ ਨਹੀਂ ਕਿਹਾ ਜਾ ਸਕਦਾ।

ਅੱਜ ਲੋੜ ਇਸ ਗੱਲ ਦੀ ਹੈ ਕਿ ਪ੍ਰਕਾਸ਼ਕ-ਸੰਪਾਦਕ–ਲੇਖਕ-ਰੀਵੀਊਕਾਰ-ਯਾਰੀ ਦੋਸਤੀ ਆਦਿ ਗੁੱਟਬੰਦੀਆਂ ਤੋਂ ਬਚਿਆ ਜਾਵੇ ਅਤੇ ਨਿਰਪੱਖ ਤੇ ਗੰਭੀਰ ਕਿਸਮ ਦੇ ਰੀਵੀਊ ਕੀਤੇ ਜਾਣ ਤਾਂ ਜੋ ਪੁਸਤਕ ਵਿਸ਼ੇਸ਼ ਦੀ ਸਾਹਿਤ ਯੋਗਤਾ ਨੂੰ ਸਮਝਾਇਆ ਜਾ ਸਕੇ ਅਤੇ ਪਾਠਕਾਂ ਨੂੰ ਵੀ ਨਵ-ਪ੍ਰਕਾਸ਼ਿਤ ਪੁਸਤਕਾਂ ਨਾਲ ਠੀਕ ਤਰ੍ਹਾਂ ਜਾਣ ਪਛਾਣ ਕਰਵਾਈ ਜਾ ਸਕੇ। o

[ਆਰ ਜ਼ੈਡ/ਕੇ-14, ਉੱਤਮ ਨਗਰ, ਨਵੀਂ ਦਿੱਲੀ-110059]

# ਨਾਰਕੀ : ਪਾਠ-ਪੁਸਤਕ ਤੋਂ ਰੰਗਮੰਚ ਤਕ

ਵੀਹਵੀਂ ਸਦੀ ਦੇ ਦੂਸਰੇ ਅੱਧ ਵਿਚ ਨਾਟਕਕਾਰਾਂ ਅਤੇ ਨਾਟ-ਨਿਰਦੇਸ਼ਕਾਂ ਵਿਚ 'ਪੁਸਤਕੀ ਨਾਟਕ ਤੇ ਰੰਗਮੰਚ 'ਤੇ ਪੇਸ਼ ਹੋਏ ਨਾਟਕ' ਬਾਰੇ ਸੰਵਾਦ ਬੜੇ ਤਿੱਖੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ ਹੈ। ਰੰਗਮੰਚ ਨਾਲ ਸੰਬੰਧਿਤ ਕਲਾਕਾਰਾਂ ਦਾ ਵਿਚਾਰ ਹੈ ਕਿ ਨਾਟਕ ਜਦ ਤਕ ਰੰਗਮੰਚ 'ਤੇ ਖੇਡਿਆ ਨਹੀਂ ਜਾਂਦਾ ਆਪਣਾ ਸੰਪੂਰਨ ਅਸਤਿਤਵ ਨਹੀਂ ਅਖਤਿਆਰਦਾ। ਜਦਕਿ ਨਾਟਕਕਾਰਾਂ/ਆਲੋਚਕਾਂ ਦਾ ਮਤ ਹੈ ਕਿ ਨਾਟਕ— ਨਾਟਕਕਾਰ ਦੀ ਕਲਮ ਰਾਹੀਂ ਜਦ ਲਿਖਿਆ ਜਾ ਰਿਹਾ ਹੁੰਦਾ ਹੈ ਉਦੋਂ ਹੀ ਆਪਣਾ ਸਹੀ ਸਰੂਪ ਅਖਤਿਆਰ ਕਰ ਲੈਂਦਾ ਹੈ। Sam Shepard ਦਾ ਕਥਨ ਇਸ ਬਾਰੇ ਬਹੁਤ ਮਹੱਤਵਪੂਰਨ ਹੈ :

> If I am right in the character in the moment, I can catch what he smells, sees, feels and touches."

ਸਾਡੇ ਪੰਜਾਬੀ ਦੇ ਨਾਟਕਕਾਰਾਂ ਤੇ ਨਾਟ-ਨਿਰਦੇਸ਼ਕਾਂ ਵਿਚਾਲੇ ਵੀ ਅਜਿਹਾ ਸੰਵਾਦ ਤੁਰਿਆ ਆਉਂਦਾ ਹੈ। ਵਿਸ਼ੇਸ਼ ਕਰ ਕੇ ਪ੍ਰੋਫੈਸਰ ਸੰਤ ਸਿੰਘ ਸੇਖੋਂ ਦੇ ਨਾਟਕਾਂ ਦੇ ਸੰਬੰਧ ਵਿਚ। ਉਸ ਦੇ ਨਾਟਕ ਰੰਗਮੰਚ 'ਤੇ ਘਟ ਪੇਸ਼ ਹੋਏ ਹਨ—ਪਰ ਪਾਠ-ਪੁਸਤਕਾਂ ਵਿਚ ਵਧੇਰੇ ਗੰਭੀਰਤਾ ਨਾਲ ਪੜ੍ਹੇ 'ਤੇ ਵਿਚਾਰੇ ਜਾਂਦੇ ਹਨ। ਉਹ ਆਪ ਕਿਹਾ ਕਰਦੇ ਹਨ :

> 'ਮੇਰੇ ਨਾਟਕਾਂ ਨੂੰ ਰੰਗਮੰਚ' ਤੇ ਖੇਡਣ ਲਈ ਘੋੜ ਸਵਾਰ ਚਾਹੀਦੇ ਹਨ ਤੇ ਪੰਜਾਬੀ ਦੇ ਨਾਟ-ਨਿਰਦੇਸ਼ਕ ਅਜੇ ਖੋਤਿਆਂ ਦੀ ਸਵਾਰੀ ਕਰ ਸਕਣ ਦੇ ਯੋਗ ਹੋਏ ਹਨ।'

ਉਨ੍ਹਾਂ ਦੇ ਇਸ ਕਥਨ ਨਾਲ ਅਸੀਂ ਸਹਿਮਤ ਹੋਈਏ ਜਾਂ ਨਾ ਪਰ ਪਿਛਲੇ ਦਿਨੀਂ ਦਵਿੰਦਰ ਦਮਨ ਨੇ ਪ੍ਰੋਫੈਸਰ ਸੇਖੋਂ ਦੇ ਇਸ ਕਥਨ ਨੂੰ ਗਲਤ ਸਾਬਿਤ ਕਰ ਦਿਤਾ ਹੈ।

ਦਵਿੰਦਰ ਦਮਨ ਨੇ 8, 9 ਅਤੇ 10 ਜੁਲਾਈ ਨੂੰ 'ਨਾਰਕੀ' ਨੂੰ ਰੰਗਮੰਚ 'ਤੇ ਪੇਸ਼ ਕਰਨ ਦਾ ਹੀਆ ਕੀਤਾ ਹੈ। ਚੰਡੀਗੜ੍ਹ ਦੇ ਰੰਗਮੰਚ ਪ੍ਰੇਮੀ ਉਸ ਨੂੰ ਜਾਣਦੇ/ਪਛਾਣਦੇ ਹਨ ਤੇ ਅਜਿਹਾ ਨਾਟਕ ਖੇਡਣ ਲਈ ਉਸ ਦੇ ਆਭਾਰੀ ਵੀ ਹਨ।

'ਨਾਰਕੀ' ਸੁਤੰਤਰਤਾ ਪ੍ਰਾਪਤੀ ਤੋਂ ਝੱਟ ਪਿਛੋਂ ਦੇ ਸਮੇਂ ਤੇ ਕੁਝ ਕੁ ਬਦਲ ਨਾਲ ਸਮਕਾਲੀ ਸਮੇਂ ਵਿਚਲੀ ਵੀ ਇਕ ਮਹੱਤਵਪੂਰਨ ਸਮੱਸਿਆ ਨਾਲ ਸੰਬੰਧਿਤ ਨਾਟਕ ਹੈ। ਪੰਜਾਬੀ ਸਮਾਜ ਵਿਚ ਬਾਣੀਆਂ ਜਮਾਤ ਕਿਹੜੇ ਕਿਹੜੇ ਹੱਥ ਕੰਡਿਆਂ ਨਾਲ ਸਮਾਜ ਵਿਚ ਲੁਟ-ਘਸੁਟ ਮਚਾ ਰਹੀ ਹੈ ਤੇ ਨਾਲ ਹੀ ਉਸ ਕੋਲ ਆਪ ਬਚ ਨਿਕਲਣ ਤੇ ਮਜ਼ਦੂਰ ਵਰਗ ਦੇ ਬੰਦੇ ਨੂੰ ਮਕਾਰੀ ਨਾਲ ਫਸਾ ਸਕਣ ਦੀ ਕੁਯੋਗਿਤਾ ਦੇ ਵਿਸ਼ੇ ਨੂੰ ਬੜੀ ਸੁਯੋਗਿਤਾ

ਨਾਲ ਆਪਣੇ ਕਲਾਵੇ ਵਿਚ ਲੈਂਦਾ ਹੈ।

ਸੰਖੇਪ ਰੂਪ ਵਿਚ ਤਾਂ ਨਾਟ-ਕਥਾ ਇਸ ਗੱਲ ਦੁਆਲੇ ਘੁੰਮਦੀ ਹੈ ਪਰੰਤੂ ਸੇਖੋਂ ਸਾਹਿਬ ਦੇ ਪਾਠ-ਨਾਟ ਨੂੰ ਨਾਟਕੀ ਸਕ੍ਰਿਪਟ ਵਿਚ ਥੋੜ੍ਹਾ ਬਦਲ ਕੇ ਪੇਸ਼ ਕਰਦੇ ਹੋਏ— ਦੇਵਿੰਦਰ ਦਮਨ ਨੇ ਇਸ ਕਰੂਰ ਸਚਾਈ ਨੂੰ ਪ੍ਰਹਾਸ ਦੇ ਕਲੇਵਰ ਵਿਚ ਲਪੇਟ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਸ ਨੇ ਥੋੜ੍ਹੀ ਖੁਲ੍ਹ ਤਾਂ ਲਈ ਹੈ ਪਰ ਚੰਡੀਗੜ੍ਹ ਦੇ ਦਰਸ਼ਕਾਂ ਨੂੰ ਕੇਵਲ ਸਮੱਸਿਆ ਦੇ ਸਨਮੁਖ ਹੀ ਨਹੀਂ—ਸਗੋਂ ਮਨੋਰੰਜਕ ਢੰਗ ਰਾਹੀਂ ਸਮੱਸਿਆ ਨੂੰ ਪੇਸ਼ ਕੀਤਾ ਹੈ। ਇਹੀ ਉਸਦੀ ਪ੍ਰਾਪਤੀ ਹੈ।

ਮੇਰੇ ਵਿਚਾਰ ਅਨੁਸਾਰ ਰੰਗਮੰਚ ਉਤੇ ਕਿਸੇ ਨਾਟਕ ਦੀ ਪੇਸ਼ਕਾਰੀ ਦੀ ਸਫਲਤਾ ਉਹਦੇ ਦਰਸ਼ਕਤ ਕ ਅਰਥ-ਸੰਚਾਰ ਕਰ ਸਕਣ ਦੀ ਯੋਗਿਤਾ ਤੇ ਉਸ ਸਮੱਸਿਆ ਦੀ ਸਮਕਾਲੀਨ ਸਾਰਥਿਕਤਾ ਉਤੇ ਨਿਰਭਰ ਕਰਦੀ ਹੈ। ਮੇਰੇ ਲਈ —'ਸੈਟ ਬਹੁਤ ਵਧੀਆ ਸੀ ਜਾਂ ਕਾਸਟਿਊਮ ਕਮਾਲ ਸਨ...' ਵਗੈਰਾ ਅਰਥਹੀਨ ਗੱਲਾਂ ਹਨ। ਵੇਖਣ ਵਾਲੀ ਗੱਲ ਤਾਂ ਉਸ ਨਾਟਕ ਦੀ ਪੇਸ਼ਕਾਰੀ ਦਾ ਸਮੁੱਚਾ ਪ੍ਰਭਾਵ ਹੈ। ਉਸ ਵਿਚ ਕਲਾਕਾਰਾਂ ਦੀ ਅਦਾਇਗੀ ਤੋਂ ਲੈ ਕੇ ਹਾਲ ਦਾ ਪ੍ਰਬੰਧ ਕਰਨ ਵਾਲੇ ਪ੍ਰਬੰਧਕਾਂ ਤਕ ਸਾਰਿਆਂ ਦੇ ਸਮੁੱਚੇ ਯਤਨ ਦੀ ਪ੍ਰਾਪਤੀ ਹੈ।

ਨਾਟ-ਨਿਰਦੇਸ਼ਕ ਸਾਰੀਆਂ ਸਹੂਲਤਾਂ—ਜਿਸ ਵਿਚ ਦੋਸਤਾਂ ਦੀਆਂ ਸਲਾਹਾਂ ਤੋਂ ਲੈ ਕੇ ਮੇਕ ਅਪ ਤਕ ਸ਼ਾਮਿਲ ਹੁੰਦਾ ਹੈ—ਸਮੇਤ ਜੋ ਕੁਝ ਨਾਟਕਕਾਰ ਜਾਂ ਨਿਰਦੇਸ਼ਕ ਕਹਿਣਾ ਚਾਹੁੰਦਾ ਹੈ ਕਹਿ ਸਕਿਆ ਹੈ, ਤੇ ਦਰਸ਼ਕ ਨੇ ਉਸ ਦੇ ਕਹਿਣ ਢੰਗ ਤੇ ਕੱਥ ਨੂੰ ਸਵੀਕਾਰ ਲਿਆ ਹੈ, ਇਹ ਉਸ ਦੀ ਸਫਲਤਾ ਹੈ।

ਮੇਰੀ 'ਨਾਟਕ ਦੇ ਰੰਗਮੰਚ 'ਤੇ ਸਫਲ ਹੋਣ' ਬਾਰੇ ਉਪਰੋਕਤ ਧਾਰਨਾ ਨਾਲ ਵਧੇਰੇ ਕਰਕੇ ਅਖ਼ਬਾਰੀ ਆਲੋਚਕ ਸਹਿਮਤ ਨਹੀਂ ਹੋ ਸਕਦੇ ਕਿਉਂਕਿ ਉਹ ਜਿਸ ਨਾਟਕ ਵਿਚ ਕੁਝ ਵੀ ਨਾ ਕਿਹਾ ਗਿਆ ਹੋਵੇ ਜਾਂ ਦਰਸ਼ਕ ਅੱਧ ਵਿਚਾਲਿਓਂ ਉਠ ਆਉਣ, ਉਸ ਨਾਟਕੀ ਪੇਸ਼ਕਸ਼ ਦੀ ਲਾਈਟਿੰਗ ਜਾਂ ਮੂਵਮੇਂਟ ਨੂੰ ਬਹੁਤ ਸਲਾਹ ਸਕਦੇ ਹਨ। ਤੇ ਅਕਸਰ ਮੈਂ ਅਜਿਹੇ ਰੀਵੀਊ ਪੜ੍ਹਦਾ ਤੇ ਹੱਸ ਛੱਡਦਾ ਹਾਂ।

ਦੇਵਿੰਦਰ ਦੀ ਪੇਸ਼ਕਾਰੀ ਪ੍ਰਭਾਵਸ਼ਾਲੀ ਸੀ। ਉਸ ਦਾ ਆਪਣਾ ਰੋਲ ਉਹਦੇ ਚੰਗੇ ਐਕਟਰ ਹੋਣ ਦਾ ਸਬੂਤ ਦੇਂਦਾ ਸੀ।

ਸ੍ਰੀਮਤੀ ਜਸਵੰਤ ਦਮਨ ਤੇ ਕਾਰਿੰਦਾ ਦੋਵੇਂ ਕੁਝ ਓਵਰ ਐਕਟਿੰਗ ਕਰਦੇ ਲਗਦੇ ਸਨ। ਪਰ ਸਮੁੱਚੀ ਪੇਸ਼ਕਾਰੀ ਓਪਰੀ ਨਹੀਂ ਸੀ ਲਗਦੀ।

ਨਾਰਕੀ ਨੂੰ ਰੰਗਮੰਚ 'ਤੇ ਵੇਖ ਕੇ ਆਸ ਬੱਝਦੀ ਹੈ ਕਿ ਸੇਖੋਂ ਸਾਹਿਬ ਦੇ ਹੋਰ ਨਾਟਕ ਵੀ ਰੰਗਮੰਚ 'ਤੇ ਖੇਡੇ ਜਾਣਗੇ—ਸਫਲਤਾ ਪੂਰਵਕ।

[ਲੋਕ ਨਾਥ]

**ਪੰਜਾਬੀ ਨਾਵਲ** [ਜੁਗਿੰਦਰ ਸਿੰਘ ਰਾਹੀ]

ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' ਦੀ ਪ੍ਰਿੰਸੀਪਲ ਤੇਜਾ ਸਿੰਘ ਦੁਆਰਾ ਲਿਖੀ ਭੂਮਿਕਾ ਤੋਂ ਲੈ ਕੇ ਜਸਵੰਤ ਸਿੰਘ ਕੰਵਲ ਦੇ ਨਾਵਲ 'ਲਹੂ ਦੀ ਲੋਅ' ਸੰਬੰਧੀ ਹੋਈ ਆਲੋਚਨਾ ਦੀ ਸਥਿਤੀ, ਮੁੱਖ ਤੌਰ 'ਤੇ, ਰੂਪ ਅਤੇ ਪ੍ਰਕਾਰਜ ਦੀ ਦਵੈਤ ਨਾਲ ਸੰਬੰਧਿਤ ਰਹੀ ਹੈ। ਬਹੁਤ ਘਟ ਆਲੋਚਕ ਨਾਵਲ-ਸਮੀਖਿਆ ਦੇ ਇਸ ਸਿਧਾਂਤ ਵਲ ਰੁਚਿਤ ਹੋਏ ਹਨ ਕਿ ਨਾਵਲ ਦਾ ਰੂਪ ਅਤੇ ਪ੍ਰਕਾਰਜ ਦੋਵੇਂ ਅੰਤਰ ਸੰਬੰਧਿਤ ਹੋਂਦਾਂ ਹਨ ਅਥਵਾ ਇਕੋ ਹੋਂਦ ਦੇ ਦੋ ਪਾਸੇ ਹਨ। ਡਾਕਟਰ ਜੋਗਿੰਦਰ ਸਿੰਘ ਰਾਹੀ ਦੀ ਪੁਸਤਕ 'ਪੰਜਾਬੀ ਨਾਵਲ' (ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1978) ਵਿਚ ਇਸ ਸਿਧਾਂਤ ਦੀਆਂ ਲੁਪਤ ਸੰਭਾਵਨਾਵਾਂ ਦੀ ਸੁਚਿੰਤਿਤ ਵਿਆਖਿਆ ਆਪਣੇ ਆਪ ਵਿਚ ਇਕ ਵਿਸ਼ੇਸ਼ ਪ੍ਰਾਪਤੀ ਹੈ।

ਡਾਕਟਰ ਰਾਹੀ ਦੇ ਮਤ ਅਨੁਸਾਰ ਪੰਜਾਬੀ ਨਾਵਲ ਦੀ ਵਿਕਾਸ-ਰੇਖਾ 'ਵਸਤੂ-ਵੇਰਵਿਆਂ ਦੀ ਵਾਸਤਵਿਕਤਾ' ਜਾਂ/ਅਤੇ 'ਤਕਨੀਕੀ ਵਿਧੀਆਂ ਦੀ ਨਵੀਨਤਾ' ਦੇ ਆਧਾਰ ਰਾਹੀਂ ਨਿਰਧਾਰਿਤ ਨਹੀਂ ਕੀਤੀ ਜਾ ਸਕਦੀ। ਇਸ ਦੀ ਪਛਾਣ ਲਈ ਨਾਵਲ-ਰੂਪ ਦੇ ਸੰਗਠਕਾਰੀ ਤੱਤ—ਰਚਨਾ-ਦ੍ਰਿਸ਼ਟੀ ਦਾ ਬੋਧ ਪ੍ਰਾਪਤ ਕਰਨਾ ਜ਼ਰੂਰੀ ਹੈ। ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ ਪਾਤਰਾਂ ਜਾਂ ਲੇਖਕ ਦੀਆਂ ਗਲਪ–ਸੰਸਾਰ ਤੋਂ ਬਾਹਰੀ ਭਾਸ਼ਣੀ ਟਿੱਪਣੀਆਂ ਤੋਂ ਵੱਖਰੀ ਵੀ ਹੋ ਸਕਦੀ ਹੈ ਜਿਸ ਦੀ ਪਕੜ ਵਾਸਤੇ ਨਾਵਲ ਦੀ ਸੰਰਚਨਾ ਦਾ ਵਿਸ਼ਲੇਸ਼ਨ ਅਨਿਵਾਰੀ ਹੈ। ਇਸ ਪੁਸਤਕ ਵਿਚ ਵਿਭਿੰਨ ਨਾਵਲਕਾਰਾਂ ਦੀ ਰਚਨਾ-ਦ੍ਰਿਸ਼ਟੀ ਦਾ ਬੋਧ ਪ੍ਰਾਪਤ ਕਰਨ ਲਈ ਅਤੇ ਉਸ 'ਤੇ ਆਧਾਰਿਤ ਪੰਜਾਬੀ ਨਾਵਲ ਦੀ ਵਿਕਾਸ–ਰੇਖਾ ਅੰਕਿਤ ਕਰਨ ਲਈ ਇਤਿਹਾਸਕ ਅਤੇ ਵਰਣਨਾਤਕ ਵਿਸ਼ਲੇਸ਼ਣ ਵਿਧੀ ਦੀ ਵਰਤੋਂ ਕੀਤੀ ਗਈ ਹੈ।

ਇਸ ਵਿਧੀ ਦੁਆਰਾ ਪੰਜਾਬੀ ਦੇ ਕੁਝ ਪ੍ਰਤਿਨਿਧ ਨਾਵਲਾਂ ਦੀ ਵਿਹਾਰਕ ਸਮੀਖਿਆ ਵਿਚੋਂ ਨਿਕਲੇ ਸਿੱਟਿਆਂ ਦੇ ਆਧਾਰ 'ਤੇ ਲੇਖਕ ਨੇ ਪੰਜਾਬੀ ਨਾਵਲ ਨੂੰ ਦ੍ਰਿਸ਼ਟਾਂਤਕ ਅਤੇ ਪ੍ਰਤਿਰੂਪਕ ਗਲਪ ਦੇ ਦੋ ਵਰਗਾਂ ਵਿਚ ਰੱਖਿਆ ਹੈ। ਉਸ ਅਨੁਸਾਰ ਦ੍ਰਿਸ਼ਟਾਂਤਕ ਗਲਪ-ਬਿੰਬ ਆਦਰਸ਼-ਪ੍ਰੇਰਿਤ ਜਾਂ ਸਿਧਾਂਤ–ਪ੍ਰੇਰਿਤ ਹੁੰਦਾ ਹੈ ਜੋ ਆਦਰਸ਼ ਦੀ ਪੂਰਤੀ ਜਾਂ ਸਿਧਾਂਤ ਦੀ ਸਿੱਧੀ ਲਈ ਯਥਾਰਥ ਸਿਰਜਨ ਦਾ ਕੇਵਲ ਸਾਂਗ ਭਰਦਾ ਹੈ (ਪੰਨਾ 46) ਜਦ ਕਿ ਪ੍ਰਤਿਰੂਪਕ ਗਲਪ-ਬਿੰਬ ਦਾ ਸੰਬੰਧ ਜੀਵਨ ਦੀ ਸਾਂਸਕ੍ਰਿਤਿਕ ਜਟਿਲਤਾ ਦੇ ਵਸਤੂਗਤ ਯਥਾਰਥ ਦੇ ਸਿਰਜਨ ਨਾਲ ਹੈ (ਪੰਨਾ 59)। ਨਾਨਕ ਸਿੰਘ-ਕੰਵਲ ਪਰੰਪਰਾ ਦੇ ਨਾਵਲ ਦੀ ਮੁੱਖ ਰਚਨਾ-ਵਿਧੀ ਦ੍ਰਿਸ਼ਟਾਂਤਕ ਗਲਪ-ਬਿੰਬ ਦੇ ਸਿਰਜਨ ਵਾਲੀ ਹੈ ਜਦ ਕਿ ਸੁਰਿੰਦਰ ਸਿੰਘ ਨਰੂਲਾ ਦੇ ਨਾਵਲ ਪਿਉ ਪੁੱਤਰ ਨਾਲ ਪ੍ਰਤਿਰੂਪਕ ਗਲਪ–ਸਿਰਜਨ ਦਾ ਆਰੰਭ ਹੁੰਦਾ ਹੈ। ਇਹ ਪਰੰਪਰਾ ਸੇਖੋਂ ਅਤੇ ਗੁਰਚਰਨ ਸਿੰਘ ਦੇ ਨਾਵਲਾਂ ਵਿਚੋਂ ਦੀ ਲੰਘਦੀ ਹੋਈ ਗੁਰਦਿਆਲ ਸਿੰਘ ਦੇ ਨਾਵਲ ਵਿਚ ਸਿਖਰ ਉੱਤੇ ਪਹੁੰਚਦੀ ਹੈ। ਪਰ ਇਸ ਪਰੰਪਰਾ ਦੇ ਨਾਲ

ਨਾਲ ਦ੍ਰਿਸ਼ਟਾਂਤਕ ਗਲਪ-ਸਿਰਜਨ ਦੀ ਪਰੰਪਰਾ ਵੀ ਤੁਰਦੀ ਰਹੀ ਹੈ।

ਡਾਕਟਰ ਰਾਹੀ ਅਨੁਸਾਰ ਪ੍ਰਤਿਰੂਪਕ ਸਿਰਜਨ-ਵਿਧੀ ਦਾ ਅਨੁਕਰਣ ਤਾਂ ਨਗਰ-ਸੰਸਕ੍ਰਿਤੀ ਸੰਬੰਧੀ ਲਿਖਣ ਵਾਲੇ ਨਾਵਲਕਾਰਾਂ ਨੇ ਵੀ ਕੀਤਾ ਹੈ ਪਰ ਉਨ੍ਹਾਂ ਦੇ ਨਾਵਲਾਂ ਵਿਚ ਉਸ ਤਾਰਕਿਕ ਨਿਯਮ ਦਾ ਅਭਾਵ ਹੈ ਜਿਹੜਾ ਕਿਸੇ ਰਚਨਾ ਨੂੰ ਸਮਗ੍ਰਤਾ ਪ੍ਰਦਾਨ ਕਰਦਾ ਹੈ ਅਤੇ ਜੀਵਨ ਦੇ ਆਂਤਰਿਕ ਵਿਵੇਕ ਦਾ ਬੋਧ ਕਰਵਾਉਂਦਾ ਹੈ। ਇਸ ਪੱਖੋਂ ਵੇਖਿਆਂ ਪੰਜਾਬੀ ਨਾਵਲ ਵਿਚ ਗ੍ਰਾਮ-ਸੰਸਕ੍ਰਿਤੀ ਸੰਬੰਧੀ ਨਾਵਲ ਦਾ ਵਿਸ਼ੇਸ਼ ਮਹੱਤਵ ਦ੍ਰਿਸ਼ਟੀਗੋਚਰ ਹੁੰਦਾ ਹੈ। ਸ਼ਾਇਦ ਇਸੇ ਕਰਕੇ ਲੇਖਕ ਨੇ ਗ੍ਰਾਮ-ਸੰਸਕ੍ਰਿਤੀ ਸੰਬੰਧੀ ਨਾਵਲਾਂ ਦੀ ਵਿਸ਼ੇਸ਼ ਤੌਰ 'ਤੇ ਵਿਆਖਿਆ ਕੀਤੀ ਹੈ।

ਡਾਕਟਰ ਰਾਹੀ ਦੀ ਆਲੋਚਨਾ-ਪ੍ਰਤਿਭਾ ਦੋਹਾਂ ਪਰੰਪਰਾਵਾਂ ਦੇ ਨਾਵਲਕਾਰਾਂ ਦੀਆਂ ਵਿਲੱਖਣ ਸੁਰਾਂ ਪਰਿਭਾਸ਼ਿਤ ਕਰਨ ਵਿਚ ਉਜਾਗਰ ਹੁੰਦੀ ਹੈ ਜਿਵੇਂ : ਨਾਨਕ ਸਿੰਘ ਦਾ ਗਲਪ-ਅਨੁਭਵ ਆਪਣੇ ਤੋਂ ਪਹਿਲੇ ਵਾਲੇ ਨਾਵਲ ਦੀ ਸੰਪ੍ਰਦਾਇਕ ਤੰਗ-ਨਜ਼ਰੀ ਤੋਂ ਤਾਂ ਮੁਕਤ ਹੈ, ਪਰ ਧਾਰਮਿਕ-ਪ੍ਰਤਿਮਾਨਕ ਦ੍ਰਿਸ਼ਟੀ ਦੀ ਪਰੰਪਰਾ ਤੋਂ ਨਹੀਂ (ਪੰਨਾ 43)। ਜਸਵੰਤ ਸਿੰਘ ਕੰਵਲ ਆਪਣੀ ਨਾਵਲ-ਕਲਾ ਦੇ ਵਿਕਾਸ ਵਿਚ ਵੇਦਾਂਤੀ ਆਦਰਸ਼ ਪ੍ਰੇਰਣਾ ਤੋਂ ਚਲ ਕੇ ਮਾਰਕਸੀ ਸਿੱਧਾਂਤ ਪ੍ਰੇਰਣਾ 'ਤੇ ਪੁੱਜ ਜਾਂਦਾ ਹੈ (ਪੰਨਾ 62) ਪਰ ਉਸ ਦੇ ਨਾਵਲਾਂ ਦੀ ਰੂਪ-ਰਚਨਾ ਨਾਨਕ ਸਿੰਘ ਵਾਲੇ ਪ੍ਰਤਿਮਾਨਾਂ ਨਾਲੋਂ ਟੁਟ ਕੇ ਵੀ ਇਕ ਨਵੀਂ ਭਾਂਤ ਦੇ ਪ੍ਰਤਿਮਾਨ ਦੀ ਰਚਨਾ ਨਾਲ ਜੁੜ ਜਾਂਦੀ ਹੈ। ਇਹ ਨਵਾਂ ਪ੍ਰਤਿਮਾਨ ਸ਼੍ਰੇਣਿਕ ਸਮਾਜ ਦੇ ਅੰਤਰ-ਵਿਰੋਧਾਂ ਦੀਆਂ ਪੈਦਾ ਕੀਤੀਆਂ ਸਮੱਸਿਆਵਾਂ ਉੱਤੇ ਜਿੱਤ ਲਈ ਪੀੜਿਤ ਪਾਤਰਾਂ ਦੀ ਸਿੱਧਾਂਤਕ ਤੇ ਕ੍ਰਿਆਤਮਕ ਪਰਿਪੂਰਣਤਾ ਦੇ ਸੰਕਲਪ ਦਾ ਹੈ (ਪੰਨਾ 168)। ਜਿੱਥੇ ਭਾਈ ਵੀਰ ਸਿੰਘ ਜਾਂ ਨਾਨਕ ਸਿੰਘ ਦੀ ਰਚਨਾ-ਦ੍ਰਿਸ਼ਟੀ ਆਪਣੇ ਸਾਰੇ ਅੰਤਰ-ਵਿਰੋਧਾਂ ਦੇ ਬਾਵਜੂਦ ਕਿਸੇ ਨ ਕਿਸੇ ਭਾਂਤ ਦੇ ਵਸਤੂ-ਸੰਦਰਭ ਦੀ ਚਿੰਤਾ ਉੱਤੇ ਕੇਂਦਰਿਤ ਹੈ, ਨਰਿੰਦਰਪਾਲ ਸਿੰਘ ਦੀ ਰਚਨਾ-ਦ੍ਰਿਸ਼ਟੀ ਵਸਤੂ-ਸੰਦਰਭ ਤੋਂ ਟੁੱਟਣ ਦੀ ਸੂਚਕ ਹੈ (ਪੰਨਾ 166)।

ਇਸੇ ਤਰ੍ਹਾਂ ਪ੍ਰਤਿਰੂਪਕ ਗਲਪ ਦੇ ਸਿਰਜਕਾਂ ਦੀਆਂ ਵਿਲੱਖਣਤਾਵਾਂ ਸੂਤਰਬੱਧ ਕਰਦਾ ਹੋਇਆ ਉਹ ਲਿਖਦਾ ਹੈ : ਪਿਉ-ਪੁੱਤਰ ਦਾ ਰਚਨਾ-ਸੰਸਾਰ ਪ੍ਰਕ੍ਰਿਤੀਵਾਦੀ ਵਿਸਤਾਰ ਵਿਚੋਂ ਉਪਜੇ ਖਿੰਡਾਉ ਕਾਰਣ, ਪ੍ਰਤਿਰੂਪਕ ਗਲਪ ਦਾ ਨਮੂਨਾ ਹੋ ਕੇ ਵੀ ਯਥਾਰਥਵਾਦੀ ਅਨੁਭਵ-ਪ੍ਰਣਾਲੀ ਤੋਂ ਕੁਝ ਥਿੜਕੀ ਹੋਈ ਰਚਨਾ ਹੈ (ਪੰਨਾ 59) : ਲਹੂ-ਮਿੱਟੀ ਦੇ ਰਚਨਾ-ਸੰਸਾਰ ਵਿਚ ਪਾਤਰਾਂ ਅਤੇ ਘਟਨਾਵਾਂ ਦਾ ਚਰਿੱਤਰ ਵਾਤਾਵਰਣ ਦਾ ਪ੍ਰਕ੍ਰਿਤੀਵਾਦੀ ਵਿਸਤਾਰ-ਚਿਤਰ ਉਲੀਕਣ ਵਾਲਾ ਨਹੀਂ ; ਸਗੋਂ ਵਿਅੱਕਤਿਤਵ ਤੇ ਵਾਤਾਵਰਣ ਦੇ ਤਨਾਉ ਵਿਚੋਂ ਸਥਿਤੀ ਦੇ ਮਾਨਵੀ ਅਤੇ ਇਤਿਹਾਸਕ ਅੰਤਰ-ਵਿਰੋਧਾਂ ਨੂੰ ਪਰਿਭਾਸ਼ਿਤ ਕਰਨ ਵਾਲਾ ਹੈ (ਪੰਨਾ 176)। ਸਰਲੀਕਰਣ ਦੀ ਰੁਰ੍ਹੀ ਦਾ ਤਿਆਗ ਅਤੇ ਮਨੁੱਖੀ ਦੁੱਖ ਦੇ ਵਿਵੇਕ ਦਾ ਇਤਿਹਾਸਕ-ਸਾਂਸਕ੍ਰਿਤਿਕ ਗਤਿਵਿਧੀਆਂ ਦੀ ਅਨਿਵਾਰਿਤਾ ਦੇ ਸੰਦਰਭ ਵਿਚ ਸਿਰਜਨ. ਗੁਰਦਿਆਲ ਸਿੰਘ ਦੇ ਗਲਪ-ਅਨੁਭਵ ਦੀ ਇਕ ਅਜੇਹੀ ਵਿਸ਼ੇਸ਼ਤਾ ਹੈ, ਜਿਸ ਨਾਲ ਪੰਜਾਬੀ ਨਾਵਲ ਦੀ ਪਰੰਪਰਾ ਇਕ ਵਿਲੱਖਣ ਤੇ ਮਹੱਤਵਪੂਰਣ ਮੋੜ ਕੱਟਦੀ ਹੈ (ਪੰਨਾ 179)।

ਵਿਭਿੰਨ ਨਾਵਲਕਾਰਾਂ ਸੰਬੰਧੀ ਇਨ੍ਹਾਂ ਧਾਰਣਾਵਾਂ ਦੇ ਆਧਾਰ ਉੱਤੇ ਡਾਕਟਰ ਰਾਹੀ ਪੰਜਾਬੀ ਨਾਵਲ ਦੇ ਵਿਕਾਸ ਸੰਬੰਧੀ ਇਸ ਮਤ ਉੱਤੇ ਪਹੁੰਚਦਾ ਹੈ ਕਿ 'ਪੰਜਾਬੀ ਨਾਵਲ ਦੀ ਪਰੰਪਰਾ ਨ ਪੂਰਣ ਖੜੋਤ ਦੀ ਹੈ ਅਤੇ ਨ ਹੀ ਕਿਸੇ ਅਜੇਹੀ ਗਤੀਸ਼ੀਲਤਾ ਦੀ ਸੂਚਕ ਹੈ, ਜਿਸ ਨੂੰ ਨਾਵਲਕਾਰ ਦੀ ਰਚਨਾ-ਦ੍ਰਿਸ਼ਟੀ ਦੀ ਇਤਿਹਾਸਕ ਮ੍ਰਿਗ-ਛਾਲ ਦਾ ਪ੍ਰਮਾਣ ਮੰਨਿਆ ਜਾ ਸਕੇ' (ਪੰਨਾ 156)। ਉਸ ਅਨੁਸਾਰ ਪੰਜਾਬੀ ਨਾਵਲ ਦੀ ਇਤਿਹਾਸਕ ਮ੍ਰਿਗ-ਛਾਲ ਲਈ ਰੂੜ੍ਹੀਗਤ ਪਾਤਰਾਂ ਤੇ ਘਟਨਾਵਾਂ ਦੇ ਤਿਆਗ, ਖ਼ਾਲ ਵਿਧੀਵਾਦ ਤੋਂ ਮੁਕਤੀ ਅਤੇ ਭਵਿੱਖ ਦੀਆਂ ਇਤਿਹਾਸਕ ਸੰਭਾਵਨਾਵਾਂ ਦੇ ਅਨੁਭਵ ਵੱਲ ਰੁਚਿਤ ਹੋਣ ਦੀ ਅਕਾਂਖਿਆ ਦੀ ਲੋੜ ਹੈ। ਪੁਸਤਕ ਵਿਚ ਭਵਿੱਖ ਦੀਆਂ ਇਤਿਹਾਸਕ ਸੰਭਾਵਨਾਵਾਂ ਦੀ ਰੂਪ-ਰੇਖਾ ਦਾ ਪੈਟਰਨ ਇਕ ਤੋਂ ਜ਼ਿਆਦਾ ਥਾਵਾਂ ਉੱਤੇ ਉਘੜਿਆ ਹੈ, ਜਿਸ ਦਾ ਸੰਬੰਧ ਸ਼੍ਰੇਣੀ-ਸਮਾਜ ਦੇ ਆਰਥਿਕ-ਸਾਂਸਕ੍ਰਿਤਿਕ ਵਿਵੇਕ ਨਾਲ ਹੈ। ਡਾਕਟਰ ਰਾਹੀ ਇਸ ਵਿਵੇਕ ਦਾ ਗਲਪ-ਚਿਤਰ ਇਤਿਹਾਸਕ-ਮਾਨਵਵਾਦੀ ਪੈਂਤੜੇ ਤੋਂ ਸਿਰਜਣ ਦੀ ਦਿਸ਼ਾ ਵੱਲ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ।

ਪੰਜਾਬੀ ਨਾਵਲ ਦੀ ਵਿਹਾਰਕ ਸਮੀਖਿਆ ਦੇ ਆਧਾਰ ਉੱਤੇ ਉਸਰੀਆਂ ਧਾਰਣਾਵਾਂ ਦੀ ਸੰਕੇਤਕ ਸ਼ਬਦਾਵਲੀ ਅਤੇ ਸੰਜਮਮਈ ਪਰਿਭਾਸ਼ਕ ਸ਼ੈਲੀ ਨਵੀਨ ਵੀ ਹੈ ਅਤੇ ਕਠਿਨ ਵੀ ਜਿਸ ਕਰਕੇ ਸਾਧਾਰਣ ਪਾਠਕ ਨੂੰ ਇਸ ਪੁਸਤਕ ਦੇ ਵਿਚਾਰ-ਜਗਤ ਦਾ ਗਮਨ ਕਾਫ਼ੀ ਮੁਸ਼ਕਿਲ ਪ੍ਰਤੀਤ ਹੁੰਦਾ ਹੈ। ਪਰ ਭਾਸ਼ਾ ਅਤੇ ਸ਼ੈਲੀ ਦੀ ਕਠਿਨਤਾ ਦਾ ਬਹੁਤ ਸਾਰਾ ਸੰਬੰਧ ਵਿਚਾਰਾਂ ਦੀ ਸੂਖਮਤਾ ਅਤੇ ਨਵੀਨਤਾ ਨਾਲ ਵੀ ਹੈ। ਸੰਕਲਪਾਂ ਦੀ ਸ਼ੁਧ ਅਤੇ ਨਿਸ਼ਚਿਤ ਪਰਿਭਾਸ਼ਾ ਲਈ ਨਵੀਂ ਸ਼ਬਦਾਵਲੀ ਤੇ ਸ਼ੈਲੀ ਦੀ, ਅਕਸਰ, ਲੋੜ ਪੈਂਦੀ ਹੈ। ਜਿਵੇਂ ਜਿਵੇਂ ਪੰਜਾਬੀ ਨਾਵਲ-ਸਮੀਖਿਆ ਦਾ ਵਿਕਾਸ ਹੁੰਦਾ ਜਾਏਗਾ ਇਹ ਭਾਸ਼ਾ-ਸ਼ੈਲੀ ਵੀ ਨ-ਕੇਵਲ ਅਣਲੋੜੀਂਦੀ ਕਠਿਨਾਈ ਤੋਂ ਮੁਕਤ ਹੁੰਦੀ ਜਾਏਗੀ, ਸਗੋਂ ਪੰਜਾਬੀ ਪਾਠਕਾਂ ਦੀ ਸਮਝ ਦੇ ਘੇਰੇ ਦੀ ਵਸਤ ਵੀ ਬਣਦੀ ਜਾਏਗੀ।

[ਟੀ. ਆਰ. ਵਿਨੋਦ]

**ਰਿਸ਼ਤਿਆਂ ਦੇ ਰੰਗ** [ਇੰਦਰ ਸਿੰਘ ਖਾਮੋਸ਼]

ਆਰਥਿਕਤਾ ਦੀ ਕੰਗਾਲੀ ਨਾਲੋਂ ਸ਼ਾਇਦ ਬੌਧਿਕਤਾ ਦੀ ਕੰਗਾਲੀ ਬਹੁਤੀ ਭੈੜੀ ਹੈ। ਕਿਉਂਕਿ ਇਹੋ ਕੰਗਾਲੀ ਅਕਸਰ ਕੌਮਾਂ ਦੀ ਦੁਰਦਸ਼ਾ ਦਾ ਕਾਰਨ ਬਣਦੀ ਹੈ। ਜਦੋਂ ਤਕ ਕਿਸੇ ਕੌਮ ਜਾਂ ਜਮਾਤ ਕੋਲ ਅਪਣੀ ਮੰਦਹਾਲੀ ਤੇ ਕੰਗਾਲੀ ਦੇ ਕਾਰਨਾਂ ਨੂੰ ਸਮਝਣ ਜੋਗੀ ਸੂਝ ਨਹੀਂ ਹੁੰਦੀ ਉਦੋਂ ਤਕ ਉਹ ਇਸ ਕੰਗਾਲੀ ਨੂੰ ਦੂਰ ਕਰਨ ਲਈ ਲਾਮਬੰਦ ਨਹੀਂ ਹੋ ਸਕਦੀ। ਸੰਘਰਸ਼ ਨਹੀਂ ਕਰ ਸਕਦੀ। ਉਸ ਕੌਮ ਤੇ ਜਮਾਤ ਕੋਲ ਆਪਣੇ ਬੁਧੀ-ਜੀਵੀਆਂ ਤੇ ਲੇਖਕਾਂ ਦੀਆਂ ਕਿਰਤਾਂ ਨੂੰ ਘੋਖਣ, ਉਹਨਾਂ ਦੀ ਕੀਮਤ ਪਾਉਣ ਤੇ ਉਹਨਾਂ ਨੂੰ ਵਡਿਆਉਣ ਦੀ ਸਮਰਥਾ ਨਹੀਂ ਹੁੰਦੀ। ਮੇਰੀ ਸਮਝ ਅਨੁਸਾਰ ਸਾਡੀ ਪੰਜਾਬੀਆਂ ਦੀ ਅਜੋਕੀ ਸਥਿਤੀ ਇਹੋ ਜਿਹੀ ਹੀ ਹੈ।

ਪਿੱਛੇ ਜਿਹੇ ਇੰਦਰ ਸਿੰਘ ਖਾਮੋਸ਼ ਦਾ ਨਾਵਲ 'ਰਿਸ਼ਤਿਆਂ ਦੇ ਰੰਗ' (ਮਿੱਤਰ ਮੰਡਲ ਪ੍ਰਕਾਸ਼ਨ, ਬਰਨਾਲਾ, 1978, ਮੁੱਲ ਦਸ ਰੁਪਏ) ਛਪਿਆ ਸੀ।

ਨਾਵਲ ਅੱਜ ਦੇ ਪੰਜਾਬੀ ਸਭਿਆਚਾਰ ਤੇ ਖਾਸ ਕਰਕੇ ਟੁੱਟ ਰਹੀ ਜਾਗੀਰਦਾਰੀ ਪ੍ਰਥਾ ਦਾ ਯਥਾਰਥਕ ਚਿਤਰ ਸੀ, ਜਿਸ ਵਿਚ ਢਹਿ ਰਹੀ ਜਾਗੀਰਦਾਰੀ ਤੇ ਉਸਦੀ ਥਾਂ ਲੈ ਰਹੀ ਬੁਰਜਵਾ ਕੱਲਚਰ ਦੀ ਭਰਪੂਰ ਵਿਆਖਿਆ ਕੀਤੀ ਗਈ ਸੀ। ਇਹ ਕਲਾਮਈ ਕਿਰਤ ਜਾਗੀਰਦਾਰੀ ਦੇ ਸਭਿਆਚਾਰਕ ਪੱਖੋਂ ਸਮਾਂ ਵਿਹਾ ਚੁਕੀ ਦਰਸਾਉਣ ਵਿਚ ਬਹੁਤੀਆਂ ਰਾਜਸੀ ਕਿਰਤਾਂ ਤੋਂ ਭਾਰੀ ਹੈ। ਉਂਜ ਮੇਰੀ ਨਜ਼ਰ ਵਿਚ ਕੋਈ ਰਾਜਸੀ ਕਿਰਤ ਵੀ ਅਜਿਹੀ ਨਹੀਂ ਹੈ। ਆਸ ਸੀ ਕਿ ਇਸ ਚੇਤਨ ਕਿਰਤ ਦਾ ਪੂਰਾ ਮੁੱਲ ਪਵੇਗਾ ਤੇ ਇਸਦਾ ਥਾਂ ਥਾਂ ਸਵਾਗਤ ਕੀਤਾ ਜਾਵੇਗਾ। ਪਰੰਤੂ ਕਾਫੀ ਸਮਾਂ ਲੰਘ ਜਾਣ 'ਤੇ ਵੀ ਉਪਰੋਕਤ ਕਿਰਤ ਅਣਗੌਲੀ ਪਈ ਰਹੀ ਤਾਂ ਆਪਣੀ ਬੌਧਿਕ ਕੰਗਾਲੀ 'ਤੇ ਅਫਸੋਸ ਹੋਇਆ।

ਨਾਵਲ 'ਰਿਸ਼ਤਿਆਂ ਦੇ ਰੰਗ' ਦਾ ਨਾਇਕ ਪਵਿਤਰ ਸਿੰਘ ਜਗੀਰਦਾਰੀ ਸਮਾਜ ਵਿਚ ਜਨਮਿਆ ਵਿਅਕਤੀ ਹੈ ਜਿਹੜਾ ਸ਼ਹਿਰਾਂ ਵਿਚ ਰਹਿਕੇ ਤੇ ਨਵੀਨ ਵਿਦਿਆ ਪ੍ਰਾਪਤ ਕਰਕੇ ਅਰਧ ਜਗੀਰੂ-ਅਰਧ ਬੁਰਜਵਾ ਬਣ ਜਾਂਦਾ ਹੈ। ਉਹਦੇ ਪਿਛੋਕੜ ਵਿਚ ਜਗੀਰਦਾਰੀ ਪ੍ਰਥਾ ਦੀ ਪਰੰਪਰਾ ਤੇ ਅੱਗੇ ਬੁਰਜਵਾ ਪ੍ਰਥਾ ਹੈ। ਉਹ ਦੋਨਾਂ ਦੇ ਵਿਚਕਾਰ ਖੜਾ ਹੈ। ਨਾਇਕ ਦੀ ਮਾਂ ਤੇ ਪਿਉ ਜਗੀਰਦਾਰੀ ਸੋਚ ਤੇ ਅਮਲ ਦੇ ਧਾਰਨੀ ਹਨ। ਨਾਇਕ ਦਾ ਪਿਤਾ ਖਾਨਦਾਨੀ ਜਗੀਰਦਾਰ ਹੈ ਜਦੋਂ ਕਿ ਮਾਂ ਜਗੀਰਦਾਰੀ ਸਮਾਜ ਵਿਚੋਂ ਨਾ ਹੋ ਕੇ ਦਰਮਿਆਨ ਤਬਕੇ ਵਿਚੋਂ ਹੈ। ਪਰੰਤੂ ਉਹਨੂੰ ਜਗੀਰਦਾਰੀ ਰੰਗਤ ਅਜਿਹੀ ਚੜ੍ਹਦੀ ਹੈ ਕਿ ਉਹ ਇਸ ਪ੍ਰਥਾ ਦਾ ਥੰਮ ਬਣ ਜਾਂਦੀ ਹੈ। ਨਾਵਲ ਦੇ ਦੋ ਹੋਰ ਪਾਤਰ, ਨਾਇਕ ਦੇ ਭੈਣ ਤੇ ਭਰਾ, ਨਾਇਕ ਦੀ ਪਿਛਲੀ ਪੀਹੜੀ ਵਿਚੋਂ ਹਨ। ਉਹਨਾਂ ਉਤੇ ਜਗੀਰਦਾਰੀ ਪ੍ਰਥਾ ਦਾ ਪ੍ਰਭਾਵ ਘੱਟ ਤੇ ਬੁਰਜਵਾ ਪ੍ਰਥਾ ਦਾ ਪ੍ਰਭਾਵ ਵੱਧ ਹੈ। ਉਹ ਨਾਇਕ ਦੇ ਉਲਟ, ਜਿਹੜਾ ਦੋ ਪ੍ਰਥਾਵਾਂ ਵਿਚਕਾਰ ਦੁਚਿਤੀ ਵਿਚ ਹੈ, ਨਿਰੋਲ ਬੁਰਜਵਾ ਵਿਵਿਹਾਰ ਕਰਦੇ ਹਨ। ਜਗੀਰਦਾਰੀ ਸਮਾਜ ਵਿਚ ਰਵਾਇਤੀ ਰਿਸ਼ਤਿਆਂ ਦਾ ਸਤਿਕਾਰ ਤੇ ਖ਼ੂਨ ਦੇ ਰਿਸ਼ਤੇ ਦੀ ਉਤਮਤਾ ਦਰਸਾਈ ਜਾਂਦੀ ਹੈ। ਪਰੰਤੂ ਬੁਰਜਵਾ ਪ੍ਰਥਾ ਵਿਚ ਨੰਗੀ ਚਿੱਟੀ ਰੁਪਏ ਦੀ ਉਤਮਤਾ ਹੁੰਦੀ ਹੈ। ਇਸ ਸਾਹਮਣੇ ਰਵਾਇਤੀ ਤੇ ਖ਼ੂਨ ਦੇ ਰਿਸ਼ਤੇ ਹੇਚ ਹੋਕੇ ਰਹਿ ਜਾਂਦੇ ਹਨ।

ਅਰਧ ਜਗੀਰਦਾਰ ਸੋਚ ਦਾ ਗ੍ਰਸਿਆ ਹੋਇਆ ਨਾਇਕ ਆਪਣੇ ਆਪ ਨੂੰ ਇਸ ਸੋਚ ਤੋਂ ਮੁਕਤ ਕਰਕੇ ਬੁਰਜਵਾ ਜਾਂ ਅਰਧ-ਬੁਰਜਵਾ ਢੰਗ ਦਾ ਜੀਵਨ ਜਿਉਣਾ ਚਾਹੁੰਦਾ ਹੈ। ਉਹ ਵਿਆਹ ਨੂੰ ਨਿਜੀ ਮਸਲਾ ਸਮਝਦਾ ਤੇ ਪੈਟੀ ਬੁਰਜਵਾ ਢੰਗ ਦਾ ਮੁਕਤ ਜੀਵਨ ਜਿਉਣਾ ਲੋਚਦਾ ਹੈ। ਪਰੰਤੂ ਜਗੀਰਦਾਰੀ ਪ੍ਰਥਾ ਅਨੁਸਾਰ ਔਲਾਦ ਵੀ ਨਿਜੀ ਜਾਇਦਾਦ ਦਾ ਅੰਗ ਤੇ ਪੈਦਾਵਾਰੀ ਦਾ ਸੰਦ ਹੁੰਦੀ ਹੈ। ਔਲਾਦ ਨੂੰ ਮੁਕਤ ਜੀਵਨ ਜਿਓਣ ਦੀ ਆਗਿਆ ਦੇਣ ਦੇ ਅਰਥ ਪੈਦਾਵਾਰੀ ਦੇ ਸੰਦਾਂ ਨੂੰ ਮੁਕਤ ਕਰਨ ਦੇ ਬਰਾਬਰ ਹੁੰਦੇ ਹਨ। ਜਿਵੇਂ ਜਗੀਰਦਾਰੀ ਮੁਜਾਰੇ ਨੂੰ ਮੁਕਤ ਕਰਕੇ ਨਹੀਂ ਜਿਉਂ ਸਕਦੀ। ਇਸੇ ਤਰ੍ਹਾਂ ਔਲਾਦ ਨੂੰ ਵੀ ਮੁਕਤ ਜੀਵਨ ਜਿਉਣ ਦੀ ਆਗਿਆ ਨਹੀਂ ਦੇ ਸਕਦੀ। ਸਮੁਚੇ ਨਾਵਲ ਵਿਚ ਟਕਰਾ ਦਾ ਇਹੋ ਨੁਕਤਾ ਹੈ। ਪਰੰਤੂ ਨਾਇਕ ਇਸ ਟਕਰਾ ਬਾਰੇ ਚੇਤਨ ਨਹੀਂ ਹੈ। ਉਹ ਇਸ ਪਿੱਛੇ ਲੁਕੇ ਜਗੀਰਦਾਰੀ ਆਰਥਿਕ ਹਿਤਾਂ ਨੂੰ ਨਹੀਂ ਦੇਖਦਾ। ਉਹ ਹਾਲੇ ਵੀ 'ਖ਼ੂਨ ਦੇ

ਰਿਸ਼ਤਿਆਂ ਦੇ ਭਰਮ ਜਾਲ ਵਿਚ ਫਸਿਆ ਹੋਇਆ ਹੈ। ਦੂਜੇ ਉਹ ਆਪ ਜਗੀਰਦਾਰੀ ਪ੍ਰਥਾ ਦਾ ਇਕ ਪੁਰਜ਼ਾ ਮਾਤਰ ਹੈ। ਇਸ ਪ੍ਰਥਾ ਵਿਰੁਧ ਸੰਘਰਸ਼ ਕਰਨ ਵਾਲੀਆਂ ਇਨਕਲਾਬੀ ਜਮਾਤਾਂ (ਮੁਜ਼ਾਰਾ ਤੇ ਬੁਰਜਵਾ) ਵਿਚੋਂ ਨਹੀਂ ਹੈ। ਉਹਨੂੰ ਇਸ ਜਗੀਰਦਾਰੀ ਪ੍ਰਥਾ ਵਿਰੁਧ ਗਿਲੇ ਤਾਂ ਹਨ ਪਰ ਇਨਕਲਾਬੀ ਵਿਰੋਧ ਨਹੀਂ ਹੈ। ਜਾਂ ਜੇ ਵਿਰੋਧ ਹਨ ਤਾਂ ਐਨਟੈਗੋਨਿਸਟਿਕ ਨਹੀਂ ਹਨ। ਉਹ ਇਹਨਾਂ ਨੂੰ ਹੱਲ ਹੋ ਸਕਣ ਯੋਗ ਸਮਝਦਾ ਹੈ ਅਤੇ ਬਿਨਾਂ ਕਿਸੇ ਟਕਰਾ ਤੋਂ ਇਹਨਾਂ ਨੂੰ ਹਲ ਕਰਨ ਦਾ ਯਤਨ ਕਰਦਾ ਹੈ। ਪਰੰਤੂ ਇਹ ਟੱਕਰ ਐਨੀ ਤਿੱਖੀ ਹੋ ਜਾਂਦੀ ਹੈ ਕਿ ਪਰਿਸਥਿਤੀਆਂ ਉਹਦੇ ਬੱਸ ਵਿਚ ਨਹੀਂ ਰਹਿੰਦੀਆਂ, ਸਮੁਚਾ ਪਰਿਵਾਰ ਖੇਰੂੰ ਖੇਰੂੰ ਹੋ ਜਾਂਦਾ ਹੈ।

ਨਾਇਕ ਨੂੰ ਇਕ ਚੇਤਨ ਵਿਅਕਤੀ ਨਾ ਚਿਤਰ ਕੇ ਅਜੋਕੇ ਜਮਾਤੀ ਦਵੰਦ ਦਾ ਬਿੰਦੂ ਬਨਾਉਣਾ ਇੰਦਰ ਸਿੰਘ ਖਾਮੋਸ਼ ਦੀ ਕਲਾਕਾਰੀ ਹੈ। ਨਾਇਕ ਜਗੀਰਦਾਰੀ ਪ੍ਰਥਾ ਦਾ ਵਿਰੋਧੀ ਨਹੀਂ ਫਿਰ ਵੀ ਉਸ ਦੇ ਜਬਰ ਦਾ ਸ਼ਿਕਾਰ ਹੁੰਦਾ ਹੈ। ਉਹ ਸਾਰੇ ਰਿਸ਼ਤੇ ਕਾਇਮ ਰਖਣਾ ਚਾਹੁੰਦਾ ਹੈ ਪਰ ਸਮਾਂ ਵਿਹਾ ਚੁਕੀ ਜਗੀਰਦਾਰੀ ਪ੍ਰਥਾ ਫਿਰ ਵੀ ਉਹਨੂੰ ਮਾਫ ਨਹੀਂ ਕਰਦੀ। ਇਸ ਤਰ੍ਹਾਂ ਜਗੀਰਦਾਰੀ ਪ੍ਰਥਾ ਦਾ ਰੂਪ ਅਜਿਹੀ ਡੈਣ ਦੇ ਰੂਪ ਵਿਚ ਪੇਸ਼ ਹੁੰਦਾ ਹੈ ਜਿਹੜੀ ਆਪਣੇ ਬੱਚੇ ਵੀ ਨਹੀਂ ਛਡਦੀ।

ਨਾਇਕ ਦੀ ਭੈਣ ਤੇ ਭਰਾ ਰਾਣੋ ਤੇ ਬਾਵਾ ਨਾਇਕ ਵਾਲੇ ਮਾਨਸਿਕ ਦਵੰਦ ਤੋਂ ਮੁਕਤ ਹਨ। ਉਹ ਨਿਰੋਲ ਬੁਰਜਵਾ ਸੰਸਕਾਰਾਂ ਦੀ ਉਪਜ ਹਨ ਤੇ ਉਸੇ ਸੋਚ ਦੇ ਧਾਰਨੀ ਹਨ। ਉਹਨਾਂ ਸਾਹਮਣੇ ਨਿਰੋਲ 'ਨਿੱਜ' ਹੈ। ਉਹਨਾਂ ਦੇ ਮਨ ਵਿਚ ਰਵਾਇਤੀ ਰਿਸ਼ਤਿਆਂ ਤੇ ਫਿਊਡਲ ਪਰੰਪਰਾਵਾਂ ਬਾਰੇ ਕੋਈ ਦੁਬਿਧਾ ਨਹੀਂ ਹੈ। ਇਸੇ ਕਾਰਨ ਰਾਣੋ ਨੂੰ ਆਪਣੇ ਵੱਡੇ ਭਰਾ ਨਾਇਕ ਦਾ ਕੋਈ ਡਰ ਨਹੀਂ। ਉਹ ਜਗੀਰਦਾਰੀ ਪ੍ਰਥਾ ਦੇ ਉਲਟ ਕਾਲਿਜ ਵਿਚ ਪੜ੍ਹਨ ਸਮੇਂ ਇਸ਼ਕ ਫਰਮਾਉਂਦੀ ਹੈ। ਉਹ ਵੀ ਇਕ ਨਾਲ ਨਹੀਂ ਬਲਕਿ ਇਕੋ ਸਮੇਂ ਕਈਆਂ ਨਾਲ। ਇਕ ਨਾਲ ਬੱਝਣਾ ਜਗੀਰਦਾਰੀ ਸੋਚ ਹੈ। ਬਹੁਤਿਆਂ ਨਾਲ ਸੰਬੰਧ ਰਖਣੇ ਜਗੀਰਦਾਰੀ ਸੋਚ ਅਨੁਸਾਰ ਵਿਭਚਾਰ ਹੈ। ਪਰ ਸਰਮਾਏਦਾਰੀ ਪ੍ਰਥਾ ਵਿਚ ਇਸ ਦੀ ਖੁੱਲ੍ਹ ਹੈ। ਪਰੰਤੂ ਜਗੀਰਦਾਰੀ ਪ੍ਰਥਾ ਸਰਮਾਏਦਾਰ ਪ੍ਰਥਾ ਮੁਹਰੇ ਆਪਣੇ ਆਪ ਨੂੰ ਨਿਤਾਣੀ ਸਮਝਦੀ ਹੈ ਜਦੋਂ ਮਾਂ ਬਾਪ ਅਪਣੀ ਧੀ ਨੂੰ ਮਾਰਨ ਦੀ ਥਾਂ ਉਹਦਾ ਪੱਖ ਪੂਰਦੇ ਹਨ। ਜਗੀਰਦਾਰੀ ਵਿਚ ਵਿਭਚਾਰ ਦੀ ਸਜ਼ਾ ਮੌਤ ਰਹੀ ਹੈ, ਮਾਂ ਹੋਵੇ, ਧੀ ਹੋਵੇ ਜਾਂ ਪਤਨੀ ਇਸ ਵਿਚ ਕੋਈ ਫਰਕ ਨਹੀਂ ਪੈਂਦਾ।

ਨਾਵਲ "ਰਿਸ਼ਤਿਆਂ ਦੇ ਰੰਗ" ਇਕ ਜਗੀਰਦਾਰੀ ਵਿਰੋਧੀ ਚੇਤਨ ਲਿਖਤ ਹੈ। ਕੋਈ ਗੱਲ ਨਹੀਂ ਕਿ ਅੱਜ ਇਸਦਾ ਮੁੱਲ ਨਹੀਂ ਪਿਆ। ਪਰ ਕਦੇ ਤਾਂ ਜਮਾਤ ਜਾਗੇਗੀ। ਉਸ ਸਮੇਂ ਇਤਿਹਾਸ ਦੇ ਅਹਿਮ ਮੋੜ ਨੂੰ ਬਿਆਨ ਕਰਨ ਬਦਲੇ ਖ਼ਾਮੋਸ਼ ਦੀ ਕਿਰਤ ਦਾ ਮੁੱਲ ਪਾਵੇਗੀ। ਖ਼ਾਮੋਸ਼ ਬੇਸ਼ਕ ਆਪ ਕੋਈ ਚੇਤਨ ਕਲਾਕਾਰ ਨਹੀਂ ਹੈ। ਪਰ ਉਹਨੇ ਸਮਕਾਲੀ ਯਥਾਰਥ ਨੂੰ ਪੂਰੀ ਈਮਾਨਦਾਰੀ ਨਾਲ ਇਕ ਟੱਬਰ ਦੇ ਪਿਛੋਕੜ ਵਿਚ ਚਿਤਰਿਆ ਹੈ। ਇਸੇ ਲਈ, ਪ੍ਰਸ਼ੰਸਾ ਦਾ ਹਕਦਾਰ ਹੈ। ਕਦੇ ਰੂਸ ਵਿਚ ਤੁਰਗਨੇਵ ਨੇ ਵੀ ਇਸੇ ਤਰ੍ਹਾਂ ਕਲਾਕਾਰ ਦੀ ਈਮਾਨਦਾਰੀ ਦਾ ਸਬੂਤ ਦਿੰਦਿਆਂ 'ਸ਼ਿਕਾਰੀ ਦੇ ਸ਼ਬਦ ਚਿੱਤਰ' ਲਿਖਕੇ

ਜਗੀਰਦਾਰੀ ਲੁੱਟ ਨੂੰ ਨੰਗਾ ਕੀਤਾ ਸੀ। ਭਾਵੇਂ ਆਪ ਉਹ ਜਗੀਰਦਾਰੀ ਪ੍ਰਥਾ ਦੇ ਵਿਰੁਧ ਨਹੀਂ ਸੀ।

[ਗੁਰਤੇਜ ਸਿੰਘ ਭੁੱਲਰ]

## ਕੱਚ ਦੇ ਟੁਕੜੇ, ਦੇਖ ਕਬੀਰਾ ਹੱਸਿਆ

'ਹਾਸ-ਵਿਅੰਗ' ਦੀਆਂ ਦੋ ਕਿਤਾਬਾਂ ਕ੍ਰਮਵਾਰ ਕਨ੍ਹਈਆ ਲਾਲ ਕਪੂਰ ਅਤੇ ਗੁਰਨਾਮ ਸਿੰਘ ਤੀਰ ਦੀ ਭੂਮਿਕਾ ਅਧੀਨ ਪ੍ਰਕਾਸ਼ਿਤ ਹੋਈਆਂ ਹਨ; ਪਹਿਲੀ ਕਿਤਾਬ ਹੈ ਮੋਗੇ ਤੋਂ ਕੇ. ਐਲ. ਗਰਗ ਦੀ 'ਦੇਖ ਕਬੀਰਾ ਹੱਸਿਆ' [ਅਜੰਤਾ ਪ੍ਰਕਾਸ਼ਨ, ਅੰਮ੍ਰਿਤਸਰ, ਪੰਨੇ 124, ਕੀਮਤ : ਦਸ ਰੁਪਏ] ਅਤੇ ਦੂਜੀ ਹੈ 'ਕੱਚ ਦੇ ਟੁਕੜੇ' [ਲੇਖਕ : ਨਿਰੰਜਨ ਸ਼ਰਮ ਸੇਖਾ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ : ਪੰਨੇ 88, ਕੀਮਤ : ਸੱਤ ਰੁਪਏ]। ਮੈਂ ਸਮਝਦਾ ਹਾਂ ਕਿ ਇਨ੍ਹਾਂ ਕਿਤਾਬਾਂ ਦੇ ਬਹਾਨੇ ਪੰਜਾਬੀ ਸਾਹਿਤ ਵਿਚ ਹਾਸ-ਵਿਅੰਗ ਦੀ ਸਥਿਤੀ 'ਤੇ ਗੱਲ ਕੀਤੀ ਜਾ ਸਕਦੀ ਹੈ। ਇਸ ਤੱਥ ਤੋਂ ਕੋਈ ਮੁਨਕਰ ਨਹੀਂ ਕਿ ਸਾਡੇ ਕੋਲ 'ਹਾਸ' ਕਾਫੀ ਹੈ ; ਗਵਾਹੀਆਂ ਵਜੋਂ ਉਪਰਲੇ ਦੋ ਭੂਮਕੱਈਆਂ ਤੋਂ ਇਲਾਵਾ ਪਿਆਰਾ ਸਿੰਘ ਦਾਤਾ, ਸੂਬਾ ਸਿੰਘ, ਅਨੰਤ ਸਿੰਘ ਕਾਬਲੀ, ਗੁਰਦੇਵ ਸਿੰਘ ਮਾਨ ਵਗੈਰਾ ਦੇ ਨਾਂ ਪੇਸ਼ ਕੀਤੇ ਜਾ ਸਕਦੇ ਹਨ। ਸੁਰਗਵਾਸੀਆਂ ਵਿਚੋਂ ਚਰਨ ਸਿੰਘ ਸ਼ਹੀਦ ਤੇ ਈਸ਼ਰ ਸਿੰਘ ਭਾਈਆਂ ਵੀ ਇਹੋ ਕੁਝ ਕਰਦੇ ਰਹੇ ਪਰ 'ਵਿਅੰਗ' ਦੇ ਦਰਸ਼ਨ ਘੱਟ ਵੱਧ ਹੀ ਹੁੰਦੇ ਹਨ। ਪਤਾ ਨਹੀਂ ਵਿਅੰਗ ਸਾਡੇ ਸੁਭਾਅ ਦੇ ਅਨੁਕੂਲ ਨਹੀਂ ਜਾਂ ਫਿਰ ਬਾਰੀਕੀ ਤੇ ਡੂੰਘਾਈ ਵਿਚ ਜਾਣ ਦੀ ਸਾਡੇ ਲੇਖਕਾਂ ਨੂੰ ਵਿਹਲ ਹੀ ਨਹੀਂ ਮਿਲਦੀ! ਮੋਟੀ ਠੁੱਲ੍ਹੀ ਗੱਲ ਕਰਕੇ ਜਾਂ ਮੁਹਾਵਰੇ ਵਿਗਾੜ ਕੇ ਸਾਡੇ ਲੇਖਕ ਸਾਧਾਰਨ ਪਾਠਕ ਨੂੰ ਹਸਾ ਤਾਂ ਸਕਦੇ ਹਨ ਪਰ ਸੂਖਮ ਤੇ ਤੀਖਣ ਵਿਅੰਗ ਰਚ ਕੇ ਬੰਦੇ ਨੂੰ ਸੋਚਣ ਲਈ ਮਜਬੂਰ ਨਹੀਂ ਕਰਦੇ।

ਇਹ ਦੋਵੇਂ ਕਿਤਾਬਾਂ ਪੜ੍ਹ ਕੇ ਇਨ੍ਹਾਂ ਬਾਰੇ ਲਿਖਣ ਦਾ ਖ਼ਿਆਲ ਜਦੋਂ ਮਨ ਵਿਚ ਆਇਆ ਤਾਂ ਇਕ ਹੋਰ ਖ਼ਿਆਲ ਵੀ ਉਸਦਾ ਪਿੱਛਾ ਕਰ ਰਿਹਾ ਸੀ। ਖ਼ੁਦ ਵਿਅੰਗ ਦੇ ਖੇਤਰ ਨਾਲ ਸੰਬੰਧਿਤ ਹੋਣ ਕਰਕੇ ਇਹ ਸ਼ੰਕਾ ਜਿਹੀ ਪੈਦਾ ਹੋ ਗਈ ਕਿ ਕਿਤੇ ਮੇਰੀਆਂ ਟਿੱਪਣੀਆਂ ਨੂੰ ਈਰਖਾ ਦੀ ਉਪਜ ਨਾ ਸਮਝ ਲਿਆ ਜਾਵੇ। ਪਹਿਲਾਂ ਤਾਂ ਰੀਵੀਊ ਦਾ ਇਰਾਦਾ ਤਰਕ ਕਰ ਦਿੱਤਾ ਪਰ ਫੇਰ ਇਸ ਤਰਕ ਨੇ ਸਾਥ ਦਿੱਤਾ ਕਿ ਪ੍ਰਤਿਕ੍ਰਮ ਦੀ ਸੰਭਾਵਨਾ ਤੋਂ ਵਿਚਲਿਤ ਹੋ ਕੇ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਗੱਲ ਹੋਣੀ ਚਾਹੀਦੀ ਹੈ। ਚਰਚਾ ਛਿੜਨੀ ਚਾਹੀਦੀ ਹੈ। ਹਾਸ-ਵਿਅੰਗ ਬਾਰੇ ਸਾਡੇ ਲੋਕਾਂ ਨੇ ਕਦੇ ਗੰਭੀਰ ਗੱਲ ਘੱਟ ਹੀ ਕੀਤੀ ਹੈ।

ਵਿਅੰਗ-ਰਚਨਾ ਸਾਹਿਤ ਵਿਚ ਸਭ ਤੋਂ ਕਠਿਨ ਕਰਮ ਹੈ। ਅਤਿ ਮਹਿੰਗਾ ਤੇ ਖਤਰਨਾਕ ਸ਼ੌਕ ਹੈ। ਇਹ ਸਿਰਫ ਮਨੋਰੰਜਨ ਦੀ ਵਸਤ ਨਹੀਂ। ਨਾ ਇਹ ਸਰਕਸ ਹੈ ਨਾ ਹੱਥ ਦੀ ਸਫ਼ਾਈ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਨੂੰ ਸਮਰੱਥ ਕਲਮਾਂ ਨਸੀਬ ਨਹੀਂ ਹੋਈਆਂ। ਅਭਿਧਾ ਤੇ ਲੱਖਣਾ ਤੋਂ ਉੱਪਰ ਇਕ ਭਾਸ਼ਾ ਸ਼ਕਤੀ ਦਾ ਨਾਂ ਹੈ : ਵਿਅੰਜਨਾ। ਵਿਅੰਜਨਾ ਦਾ ਆਧਾਰ ਵਿਅੰਗ ਹੈ। ਕੋਈ ਵੀ ਉੱਤਮ ਰਚਨਾ ਜਿਵੇਂ ਕਲਪਨਾ ਤੋਂ ਬਿਨਾਂ

ਸੰਭਵ ਨਹੀਂ, ਬਿਲਕੁਲ ਏਸੇ ਤਰ੍ਹਾਂ ਕੋਈ ਵੀ ਮਹਾਨ ਰਚਨਾ ਵਿਅੰਗ-ਵਿਹੀਨ ਨਹੀਂ ਹੁੰਦੀ। ਵਿਅੰਗ ਦੀ ਪੁੱਠ ਨਾਲ ਲਿਖਤ ਤੇਜ਼-ਧਾਰ ਬਣਦੀ ਹੈ। ਜ਼ਾਹਿਰ ਹੈ ਕਿ ਵਿਅੰਗ ਹਥਿਆਰ ਨਹੀਂ ਸਗੋਂ ਹਥਿਆਰ ਨੂੰ ਤੇਜ਼ ਕਰਨ ਵਾਲੀ ਸਾਣ ਹੈ। ਜਿਵੇਂ ਵਿਅੰਗ-ਸੋਝੀ ਤੋਂ ਕੋਰਾ ਮਨੁੱਖ ਹਾਸੋਹੀਣਾ ਹੁੰਦਾ ਹੈ, ਉਵੇਂ ਹੀ ਵਿਅੰਗ ਦੇ ਮਹੱਤਵ ਤੋਂ ਕੋਰੀ ਕਲਮ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਹੁੰਦੀ।

ਚਲੋ, ਮੌਜੂਦਾ ਹਾਲਾਤ ਵਿਚ ਵਿਅੰਗ ਦੀ ਚਰਚਾ ਏਥੇ ਹੀ ਛੱਡ ਦਿੰਦੇ ਹਾਂ। ਸਾਡਾ 'ਹਾਸ ਸਾਹਿਤ' ਵੀ ਤਾਂ ਪੱਤਰਕਾਰੀ ਦੇ ਪੱਧਰ ਤੋਂ ਉੱਪਰ ਨਹੀਂ ਉਠ ਸਕਿਆ। ਰੋਜ਼ਾਨਾ ਅਖ਼ਬਾਰ ਵਾਲੇ ਹਾਸ-ਰਸੀ ਕਿਰਤਾਂ ਹੱਸ ਕੇ ਛਾਪਦੇ ਹਨ। ਰੇਡੀਓ-ਟੀ. ਵੀ. ਤੋਂ ਵੀ ਸਰੋਤੇ ਦਰਸ਼ਕ ਹਲਕੇ ਫੁਲਕੇ ਪ੍ਰੋਗਰਾਮਾਂ ਦੀ ਮੰਗ ਕਰਦੇ ਹਨ। ਹਰ ਮਾਧਿਅਮ ਦੀ ਆਪਣੀ ਮਜਬੂਰੀ ਹੁੰਦੀ ਹੈ ਪਰ ਜਦੋਂ ਕੋਈ ਸੰਗ੍ਰਹਿ ਕਿਤਾਬੀ ਰੂਪ ਵਿਚ ਛਪਦਾ ਹੈ, ਉਸ ਵੇਲੇ ਲੇਖਕ ਦੀ ਕੋਈ ਮਜਬੂਰੀ ਨਹੀਂ ਹੁੰਦੀ। ਮਾਧਿਅਮਾਂ ਦੀ ਮਜਬੂਰੀ ਵੱਸ ਲਿਖੇ ਗਏ ਅੱਖਰਾਂ ਨੂੰ ਹੂ-ਬ-ਹੂ ਕਿਤਾਬ ਵਿਚ ਛਾਪ ਦੇਣਾ ਲੇਖਕ ਦੀ ਲਾ-ਪਰਵਾਹੀ ਹੈ। ਕਿਤਾਬ ਦਸਤਾਵੇਜ਼ ਹੁੰਦੀ ਹੈ। ਇਸ ਦਾ ਸੰਬੰਧ ਪੀੜ੍ਹੀਆਂ ਨਾਲ ਹੁੰਦਾ ਹੈ। ਇਸ ਲਈ ਰਸੂਖ਼ ਦਾ ਫ਼ਾਇਦਾ ਉਠਾ ਕੇ ਜਾਂ ਪੈਸੇ ਦੇ ਜ਼ੋਰ ਨਾਲ ਕੂੜਾ-ਕਰਕਟ ਪ੍ਰਕਾਸ਼ਿਤ ਕਰਨਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਸੰਭਾਵਨਾਵਾਂ ਹੰਢਾ ਚੁਕੇ ਲੇਖਕ ਜੇਕਰ ਆਪਣੀ ਲੀਕ ਨਾ ਟੱਪ ਸਕਦੇ ਹੋਣ ਤਾਂ ਗੱਲ ਸਮਝ ਆਉਂਦੀ ਹੈ ਪਰ ਨਵੀਆਂ ਕਲਮਾਂ ਦਾ ਦੀਵਾਲੀਆਪਨ ਨਾਕਾਬਲੇ-ਮੁਆਫ਼ੀ ਹੈ।

ਕੇ. ਐਲ. ਗਰਗ ਕਹਾਣੀ ਦੇ ਖੇਤਰ ਵਿਚ ਜਾਣਿਆ ਪਛਾਣਿਆ ਨਾਂ ਹੈ। 'ਦੇਖ ਕਬੀਰਾ ਹੱਸਿਆ' ਉਸਦੀ ਪਹਿਲੀ ਹਾਸ-ਵਿਅੰਗ ਪੁਸਤਕ ਹੈ। ਨੌਜਵਾਨ ਲੇਖਕ ਤੋਂ ਪਾਠਕ ਬਹੁਤ ਕੁਝ ਮੰਗਦਾ ਹੈ ਪਰ ਲੇਖਕ ਰਵਾਇਤੀ ਲੀਹ ਉਤੇ ਹੀ ਚੱਲਣ ਵਿਚ ਆਨੰਦ ਭਾਲਦਾ ਹੈ। ਕਦੇ ਕਦੇ ਜਦੋਂ ਉਹ ਲੀਹੋਂ ਲਹਿੰਦਾ ਹੈ ਤਾਂ ਚੰਗੀ ਗੱਲ ਕਹਿੰਦਾ ਹੈ। ਜੇ ਕਿਧਰੇ ਇਹ ਲੇਖਕ, ਸੁਰਸੱਤੀ ਦੀ ਕਿਰਪਾ ਨਾਲ, ਪੂਰੀ ਤਰ੍ਹਾਂ ਲੀਹੋਂ ਲਹਿ ਜਾਏ ਤਾਂ ਸਾਡੇ ਸਾਹਿਤ ਨੂੰ ਮਾਣ ਕਰਨ ਯੋਗ ਕਿਰਤਾਂ ਮਿਲ ਸਕਦੀਆਂ ਹਨ। ਇਸ ਕਿਤਾਬ ਵਿਚ ਤਾਂ ਉਹ ਕੁਝ ਇਕ ਫਾਰਮੂਲੇ ਘੜ ਕੇ, ਉਨ੍ਹਾਂ ਅਨੁਸਾਰ ਫ਼ਿਕਰੇ ਜੋੜਨ ਦੇ ਯਤਨ ਵਿਚ ਹੈ, ਇਸੇ ਲਈ ਉਸਦੀ ਕੋਈ ਸ਼ੈਲੀ ਨਹੀਂ ਬਣ ਸਕੀ। ਉਹ ਮਸ਼ਕ ਕਰ ਰਿਹਾ ਹੈ, ਪਰ ਮਸ਼ਕ ਦੀ ਨੁਮਾਇਸ਼ ਨਹੀਂ ਸੀ ਹੋਣੀ ਚਾਹੀਦੀ।

ਮਾਸਟਰ ਚਾਂਦੀ ਰਾਮ, ਤਾਊ ਰੰਗੀ ਰਾਮ ਵਰਗੇ ਹਾਸੋ-ਹੀਣੇ ਪਾਤਰਾਂ ਰਾਹੀਂ ਲੇਖਕ ਹਸਾਉਣ ਦਾ ਯਤਨ ਕਰਦਾ ਹੈ। ਉਸ ਦੀ ਛੇੜ-ਛਾੜ ਦੇ ਸ਼ਿਕਾਰ ਜ਼ਿਆਦਾਤਰ ਲੇਖਕ ਹਨ ਜਾਂ ਮਾਸਟਰ। ਇਹ ਸ਼ਾਇਦ ਇਸ ਲਈ ਹੋਇਆ ਕਿ ਗਰਗ ਲੇਖਕ ਵੀ ਹੈ ਤੇ ਮਾਸਟਰ ਵੀ। ਆਪਣੇ ਵਰਗ ਦੇ ਲੋਕਾਂ ਦੀਆਂ ਕਮਜ਼ੋਰੀਆਂ ਜਾਂ ਅੰਤਰ-ਵਿਰੋਧਤਾਵਾਂ ਨੂੰ ਉਹ ਭਲੀ ਭਾਂਤ ਜਾਣਦਾ ਹੈ। ਉਹ ਆਪਣੇ ਅਨੁਭਵ 'ਚੋਂ ਲਿਖਦਾ ਹੈ। ਅਨੁਭਵ ਬੇਸ਼ਕ ਡੂੰਘਾ ਹੋਵੇ ਪਰ ਬਿਆਨ ਸਤਹੀ ਰਹਿੰਦਾ ਹੈ। ਗੱਲ ਲਮਕ ਜਾਂਦੀ ਹੈ। ਹਾਸਾ ਆਉਂਦਾ ਹੈ ਪਰ ਵਕਤੀ ਜਿਹਾ। ਇਹ ਵੀ ਹੋ ਸਕਦਾ ਹੈ ਕਿ ਗਰਗ ਪੰਜਾਬੀ ਪਾਠਕਾਂ ਦੀ ਬਹੁਗਿਣਤੀ ਨੂੰ

ਸਾਹਮਣੇ ਰੱਖ ਕੇ ਲਿਖ ਰਿਹਾ ਹੋਵੇ ਪਰ ਪਾਠਕਾਂ ਦੇ ਸੁਹਜ-ਸਵਾਦ ਨੂੰ ਯਥਾ-ਸਥਿਤੀ ਵਿਚ ਰੱਖਣਾ ਤਾਂ ਲੇਖਕ ਦਾ ਧਰਮ ਨਹੀਂ ਹੁੰਦਾ। ਸਾਨੂੰ ਭੁਲੇਖਾ ਹੁੰਦਾ ਹੈ ਕਿ ਲੋਕ ਸਾਡੀ ਗੱਲ ਨਹੀਂ ਸਮਝਣਗੇ ਪਰ ਇਹ ਗੱਲ ਯਕੀਨ ਦੀ ਹੱਦ ਤਕ ਮਹਿਸੂਸ ਕੀਤੀ ਜਾ ਸਕਦੀ ਹੈ ਕਿ ਜੇਕਰ ਲੇਖਕ ਫੌਰੀ ਸ਼ੁਹਰਤ ਪ੍ਰਤਿ ਚੇਤੰਨ ਨਾ ਹੋਵੇ ਤਾਂ ਚੰਗੇ ਸੁਹਜ ਸਵਾਦ ਵਾਲੇ ਪਾਠਕਾਂ ਦੀ ਕਮੀ ਨਹੀਂ। ਅਸੀਂ ਆਪਣੀ ਅਕਲ ਨੂੰ ਲੋਕਾਂ ਨਾਲੋਂ ਵੱਡੀ ਸਮਝ ਕੇ ਕਲਮ ਨਾਲ ਧਰੋਹ ਕਮਾਉਂਦੇ ਹਾਂ। ਅਸੀਂ ਸਹਿਜ ਨਹੀਂ ਰਹਿੰਦੇ, 'ਬਣਨ' ਦੀ ਕੋਸ਼ਿਸ਼ ਕਰਦੇ ਹਾਂ। ਕਾਸ਼! ਸਾਡੀ ਇਹ ਗ਼ਲਤ ਫਹਿਮੀ ਛੇਤੀ ਦੂਰ ਹੋ ਜਾਏ।

ਮੇਰੀ ਧਾਰਨਾ ਹੈ ਕਿ ਚੋਟ ਕਰਨ ਵਾਲੇ ਵਿਚ ਚੋਟ ਸਹਿਣ ਦਾ ਸਬਰ ਵੀ ਹੋਣਾ ਚਾਹੀਦਾ ਹੈ। ਮੇਰੇ ਫਿਕਰਿਆਂ 'ਚੋਂ ਤਲਖ਼ੀ ਨਜ਼ਰ ਆ ਸਕਦੀ ਹੈ ਪਰ ਸ਼ਾਇਦ ਪਹਿਲੀ ਨਜ਼ਰੇ ਇਸ ਤਲਖ਼ੀ ਪਿੱਛੇ ਕੰਮ ਕਰਦੀ ਸਦ-ਭਾਵਨਾ ਨਜ਼ਰ ਨਾ ਆਏ। ਇਹ ਦ੍ਰਿਸ਼ਟੀ-ਦੋਸ਼ ਅੱਜ ਕਲ੍ਹ ਆਮ ਹੈ ਪਰ ਵਿਚਾਰਨ ਗੋਚਰੀ ਗੱਲ ਇਹ ਵੀ ਤਾਂ ਹੈ ਕਿ ਜਿਹੜਾ ਲੇਖਕ ਵਿਅਕਤੀਆਂ ਤੇ ਸਥਿਤੀਆਂ ਦਾ ਮੌਜੂ ਉਡਾਉਂਦਾ ਹੈ, ਉਸਦਾ ਮਨੋਰਥ ਕਿਤੇ 'ਮੌਜੂ' ਤੱਕ ਹੀ ਤਾਂ ਮਹਿਦੂਦ ਨਹੀਂ? ਹਾਸਾ ਸਿਰਫ ਹੱਸਣ ਲਈ ਹੀ ਨਹੀਂ ਹੁੰਦਾ, ਇਸ ਦਾ ਆਧਾਰ ਸਿਹਤਮੰਦ ਕਦਰਾਂ ਕੀਮਤਾਂ ਵੀ ਹੋਣੀਆਂ ਚਾਹੀਦੀਆਂ ਹਨ। ਕਿਤਾਬ ਵਿਚ ਸਿਰਫ਼ ਇਕ ਲੇਖ ਹੈ 'ਪੰਛੀ ਸਾਹਿਬ' ਜਿਹੜਾ ਇਸ ਕਸਵਟੀ 'ਤੇ ਪੂਰਾ ਉਤਰਦਾ ਹੈ (ਥੋੜੀ ਜਿਹੀ ਭਰਤੀ ਨੂੰ ਮਨਫ਼ੀ ਕਰਕੇ) ;—ਇਕ ਨਵਾਂ ਕਵੀ ਦੂਜੇ ਸਥਾਪਿਤ ਕਵੀ ਦੀ ਛਾਂ ਵਿਚ ਪਰਵਰਿਸ਼ ਪਾ ਰਿਹਾ ਹੈ, ਜਿਸ ਕਰਕੇ ਉਹ ਆਪਣੀ ਵਖਰੀ ਹੋਂਦ ਕਾਇਮ ਨਹੀਂ ਕਰ ਸਕਦਾ ਸਗੋਂ ਉਸਦਾ ਪਰਛਾਵਾਂ ਬਣ ਕੇ ਰਹਿ ਜਾਂਦਾ ਹੈ। ਜਾਂ ਫਿਰ 'ਸਾਹਿਤ ਸਭਾ ਦੀ ਮੀਟਿੰਗ' ਵਿਚ ਕੁਛ ਕੰਮ ਦੀ ਗੱਲ ਕਹੀ ਗਈ ਹੈ।

ਇਸ ਆਲੋਚਨਾ ਤੋਂ ਮੇਰਾ ਇਹ ਭਾਵ ਬਿਲਕੁਲ ਨਹੀਂ ਕਿ ਕਿਤਾਬ ਨਖਿੱਧ ਹੈ ਤੇ ਬਿਲਕੁਲ ਹੀ ਪੜ੍ਹਨ ਯੋਗ ਨਹੀਂ। ਸਗੋਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕਿਤਾਬ ਦਿਲਚਸਪ ਹੈ, ਪਾਠਕ ਪਸੰਦ ਵੀ ਕਰਨਗੇ। ਹੋ ਸਕਦਾ ਹੈ ਲੋਕ-ਪ੍ਰਿਯ ਵੀ ਹੋ ਜਾਏ, ਪਰ ਮੇਰਾ ਦੁਖਾਂਤ ਹੈ ਕਿ ਮੈਂ ਗਰਗ ਵਰਗੇ ਸੰਭਾਵਨਾ-ਭਰਪੂਰ ਲੇਖਕ ਕੋਲੋਂ ਇਸ ਤੋਂ ਕਿਤੇ ਵਧ ਚੰਗੇ ਸੰਗ੍ਰਹਿ ਦੀ ਉਮੀਦ ਰੱਖਦਾ ਹਾਂ। ਮੈਂ ਸਮਝਦਾ ਹਾਂ ਕਿ ਹਾਸ-ਵਿਅੰਗ ਦੇ ਬਿਲ-ਕੁਲ ਖਾਲੀ ਪਏ ਖੇਤਰ ਦੀ ਦੁਰ-ਵਰਤੋਂ ਨਾ ਕੀਤੀ ਜਾਏ, ਹਾਸੇ ਦੇ ਨਾਂ 'ਤੇ ਪਾਠਕਾਂ ਨਾਲ ਨਾਲ ਮਜ਼ਾਕ ਨਾ ਕੀਤਾ ਜਾਏ। ਗਰਗ ਵਰਗਾ ਪੜ੍ਹਿਆ-ਲਿਖਿਆ ਲਿਖਾਰੀ ਜ਼ਰੂਰ ਮੇਰੀ ਇਸ ਨੁਕਤਾਚੀਨੀ ਨੂੰ ਉਸਾਰੂ ਨਜ਼ਰੀਏ ਤੋਂ ਲਏਗਾ।

'ਕੱਚ ਦੇ ਟੁਕੜੇ' ਸੰਗ੍ਰਹਿ ਦਾ ਲੇਖਕ ਕਿਤਾਬ ਤੇ ਛਪੀ ਸੂਚਨਾ ਅਨੁਸਾਰ, ਤਿੰਨ ਲੜਕੀਆਂ, ਦੋ ਕਾਕਿਆਂ ਤੇ ਦੋ ਪੁਸਤਕਾਂ ਦਾ ਪਿਤਾ ਹੈ ਅਤੇ ਅੱਧੀ ਸਦੀ ਉਮਰ ਭੋਗ ਚੁਕਾ ਪ੍ਰੋੜ੍ਹ ਵਿਅਕਤੀ ਹੈ। ਇਸ ਲਈ ਸਮੱਸਿਆ ਬਹੁਤੀ ਗੰਭੀਰ ਨਹੀਂ। ਜਾਪਦਾ ਹੈ ਕਿ ਆਪਣੀ ਮੈਡੀਕਲ ਪ੍ਰੈਕਟਿਸ ਦੇ ਨਾਲ ਨਾਲ ਲੇਖਕ ਹਾਸੇ ਵਾਲਾ ਸ਼ੁਗਲ ਵੀ ਪਾਲ ਰਿਹਾ ਹੈ। ਹੱਸਣਾ ਸਿਹਤ ਲਈ ਚੰਗਾ ਹੁੰਦਾ ਹੈ। ਸਿਹਤ ਦਾ ਖ਼ਿਆਲ ਜੇਕਰ ਡਾਕਟਰੀ ਕਿੱਤੇ ਵਾਲੇ ਲੋਕ ਵੀ ਨਾ ਰੱਖਣ ਤਾਂ ਹੋਰ ਕੌਣ ਰੱਖੇ। ਮੈਂ ਲੇਖਕ ਦੀ ਬਜ਼ੁਰਗੀ ਨੂੰ ਸਾਹਮਣੇ

ਰੱਖ ਕੇ ਪੂਰੇ ਆਦਰ ਨਾਲ ਪੰਜਾਬੀ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਪੁਰਜ਼ੋਰ ਸਿਫਾਰਿਸ਼ ਕਰਦਾ ਹਾਂ ਅਤੇ ਨਾਲ ਹੀ ਇਹ ਬੇਨਤੀ ਵੀ ਕਰਦਾ ਹਾਂ ਕਿ ਕਿਤਾਬ ਪੜ੍ਹਨ ਤੋਂ ਬਾਦ ਉਦਾਸ ਜਾਂ ਨਿਰਾਸ਼ ਨਾ ਹੋਣ। ਉਦਾਸੀ ਜਾਂ ਨਿਰਾਸ਼ਾ ਸਿਹਤ ਲਈ ਘਾਤਕ ਹੁੰਦੀ ਹੈ। ਪੂੰਜੀਵਾਦੀ ਦੇ ਸੰਕਲਪ ਤੱਕ ਪੁੱਜਣ ਤੋਂ ਪਹਿਲਾਂ ਉਨ੍ਹਾਂ ਨੂੰ ਅਜੇ ਹੋਰ ਬਹੁਤ ਕੁਝ ਕੌੜਾ-ਕਸੈਲਾ ਨਿਗਲਣਾ ਪਵੇਗਾ, ਇਸ ਲਈ ਕਾਹਲੇ ਪੈਣ ਦੀ ਲੋੜ ਨਹੀਂ; ਅਗਲੇ ਦੀ ਸਮਰੱਥਾ-ਰੇਖਾ ਵੀ ਤਾਂ ਵੇਖਣੀ ਪੈਂਦੀ ਹੈ।

[ਭੂਸ਼ਨ]

## ਵਿਚਿਤ੍ਰਾ [ਨਿਰਮਲ ਅਰਪਨ]

'ਵਿਚਿਤ੍ਰਾ' (ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1979, ਪੰਨੇ 88, ਮੁੱਲ ਦਸ ਰੁਪਏ) ਨਿਰਮਲ ਅਰਪਨ ਦੀ ਸੱਜਰੀ ਗਲਪ ਰਚਨਾ ਹੈ ਜਿਸ ਨੂੰ ਉਹ ਨਾਵਲ ਆਖਦਾ ਹੈ। ਅਸਲ ਵਿਚ ਇਹ ਇਕ ਲੰਮੀ ਕਹਾਣੀ ਹੈ ਜਿਸ ਨੂੰ ਉਸ ਨੇ ਤਿੰਨ ਭਾਗਾਂ 'ਸਵੇਰ ਸਾਰ', 'ਸਿਖਰ ਦੁਪਹਿਰ' ਤੇ 'ਸ਼ਾਮ' ਵਿਚ ਵੰਡਿਆ ਹੈ। ਕਹਾਣੀ ਬਹੁਤ ਸਾਧਾਰਨ ਹੈ! ਪਾਲਨੀ ਨਦੀ ਕੰਢੇ ਸੋਨ ਪੱਟੀ ਨਾਂ ਦਾ ਇਕ ਪਿੰਡ ਹੈ ਜਿਸ ਦੀ ਬਹੁਗਿਣਤੀ ਮਾਂਝੀਆਂ ਦੀ ਹੈ। ਇਹ ਮਾਂਝੀ "ਘੋਰ ਕਾਲੇ" ਰੰਗ, ਪੀਲੀਆਂ ਅੱਖਾਂ, ਥੁੜ ਦੇ ਮਾਰੇ, ਅੱਧ ਨੰਗੇ, ਅੱਧ ਭੁੱਖੇ ਲੋਕ ਹਨ। ਪਿੰਡ ਵਿਚ ਮੁਖੀਏ ਦਾ ਰਾਜ ਹੈ। ਉਹ ਪਿੰਡ ਦੀ ਸਭ ਤੋਂ ਸੁਹਣੀ ਕੁੜੀ ਦੁਰਗਾ ਨੂੰ ਧਿੰਗੋਜ਼ੋਰੀ ਆਪਣੀ ਰਖੇਲ ਬਣਾ ਲੈਂਦਾ ਹੈ। ਕਿਸੇ ਹੋਰ ਪਿੰਡੋਂ ਕਾਲ ਦਾ ਉਜਾੜਿਆ ਅਪੂ ਸੋਨ ਪੱਟੀ ਆ ਕੇ ਮੁਖੀਏ ਦਾ ਮਾਂਝੀ ਨੌਕਰ ਹੋ ਜਾਂਦਾ ਹੈ। ਮੁਖੀਆ ਗਰਭਵਤੀ ਦੁਰਗਾ ਨੂੰ ਅਪੂ ਨਾਲ ਵਿਆਹ ਦਿੰਦਾ ਹੈ। ਦੁਰਗਾ ਦੇ ਤਿੰਨ ਬੱਚੇ ਹੁੰਦੇ ਹਨ। ਵੱਡਾ ਲੜਕਾ, ਫਿਰ ਇਕ ਲੜਕੀ ਵਿਚਿਤ੍ਰਾ ਅਤੇ ਫਿਰ ਇਕ ਹੋਰ ਲੜਕਾ। ਹੌਲੀ ਹੌਲੀ ਅਪੂ ਮੁਖੀਏ ਤੋਂ ਆਕੀ ਹੋ ਬਹਿੰਦਾ ਹੈ ਅਤੇ ਉਸ ਦੀ ਬੇੜੀ 'ਤੇ ਕਬਜ਼ਾ ਕਰ ਲੈਂਦਾ ਹੈ। ਉਹ ਮੁਖੀਏ ਵਾਂਗ ਹੀ ਧਕੜਸ਼ਾਹ ਬਣ ਜਾਂਦਾ ਹੈ। ਮੁਖੀਆ ਖੁੰਦਕ ਵਿਚ ਆ ਕੇ ਉਸ ਨੂੰ ਮਰਵਾ ਦਿੰਦਾ ਹੈ। ਦੁਰਗਾ ਲਹੂ ਦਾ ਘੁਟ ਭਰ ਕੇ ਰਹਿ ਜਾਂਦੀ ਹੈ। ਵੱਡਾ ਲੜਕਾ ਜੁਆਨ ਹੋਣ 'ਤੇ ਪਿਉ ਦਾ ਬਦਲਾ ਲੈਂਦਾ ਹੈ ਅਤੇ ਮਾਂ ਦੇ ਕਹੇ ਅਨੁਸਾਰ ਮੁਖੀਏ ਦਾ ਸਿਰ ਵੱਢ ਕੇ ਉਸ ਅੱਗੇ ਲਿਆ ਰੱਖਦਾ ਹੈ। ਮੁਖੀਏ ਦਾ ਪੁੱਤਰ ਵਿਚਿਤ੍ਰਾ ਨੂੰ ਬਾਹਰ ਇਕੱਲੀ ਦੇਖ ਕੇ ਉਸ ਨਾਲ ਜ਼ਬਰਦਸਤੀ ਕਰਦਾ ਹੈ।

ਦੂਜੇ ਭਾਗ ਵਿਚ ਵਿਚਿਤ੍ਰਾ ਕਲਕੱਤੇ ਦੀ 'ਸੋਨਾ ਗਾਚੀ' ਵਿਚ ਵੇਸਵਾ ਦੇ ਰੂਪ ਵਿਚ ਦਿਖਾਈ ਗਈ ਹੈ ਜਿਥੇ ਲੇਖਕ ਦੀ ਉਸ ਨਾਲ ਮੁਲਾਕਾਤ ਹੁੰਦੀ ਹੈ। ਲੇਖਕ ਉਸ ਨਾਲ ਹਮਦਰਦੀ ਕਰ ਕੇ ਉਸ ਨੂੰ ਕਲਕੱਤੇ ਤੋਂ ਬਨਾਰਸ ਵਿਚ ਚਿਤਰਕਾਰ ਰਾਮਦੇਵ ਦੇ ਕਲਾ ਨਿਕੇਤਨ ਵਿਚ ਲਿਆ ਕੇ ਛੱਡ ਦਿੰਦਾ ਹੈ। ਰਾਮਦੇਵ ਬਹੁਤ ਹੀ ਸੁਲਝਿਆ ਕਲਾਕਾਰ ਤੇ ਨੇਕ ਇਨਸਾਨ ਹੈ।

ਤੀਜੇ ਭਾਗ ਵਿਚ ਵਿਚਿਤ੍ਰਾ ਏਥੇ ਕਲਾ-ਸਾਧਨਾ ਤੇ ਗੁਰੂ ਸੇਵਾ ਕਰਕੇ ਉਚ ਕੋਟੀ ਦੀ ਚਿਤਰਕਾਰ ਬਣ ਜਾਂਦੀ ਹੈ। ਉਸ ਨੂੰ ਬਨਾਰਸ ਦੇ 'ਦਸ਼ਾਸ਼ਵਮੇਧ ਘਾਟ' ਦਾ ਚਿਤਰ

ਬਣਾਉਣ 'ਤੇ ਲਲਿਤ ਕਲਾ ਅਕਾਦਮੀ ਦਾ ਪੁਰਸਕਾਰ ਤੇ ਰਾਸ਼ਟਰਪਤੀ ਦਾ ਸਵਰਨ ਪਦਕ ਮਿਲਦੇ ਹਨ। ਇਸ ਪਿਛੋਂ ਉਹ ਪੈਰਿਸ ਪਹੁੰਚ ਜਾਂਦੀ ਹੈ, ਕਲਾ ਦੇ ਨਵੇਂ-ਦਿਸਹੱਦਿਆਂ ਦੀ ਭਾਲ ਵਿਚ। ਜਾਣ ਤੋਂ ਪਹਿਲਾਂ ਉਹ ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ, ਆਪਣੇ ਸੁਪਨਿਆਂ ਤੇ ਯੋਜਨਾਵਾਂ ਦਾ ਵਰਨਣ ਕਰਦੀ ਹੋਈ ਲੇਖਕ ਨੂੰ ਨਿੱਘੇ ਧੰਨਵਾਦ ਦਾ ਖਤ ਲਿਖਦੀ ਹੈ। ਅੰਤ ਵਿਚ ਲੇਖਕ ਦੀ ਚਿਤਰਕਾਰ ਰਾਮਦੇਵ ਨਾਲ ਇਕ ਕਾਫੀ ਹਾਊਸ ਵਿਚ ਮੁਲਾਕਾਤ ਹੁੰਦੀ ਹੈ ਜਿਥੇ ਉਹ ਵਿਚਿਤ੍ਰਾ ਦੀ ਪ੍ਰਤਿਭਾ ਬਾਰੇ ਗੱਲਾਂ ਕਰਦੇ ਹਨ।

ਲੇਖਕ ਇਸ ਰਚਨਾ ਨੂੰ ਅਸਿੱਧੇ ਢੰਗ ਨਾਲ "ਸਮੁੱਚੇ ਭਾਰਤ ਦੀ ਸੰਸਕ੍ਰਿਤੀ ਚਿਤਰ ਦੇਣ ਵਾਲੀ ਰਚਨਾ" ਆਖਦਾ ਹੈ। ਉਸ ਦਾ ਦਾਅਵਾ ਦੋ ਕਾਰਨਾਂ ਕਰਕੇ ਠੀਕ ਨਹੀਂ ਜਾਪਦਾ। ਪਹਿਲਾ ਇਹ ਕਿ ਕਹਾਣੀ ਦੀ ਪ੍ਰਿਸ਼ਟ-ਭੂਮੀ ਪੰਜਾਬ ਦੀ ਥਾਂ ਕਿਸੇ ਹੋਰ ਪ੍ਰਤਾਂ ਦੇ ਪਿੰਡ ਵਿਚ ਰਖ ਦੇਣ ਨਾਲ "ਸਮੁੱਚੇ ਭਾਰਤ ਦੀ ਸੰਸਕ੍ਰਿਤੀ" ਦੀ ਪ੍ਰਤਿਨਿਧਤਾ ਨਹੀਂ ਹੋ ਜਾਂਦੀ। ਦੂਜੇ ਲੇਖਕ ਸੋਨ ਪੱਟੀ ਦੀ ਸੰਸਕ੍ਰਿਤੀ ਨੂੰ ਵੀ ਪੂਰੀ ਤਰ੍ਹਾਂ ਉਘਾੜ ਨਹੀਂ ਸਕਿਆ, ਵਧ ਤੋਂ ਵਧ ਇਕ ਸਕੈੱਚ ਹੀ ਪੇਸ਼ ਕਰ ਸਕਿਆ ਹੈ। ਮੁਖੀਏ, ਦੁਰਗਾ ਤੇ ਅਪੂ ਦੀ ਜ਼ਿੰਦਗੀ ਦੀਆਂ ਕੁਝ ਘਟਨਾਵਾਂ ਤੋਂ ਬਿਨਾਂ ਸਾਰਾ ਪਿੰਡ ਨਾ-ਹੋਇਆਂ ਵਰਗਾ ਹੈ। ਜਿਹੜਾ ਪੁੱਤਰ ਮੁਖੀਏ ਦਾ ਸਿਰ ਵੱਢ ਸਕਦਾ ਹੈ, ਉਹ ਭੈਣ ਦੀ ਬੇਇਜ਼ਤੀ ਦਾ ਬਦਲਾ ਕਿਉਂ ਨਹੀਂ ਲੈਂਦਾ ? ਵਿਚਿਤ੍ਰਾ ਵੇਸਵਾ ਬਣ ਕੇ ਕਲਕੱਤੇ ਕਿਵੇਂ ਪਹੁੰਚ ਗਈ ? ਬਾਕੀ ਪਰਿਵਾਰ ਕਿਥੇ ਗਿਆ ਤੇ ਉਸ ਦਾ ਕੀ ਬਣਿਆ ? ਲੇਖਕ ਦਾ ਸ਼ਾਇਦ ਇਨ੍ਹਾਂ ਗੱਲਾਂ ਨਾਲ ਕੋਈ ਸਰੋਕਾਰ ਨਹੀਂ। ਉਸਦਾ ਅਸਲ ਮੰਤਵ ਇਕ ਵੇਸਵਾ ਨੂੰ ਜ਼ਿਲਤ ਭਰੀ ਜ਼ਿੰਦਗੀ 'ਚੋਂ ਕੱਢ ਕੇ ਖੂਬਸੂਰਤ ਤੇ ਸਵੈਮਾਣ ਭਰੇ ਭਵਿਖ ਵਲ ਤੋਰਨਾ ਹੈ। ਇਹ ਇਕ ਚੰਗਾ ਆਦਰਸ਼ ਹੈ ਪਰ ਗਲਪ ਰਚਨਾ ਲਈ ਸਿਰਫ ਆਦਰਸ਼ ਦੀ ਹੋਂਦ ਹੀ ਕਾਫ਼ੀ ਨਹੀਂ। ਇਸ ਦੁਆਲੇ ਆਪੋ ਵਿਚ ਜੁੜੀਆਂ ਘਟਨਾਵਾਂ ਦਾ ਤਾਣਾ ਪੇਟਾ ਚਾਹੀਦਾ ਸੀ ਜਿਹੜਾ ਇਸ ਰਚਨਾ ਵਿਚ ਪ੍ਰਾਪਤ ਨਹੀਂ। ਇਉਂ ਇਹ ਰਚਨਾ ਪਹਿਲੀਆਂ ਆਦਰਸ਼ਵਾਦੀ-ਰੁਮਾਂਚਿਕ ਗਲਪ ਰਚਨਾਵਾਂ ਦੇ ਘੇਰੇ ਤੋਂ ਬਾਹਰ ਨਹੀਂ ਜਾਂਦੀ। ਫ਼ਰਕ ਸਿਰਫ਼ ਇਹ ਹੈ ਕਿ ਦੂਜੇ ਲੇਖਕਾਂ ਦੀ ਜਜ਼ਬਾਤੀ ਫਿਕਰੇਬਾਜ਼ੀ ਦੀ ਥਾਂ ਅਰਪਨ ਨੇ ਕਾਵਿਕ ਸ਼ੈਲੀ ਦੀ ਵਰਤੋਂ ਕੀਤੀ ਹੈ। ਇਸ ਸੰਗੀਤਮਈ ਸ਼ੈਲੀ ਵਿਚ ਵਿਸ਼ੇਸ਼ ਕਿਸਮ ਦਾ ਨਿੱਘ ਤੇ ਸੁਹਿਰਦਤਾ ਹੈ, ਦੂਸ਼ਿਤ ਵਾਤਾਵਰਨ ਵਿਚ ਇਨਸਾਨ ਦੇ ਗੁਆਚ ਰਹੇ ਸਵੈਮਾਣ ਨੂੰ ਬਚਾਉਣ ਦਾ ਪ੍ਰਯਤਨ ਹੈ ਅਤੇ ਇਹ ਕੋਈ ਛੋਟੀ ਗੱਲ ਨਹੀਂ।

[ਹਰਭਜਨ ਹਲਵਾਰਵੀ]

**ਰਾਤਾਂ ਕਾਲੀਆਂ [ਬੂਟਾ ਸਿੰਘ]**

ਇਕੋ ਦਰਖ਼ਤ ਨਾਲ ਦੋ ਤਰ੍ਹਾਂ ਦੇ ਫਲ ਲਗਣ ਤਾਂ ਹੈਰਾਨੀ ਹੋਣੀ ਗ਼ੈਰ-ਕੁਦਰਤੀ ਨਹੀਂ। ਸੋ ਜਿਥੇ ਬੂਟਾ ਸਿੰਘ ਦੀ ਵੱਡ-ਆਕਾਰੀ ਗਲਪ ਨੂੰ ਜਿਨਸੀ ਰੰਗ ਦੀਆਂ ਕਹਾਣੀ-ਆਂ (ਜਿਹਨਾਂ ਦੀ ਚਰਚਾ ਐਥੇ ਕਰਨੀ ਨਹੀਂ ਬਣਦੀ) ਦੇ ਫ਼ਲ ਲਗਦੇ ਹਨ ਉਥੇ ਉਹਦਾ (ਛਪਿਆ) ਪਹਿਲਾ ਨਾਵਲ 'ਰਾਤਾਂ ਕਾਲੀਆਂ' (ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1978, ਪੰਨੇ 202, ਮੁੱਲ ਬਾਰਾਂ ਰੁਪਏ) ਅਣਗੌਲੀ ਤੇ ਨਿਗੂਣੀ ਲੋਕਾਈ ਦੀ 'ਗਟਰੀ

ਸਭਿਅਤਾ' ਜਿਹੜੀ ਪਾਈਪਾਂ (ਸੜਕਾਂ ਹੇਠਾਂ ਵਿਛਾਉਣ ਲਈ ਪਏ) 'ਚ ਵਿਗਸਣ-ਬਿਨਸਣ ਲਈ ਮਜਬੂਰ ਹੈ, ਦੀ ਦਰਦਨਾਕ ਤੇ ਦੁਖਦਾਈ ਕਹਾਣੀ ਕਲਾਮਈ ਢੰਗ ਨਾਲ ਛੇੜਕੇ ਪਾਠਕ ਨੂੰ ਸੋਚਣ ਲਾ ਦਿੰਦਾ ਹੈ। ਇਹ ਉਹ ਪਾਸਾ ਹੈ, ਜਿਸ ਨੂੰ ਕੋਈ ਬਾਰੀਕ ਅੱਖ ਹੀ ਦੇਖ ਸਕਦੀ ਹੈ।

'ਰਾਤਾਂ ਕਾਲੀਆਂ' ਦੀ ਕਿਰਦਾਰ ਧਾਪਾਂ ਦੀ ਜ਼ਿੰਦਗੀ 'ਚ ਸੁੰਦਰ, ਚਾਚਾ ਰੰਗੀ, ਬੁਧਨ, ਜਗਨ ਸੂਰਜ ਬਣ ਕੇ ਆਉਂਦੇ ਹਨ, ਪਰ ਉਹਦਾ ਰਾਹ ਮੱਲ ਖੜ੍ਹੇ ਰਘੁਨਾਥ ਵਰਗੇ ਉਹਦੇ ਤੀਕ ਰੌਸ਼ਨੀ ਨਹੀਂ ਪੁਜਣ ਦਿੰਦੇ। ਲਹਿਰਾਂ ਦੇ ਥਪੇੜਿਆਂ ਦੀ ਧੱਕੀ-ਧੱਕਾਈ ਧਾਪਾਂ ਮਦਰਾਸ ਤੋਂ ਦਿੱਲੀ ਪੁਜਣ ਮਗਰੋਂ ਅੱਗਾ ਪਿੱਛਾ ਨਾ ਹੋਣ ਕਾਰਨ ਰੁਲਦੀ ਖੁਲਦੀ ਗਟਰੀ ਪਾਈਪਾਂ 'ਚ ਰਹਿੰਦੇ ਸਿਰੜੀ ਤੇ ਸੁਨੱਖੇ ਸੁੰਦਰ ਸ਼ਾਹ ਦੀ ਹੋਕੇ ਰਹਿ ਜਾਂਦੀ ਹੈ। ਕਤਲ ਦੇ ਮੁਕਦਮੇ 'ਚ ਫਸਾਏ ਗਏ ਸੁੰਦਰ ਨੂੰ ਵੀ ਉਹ ਬਦਚਲਣ ਜਾਪਣ ਲਗਦੀ ਹੈ। ਹੋਣ ਵਾਲੇ ਬੱਚੇ ਨੂੰ ਉਹ ਕਿਵੇਂ ਸੁੰਦਰ ਦਾ ਸਾਬਤ ਕਰੇ। ਜੇਲ੍ਹ 'ਚ ਮੁਲਾਕਾਤ ਕਰਨ ਗਈ ਧਾਪਾਂ ਨੂੰ ਇਨਕਲਾਬੀ ਜਗੀਰ ਸਿੰਘ ਦੇ ਦਰਸ਼ਨ ਕਾਹਦੇ ਹੋ ਗਏ, ਇਕ ਤਰ੍ਹਾਂ ਉਹਨੂੰ ਆਪਣਾ ਇਸ਼ਟ ਮਿਲ ਗਿਆ ਤੇ ਉਸ ਨੇ ਆਪਣੇ ਪੈਰਾਂ 'ਤੇ ਖੜ੍ਹੋਣ ਦਾ ਵਲ ਸਿਖ ਲਿਆ। ਚਾਚੇ ਰੰਗੀ ਵਰਗੇ ਅਪਾਹਜ ਮੰਗਤੇ ਦੇ ਨਾਂ-ਮਾਤ੍ਰ ਠੁੰਮ੍ਹਣੇ 'ਤੇ ਸੂਰਜ ਨੂੰ ਜੰਮਣ ਦੀ ਆਸ ਉਹਦਾ ਸਫ਼ਰ ਤੁਰਦਾ ਰਖਦੀ ਰਹੀ, ਸਫ਼ਰ ਜਿਹੜਾ ਹਨੇਰਮਈ ਸੀ।

ਉਹਦੀ ਕੁਖੋਂ ਜੰਮਿਆਂ ਬਾਲ ਬੁਧਨ, ਸੁੰਦਰ ਤੋਂ ਵਡੇਰਾ ਸਿਰੜੀ ਤੇ ਸੋਹਣਾ ਨਿਕਲਦਾ ਹੈ ਜਿਹੜਾ ਬੇਇਨਸਾਫ਼ੀ ਕਰਦੇ ਆਪਣੇ ਅਖਾੜੇ ਦੇ ਉਸਤਾਦ ਬਜਰੰਗ ਬਲੀ ਨੂੰ ਚੰਗੀ ਤੌਣ ਚਾੜ੍ਹਨ ਸਦਕਾ ਫੜਿਆ ਜਾਂਦਾ ਹੈ ਤੇ ਧਾਪਾਂ ਰਹਿ ਜਾਂਦੀ ਹੈ ਧਕਿਆਂ ਧੋੜਿਆਂ ਲਈ।

ਗੰਦਗੀ ਦੇ ਕੀੜਿਆਂ ਵਾਂਗ ਕੁਰਬਲ ਕੁਰਬਲ ਕਰਦੀ 'ਗਟਰੀ ਸਭਿਅਤਾ' ਤੇ ਸਬਜ਼ੀ ਮੰਡੀ 'ਚ ਵਰਤੀਂਦੇ ਭੇੜ ਤੇ ਵਰਤਾਰੇ ਨੂੰ ਬੂਟਾ ਸਿੰਘ ਨੇ ਆਪਣੀ ਨਿਵੇਕਲੀ ਸ਼ੈਲੀ 'ਚ ਚਿਤਰਿਆ ਹੈ। ਫਿਰ ਵੀ ਜਾਪਦਾ ਹੈ ਜਿਵੇਂ ਇਸ ਸਾਰੇ ਖਲਾਰੇ ਨੂੰ ਸਮੇਟਣ ਲਗਿਆ ਨਾਵਲਕਾਰ ਸਾਵਧਾਨੀ ਨਹੀਂ ਵਰਤ ਸਕਿਆ। ਸਮਝ ਨਹੀਂ ਆਉਂਦੀ ਭਰੀ ਕਚਹਿਰੀ 'ਚ ਉਹਦੇ ਰਾਹ 'ਚ ਆੜਾ ਖੋੜ ਗੱਡਣ ਵਾਲੇ ਰਘੁਨਾਥ ਨੂੰ ਧਾਪਾਂ ਭਰੇ ਹੋਏ ਦਹੀਂ ਦਾ ਕਸੋਰਾ ਮੂੰਹ ਤੇ ਮਾਰ ਕੇ ਉਸ ਨੂੰ ਨਮੋਸ਼ੀ ਦੇ ਸਮੁੰਦਰ 'ਚ ਜੇ ਡੋਬ ਸਕਦੀ ਹੈ ਤਾਂ ਪਹਿਲੇ ਚੈਪਟਰ (ਉਂਜ ਅਖੀਰਲੇ ਚੈਪਟਰ) ਵਿਚਲੇ ਛੇੜਖਾਨੀ ਕਰਦੇ ਮੰਗਲ ਨੂੰ ਚਾਹੁੰਦੀ ਹੋਈ ਵੀ ਇੱਟ ਕਿਉਂ ਨਹੀਂ ਮਾਰ ਸਕਦੀ ?

ਉਸ ਤਰ੍ਹਾਂ ਇਨਕਲਾਬੀ ਕੈਦੀ ਜਗੀਰ ਸਿੰਘ ਦੇ ਬੋਲ/ਦਰਸ਼ਨ ਉਸ ਦੀ ਰਾਹਨੁਮਾਈ ਕਰਦੇ ਹਨ ਪਰ ਨਾਵਲ ਦੇ ਅੰਤ 'ਤੇ ਉਹ ਗਾਹਕ ਤੇ ਮੌਤ ਦੀ ਉਡੀਕ ਵਿਚਾਲੇ ਲਟਕਦੀ ਦਿਖਾਈ ਹੈ (ਜਦੋਂ ਕਿ ਜਗਨ ਉਹਨੂੰ ਮਾਵਾਂ ਨਾਲੋਂ ਵੱਧ ਜਾਣਦਾ ਹੈ)। ਬਹੁਤ ਪਹਿਲਾਂ ਉਸ ਨੂੰ ਸੁੰਦਰ ਨੇ ਆਪ ਦਸਿਆ ਸੀ ਕਿ ਰੇਸ਼ਮੀ ਕਪੜਿਆਂ ਵਾਲਾ ਕੈਦੀ ਅਰਜਨਬੀਰ ਰਿਹਾ ਹੁੰਦਿਆਂ ਹੀ ਉਸਨੂੰ ਛੁਡਵਾ ਲਵੇਗਾ, ਫਿਰ ਲਗਪਗ ਦੋ ਦਹਾਕਿਆਂ ਮਗਰੋਂ ਮਾਰ ਕੁਟਾਈ ਦੇ ਦੋਸ਼ 'ਚ ਫੜੇ ਬੁਧਨ ਬਾਰੇ ਉਹਦਾ ਸੰਸਾ ਨਿਰਮੂਲ ਨਹੀਂ ਕਿ ਕਿਤੇ ਜੇਲ੍ਹ

'ਚ ਪੁੱਤਰ ਪਿਉ ਨੂੰ ਪਛਾਨਣ ਤੋਂ ਪਹਿਲਾਂ ਹੀ ਮਾਰ ਨਾ ਸੁੱਟੇ ? (ਸੁੰਦਰ ਸ਼ਾਹ ਨੂੰ ਕੈਦ ਤਾਂ ਸੱਤਾਂ ਵਰ੍ਹਿਆਂ ਦੀ ਬੋਲੀ ਸੀ)।

ਚਾਚੇ ਰੰਗੀ ਵਰਗੇ ਦੇਵਤਾ ਕਿਰਦਾਰ ਨੂੰ ਅਗਲੇਰੇ 'ਘਰ' 'ਚ ਭੁੱਖ ਨਾਲ ਵਿਲ੍ਹੂ ਵਿਲ੍ਹੂੰ ਕਰਦੇ ਬਾਲ ਕਿਉਂ ਨਹੀਂ ਦਿਸਦੇ, ਉਸ ਦੀ ਹਮਦਰਦੀ ਸਿਰਫ਼ ਧਾਪਾਂ ਲਈ ਹੀ ਕਿਉਂ ? ਚਾਚਾ ਰੰਗੀ ਇਨਕਲਾਬ ਦੀਆਂ ਗੱਲਾਂ ਕਰਦਾ ਹੈ (ਸਫ਼ਾ 52) ਤੇ ਫੇਰ ਕਰਮਾਂ ਦੇ ਕਿੱਸੇ ਛੋਹ ਬੈਠਦਾ ਹੈ (ਸਫ਼ਾ 59)। ਇਸੇ ਤਰ੍ਹਾਂ ਧਾਪਾਂ ਵਰਗੇ ਕਿਰਦਾਰ ਨੂੰ ਜੇ ਵਿਗਸਣ ਦਾ ਮੌਕਾ ਮਿਲਦਾ ਤਾਂ ਉਹ ਹੋਰ ਨਿਖਰ ਕੇ ਆਉਂਦੀ ਤੇ ਜਾਗੀਰ ਸਿੰਘ ਦੇ ਵਿਚਾਰਾਂ ਦੀ ਧਾਰਨੀ ਸਾਰਥਕ ਢੰਗ ਨਾਲ ਬਣ ਸਕਦੀ।

ਨਾਵਲ ਬੇਸ਼ਕ ਪਿੱਛਲ-ਝਾਤੀ ਤਕਨੀਕ ਨਾਲ ਤੁਰਦਾ ਹੈ, ਪਰ ਕਿਤੇ ਕਿਤੇ ਬੇਲੋੜਾ ਦੁਹਰਾਅ ਕਹਾਣੀ ਦੀ ਤੋਰ 'ਚ ਰੋਕ ਪਾਉਣ ਦਾ ਭਾਗੀ ਬਣਦਾ ਹੈ। ਸਾਰੇ ਦੇ ਸਾਰੇ ਕਿਰਦਾਰ ਇਕੋ ਬੋਲੀ ਬੋਲਦੇ ਯਥਾਰਥਤਾ ਦੇ ਪਖੋਂ ਊਣੇ ਰਹਿ ਜਾਂਦੇ ਹਨ। ਕੀ ਚੰਗਾ ਹੁੰਦਾ ਜੇ ਧਾਪਾਂ ਦੋ ਚਾਰ ਸ਼ਬਦ ਆਪਣੀ ਬੋਲੀ ਦੇ ਵਰਤਦੀ ਚਲੀ ਜਾਂਦੀ। ਹੋਰ ਨਹੀਂ ਤਾਂ ਸੋਨਾ ਗੋੜਾ ਨਾਲ ਤਾਂ ਵਾਕ-ਵਟਾਂਦਰੇ ਸਮੇਂ ਇਸ ਤਰ੍ਹਾਂ ਕੀਤਾ ਜਾ ਸਕਦਾ ਸੀ। ਬਾਤ-ਚੀਤ ਨੂੰ ਚਲਦੀ ਰਖਣ ਸਮੇਂ ਪੁੱਠੇ ਕਾਮਿਆਂ ਦਾ ਪ੍ਰਯੋਗ ਕਿਤੇ ਕਿਤੇ ਹੀ ਕੀਤੈ, ਸਭਨੀਂ ਥਾਈਂ ਕਿਉਂ ਨਹੀਂ ? ਕਿਤੇ ਕਿਤੇ ਵਾਕ-ਦੋਸ਼ਾਂ 'ਤੇ ਵੀ ਉਂਗਲੀ ਰਖੀ ਜਾ ਸਕਦੀ ਹੈ। ਦੱਸ ਉਘ (ਉਘ ਸੁਘ) ਵਰਗੇ ਸ਼ਬਦ ਕੇਂਦਰੀ ਪੰਜਾਬੀ ਦੇ ਤਾਂ ਨਹੀਂ ਮੰਨੇ ਜਾ ਸਕਦੇ। ਇਨ੍ਹਾਂ ਗੱਲਾਂ ਦਾ ਜ਼ਿਕਰ ਇਸ ਲਈ ਕਰਨਾ ਬਣਦੈ ਕਿਉਂਕਿ ਬੂਟਾ ਸਿੰਘ ਨਿਵੇਕਲੀ ਬੋਲੀ-ਸ਼ੈਲੀ ਰਖਦੈ।

ਬੇਸ਼ਕ ਬੂਟਾ ਸਿੰਘ ਵਾਦਾਂ ਤੋਂ ਪਰ੍ਹਾਂ ਰਹਿਣ ਦਾ ਦਾਅਵਾ ਪਿਆ ਕਰੇ (ਨਵਾਂ ਸਾਹਿਤ, ਜੂਨ, 1970) ਪਰ ਵਾਦਾਂ ਤੋਂ ਨਿਰਲੇਪਤਾ ਵੀ ਤਾਂ ਇਕ ਵਾਦ ਹੈ। ਨਾਵਲ ਵਿਚਲਾ ਬੌੜ੍ਹ-ਚਿਰਾ ਕਿਰਦਾਰ ਜਗੀਰ ਸਿੰਘ, 'ਗਟਰੀ ਸਭਿਅਤਾ' ਤੇ ਪੰਜਾਬ/ਪੰਜਾਬੀ ਲਈ ਹੇਜ ਜਿਵੇਂ ਬੂਟਾ ਸਿੰਘ ਨੇ ਦਰਸਾਇਆ ਹੈ, ਉਹ ਵਾਦਾਂ ਤੋਂ ਪਰ੍ਹਾਂ ਦੀ ਚੀਜ਼ ਨਹੀਂ ਹੋ ਸਕਦੀ।

ਫਿਰ ਚਾਚੇ ਰੰਗੀ, ਧਾਪਾਂ, ਸੁੰਦਰ, ਬਚਨ ਆਦਿ ਅਭੁੱਲ ਕਿਰਦਾਰਾਂ ਦੇ ਦੁੱਖਾਂ ਦਰਦਾਂ ਤੇ ਸਮਾਜੀ ਭੇੜਾਂ ਨੂੰ ਬਿਆਨ ਕੇ ਬੂਟਾ ਸਿੰਘ ਨੇ ਨਿਰਸੰਦੇਹ ਇਕ ਵਰਨਣ ਯੋਗ ਤੇ ਨਿਵੇਕਲਾ ਕਦਮ ਪੁਟਿਆ ਹੈ।

[ਇਕਬਾਲ ਦੀਪ]

## ਕੋਠੇ ਵਾਲੀ ਮਾਂ [ਪ੍ਰੀਤਮ ਸੈਨੀ]

ਪੰਜਾਬੀ ਨਾਵਲ ਦੀ ਹੁਣ ਤਕ ਦੀ ਪ੍ਰਾਪਤੀ ਲੋਕ ਜੀਵਨ ਦੀ ਤਸਵੀਰ ਉਭਾਰਨ ਵਿਚ ਤਾਂ ਗਿਣੀ ਜਾ ਸਕਦੀ ਹੈ ਪਰ ਇਸ ਲੋਕ ਜੀਵਨ ਦੇ ਬੜੇ ਹੀ ਗੰਭੀਰ ਆਰਥਿਕ ਅਤੇ ਸਮਾਜਕ ਰਿਸ਼ਤਿਆਂ ਅਤੇ ਉਨ੍ਹਾਂ ਦੇ ਕਰਮ ਪ੍ਰਤੀਕਰਮ ਦੀ ਸਮਝ ਉਭਾਰਨ ਵਿਚ ਹਾਲੇ ਇਹ ਊਣਾ ਹੈ। ਸਾਹਿਤ ਦਾ ਮਨੋਰਥ ਤਸਵੀਰਾਂ ਖਿੱਚਣਾ ਨਹੀਂ ਸਗੋਂ ਜੀਵਨ ਦੀ

ਜਟਿੱਲਤਾ ਬਾਰੇ ਇਕ ਵਾਦ ਵਿਵਾਦੀ ਸਮਝ ਉਪਜਾਉਣਾ ਹੈ। ਪ੍ਰੀਤਮ ਸੈਨੀ ਦਾ ਪਲੇਠਾ ਨਾਵਲ 'ਕੋਠੇ ਵਾਲੀ ਮਾਂ' (ਕੇ. ਲਾਲ ਐਂਡ ਕੰਪਨੀ, ਜਲੰਧਰ, 1979, ਪੰਨੇ 80, ਮੁੱਲ ਅੱਠ ਰੁਪਏ) ਏਸ ਪਾਸੇ ਇਕ ਸੁਹਿਰਦ ਪਰ ਉਪ-ਭਾਵੁਕ ਯਤਨ ਹੈ। ਡਾਕਟਰ ਸੈਨੀ ਨੇ ਆਪਣੇ ਨਾਵਲ ਵਿਚ ਸ਼ੀਲਾ ਅਤੇ ਸ਼ਾਮ ਦੇ ਰੋਮਾਂਸ ਤੋਂ ਸ਼ੁਰੂ ਕਰਕੇ ਸ਼ੀਲਾ ਦੇ ਵੇਸਵਾ ਬਣਨ ਅਤੇ ਹੋਰ ਵੇਸਵਾਵਾਂ ਤੋਂ ਮੁੜ ਸਾਵੀਂ ਜ਼ਿੰਦਗੀ ਵਲ ਮੁੜਨ ਤਕ ਦੇ ਵਿਸਤ੍ਰਿਤ ਜੀਵਨ ਦਾ ਤਸਵੀਰ-ਮਈ ਚਿਤਰਨ ਹੀ ਨਹੀਂ ਕੀਤਾ ਸਗੋਂ ਉਸ ਦੀ ਸਿਰਜਣ ਪ੍ਰਕਿਰਿਆ ਵਿਚ ਵੇਸਵਾ ਜੀਵਨ ਦੀ ਚਿਤ੍ਰਕਾਰੀ ਕਰਨ ਦੀ ਮਨਸ਼ਾ ਘੱਟ ਹੈ ਪਰ ਵੇਸਵਾ ਜੀਵਨ ਦੇ ਘਿਰਣਿਤ ਪੱਖ ਬਾਰੇ ਪਾਠਕਾਂ ਦੇ ਦਿਮਾਗ਼ਾਂ ਵਿਚ ਸਮਝ ਪੈਦਾ ਕਰਨ ਦੀ ਮਨਸ਼ਾ ਵਧੇਰੇ ਹੈ। ਇਸੇ ਲਈ ਨਾਵਲ ਦਾ ਆਕਾਰ ਕੇਵਲ ਇਕ ਲੰਬੀ ਕਹਾਣੀ ਜਿੰਨਾ ਰਹਿ ਗਿਆ ਹੈ। ਭਾਵੇਂ ਇਸ ਨਾਵਲ ਵਿਚ ਰੋਮਾਂਸਵਾਦੀ ਨਾਵਲਾਂ ਵਿਚਲੀ ਰਸਿਕਤਾ ਦੀ ਘਾਟ ਹੈ ਪਰ ਮੇਰੇ ਲਈ ਇਹ ਘਾਟ ਲੇਖਕ ਦਾ ਦੋਸ਼ ਨਹੀਂ ਸਗੋਂ ਉਸ ਦੀ ਪ੍ਰਾਪਤੀ ਹੈ। ਉਸ ਦੀ ਵਿਸ਼ੇਸ਼ਤਾ ਹੀ ਉਸ ਨੂੰ ਮੋਹਨ ਕਾਹਲੋਂ, ਬੂਟਾ ਸਿੰਘ ਸ਼ਾਦ, ਤ੍ਰਿਪਤ ਸਿੰਘ, ਭਾਈ ਭਰੋਸਾ ਸਿੰਘ ਉਪਦੇਸ਼ਕ ਆਦਿ ਫ਼ਾਅਸ਼ ਲਿਖਣ ਵਾਲਿਆਂ ਤੋਂ ਨਿਖੇੜਦੀ ਹੈ। ਸਾਹਿਤਕ ਮਨੋਰਥ ਸੁਆਦ ਦੇਣਾ ਬਿਲਕੁਲ ਨਹੀਂ ਹੁੰਦਾ ਸਗੋਂ ਬੋਧਿਕ ਅਤੇ ਕਿਸੇ ਸਮਸਿਆ ਦੇ ਕਾਰਨਾਂ ਪ੍ਰਤੀ ਚੇਤੰਨ ਰਚਨਾ ਹਮੇਸ਼ਾਂ ਅਖੌਤੀ ਰਸਿਕਤਾ ਤੋਂ ਦੂਰ ਰਹੇਗੀ।

ਫਰਾਇਡ ਨੇ ਆਪਣਾ ਥੀਸਸ (The Dreams) ਵੇਸਵਾਵਾਂ ਦੇ ਕੋਠਿਆਂ ਉਤੇ ਜਾਣ ਵਾਲੇ ਸ਼ਹਿਜ਼ਾਦਿਆਂ ਅਤੇ ਕਾਮੀ ਔਰਤਾਂ ਦੇ ਸੁਪਨਿਆਂ ਉਤੇ ਆਧਾਰਿਤ ਕੀਤਾ ਸੀ। ਉਸ ਨੇ ਇਹਨਾਂ ਵੇਸਵਾਵਾਂ ਦੀ ਕਾਮੀ ਜ਼ਿੰਦਗੀ ਨੂੰ ਸਹੀ ਕਰਾਰ ਦਿੰਦਿਆਂ ਆਪਣੀ ਕਾਮ ਭੁੱਖ ਥਿਊਰੀ ਨੂੰ ਵੇਸਵਾਵਾਂ ਦੀ ਜ਼ਿੰਦਗੀ ਦੇ 'ਆਰਥਿਕ ਅਧਾਰ' ਦੇ ਵਿਰੋਧ ਵਿਚ 'ਕਾਮ ਲੋੜ' ਦੇ ਸੰਦਰਭ ਵਿਚ ਰਖ ਕੇ ਪਰਚਾਰਿਆ, ਜਿਸ ਦਾ ਵਿਰੋਧ ਮਾਰਕਸ ਨੇ ਜ਼ਿੰਦਗੀ ਦੇ 'ਆਰਥਿਕ ਆਧਾਰ' ਨੂੰ ਅੱਗੇ ਰੱਖ ਕੇ ਕੀਤਾ। ਫ਼ਰਾਇਡਵਾਦ ਅਤੇ ਮਾਰਕਸਵਾਦ ਦੇ ਦੋ ਚਿੰਤਨ ਸਾਹਿਤ ਵਿਚ ਪ੍ਰਵੇਸ਼ ਕਰ ਗਏ। ਡਾਕਟਰ ਸੈਨੀ ਦਾ ਇਹ ਨਾਵਲ ਪੜ੍ਹ ਕੇ ਇਸ ਗੱਲ ਦੀ ਤਸੱਲੀ ਹੈ ਕਿ ਉਸ ਨੇ ਵੇਸਵਾਵਾਂ ਦੇ ਜੀਵਨ ਦੀ ਸਮਝ ਫ਼ਰਾਇਡਵਾਦੀ 'ਕਾਮ ਲੋੜ' ਦੇ ਸਿਧਾਂਤ ਦੀ ਥਾਂ ਮਾਰਕਸਵਾਦੀ 'ਆਰਥਿਕ ਸੁਧਾਰ' ਦੇ ਸਿਧਾਂਤ ਅਨੁਸਾਰ ਉਭਾਰੀ ਹੈ। ਸ਼ੀਲਾ ਦਾ ਵੇਸਵਾ ਜੀਵਨ ਉਸ ਦੀ ਕਾਮਕ ਮਜਬੂਰੀ ਨਹੀਂ ਸਗੋਂ ਸ਼ਾਮ ਦੀ ਆਰਥਿਕ ਮਜਬੂਰੀ ਹੈ। ਇਸਤ੍ਰੀ ਦੇ ਜ਼ਮੀਨ ਰੂਪ ਵਿਚ ਮਾਲਕੀਅਤ ਦੇ ਸਿਧਾਂਤ ਅਨੁਸਾਰ ਆਰਥਿਕ ਸੰਕਟ ਹੀ ਉਸ ਦੀ ਬੋਲੀ ਮੰਡੀ ਵਿਚ ਕਰਵਾਉਂਦਾ ਹੈ। ਇਸਤ੍ਰੀ ਦੀ ਆਰਥਿਕ ਆਜ਼ਾਦੀ ਦਾ ਮਸਲਾ ਬੜਾ ਗੰਭੀਰ ਹੈ। ਡਾਕਟਰ ਸੈਨੀ ਨੇ ਇਸ ਨਾਵਲ ਵਿਚ ਇਹ ਸਵਾਲ ਉਠਾਇਆ ਹੈ। ਪਰ ਇਸ ਮਸਲੇ ਦਾ ਹੱਲ ਹਾਲਾਂ ਡਾਕਟਰ ਸੈਨੀ ਸੁਝਾ ਨਹੀਂ ਸਕਿਆ। ਉਸ ਦੀਆਂ ਅਗਲੀਆਂ ਕਿਰਤਾਂ ਵਿਚ ਸੁਝਾ ਪੂਰਨ ਦ੍ਰਿਸ਼ਟੀਕੋਣ ਦੀ ਪੇਸ਼ਕਾਰੀ ਦੀ ਆਸ ਕੀਤੀ ਜਾਣੀ ਚਾਹੀਦੀ ਹੈ।

[ਤੇਜਵੰਤ ਮਾਨ]

## ਲਹੂ ਪਾਣੀ ਨਹੀਂ ਬਣਿਆ [ਬਾਰੂ ਸਤਵਰਗ]

'ਲਹੂ ਦੀ ਲੋਅ' ਅਤੇ 'ਦਸਤਾਵੇਜ਼' ਤੋਂ ਬਾਦ ਨਕਸਲਬਾੜੀ ਲਹਿਰ ਨੂੰ ਆਪਣਾ

ਵਿਸ਼ਾ ਬਣਾ ਕੇ ਲਿਖਿਆ ਜਾਣ ਵਾਲਾ ਇਹ ਤੀਸਰਾ ਨਾਵਲ (ਪ੍ਰੋਗਰੈਸਿਵ ਬੁਕ ਸੈਂਟਰ, ਮਾਨਸਾ, 1979, ਪੰਨੇ 146, ਮੁੱਲ ਛੇ ਰੁਪਏ) ਹੈ। ਇਸ ਨਾਵਲ ਵਿਚ ਪਹਿਲੇ ਦੋਵਾਂ ਨਾਵਲਾਂ ਨਾਲੋਂ ਕਾਫ਼ੀ ਵਖਰੇਵਾਂ ਹੈ ; ਇਸ ਦਾ ਮੂਲ ਕਾਰਨ ਸ਼ਾਇਦ ਇਸਦੇ ਲੇਖਕ ਦਾ ਖ਼ੁਦ ਇਸ ਲਹਿਰ ਨਾਲ ਜੁੜਿਆ ਹੋਣਾ ਹੈ।

'ਲਹੂ ਪਾਣੀ ਨਹੀਂ ਬਣਿਆ' ਇਕ ਨਾਵਲ ਨਾਲੋਂ ਇਕ ਆਲੋਚਨਾਤਮਕ ਇਤਿਹਾਸ ਜ਼ਿਆਦਾ ਹੈ—ਇਕ ਸਵੈ ਪੜਚੋਲ ਹੈ। ਲੇਖਕ ਇਕ ਇਕ ਕਰਕੇ ਘਟਨਾਵਾਂ ਸਾਹਮਣੇ ਰੱਖਦਾ ਹੈ। ਉਹ ਸਿਰਫ਼ ਘਟਨਾਵਾਂ ਹੀ ਸਾਹਮਣੇ ਨਹੀਂ ਰੱਖਦਾ ਸਗੋਂ ਉਹ ਸਵਾਲ ਵੀ ਉਠਾਉਂਦਾ ਹੈ ਜੋ ਮੌਜੂਦਾ ਪਾਠਕ ਦੇ ਜ਼ਿਹਨ ਵਿਚ ਉੱਠ ਸਕਦੇ ਹਨ। ਅਤੇ ਫਿਰ ਲਹਿਰ ਦੇ ਪ੍ਰਤਿਨਿਧ ਦੇ ਰੂਪ ਵਿਚ ਉਨ੍ਹਾਂ ਦਾ ਜਵਾਬ ਵੀ ਦਿੰਦਾ ਹੈ। ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਉਹ ਘਟਨਾਵਾਂ ਸਿਰਫ਼ ਏਸ ਲਈ ਪੇਸ਼ ਕਰਦਾ ਹੈ ਕਿ ਸਵਾਲ ਉੱਠ ਸਕਣ ਅਤੇ ਉਹ ਉਨ੍ਹਾਂ ਦਾ ਜਵਾਬ ਦੇ ਸਕੇ। ਸਵਾਲ ਹੋ ਸਕਦੇ ਹਨ—ਨਕਸਲਵਾੜੀਆਂ ਨੇ ਵਿਅਕਤੀ-ਗਤ ਦਹਿਸ਼ਤ ਅਤੇ ਖੱਬੇ ਪੱਖੀ ਕਮਿਊਨਿਜ਼ਮ ਦਾ ਰਾਹ ਕਿਉਂ ਅਪਣਾਇਆ ? ਇਹ ਲਹਿਰ ਲੋਕ-ਯੁੱਧ ਕਿਉਂ ਨਾ ਬਣੀ ? ਲੋਕਾਂ ਨੇ ਇਸ ਘੋਲ ਵਿਚ ਆਪਣਾ ਇਤਿਹਾਸਕ ਰੋਲ ਕਿਉਂ ਅਦਾ ਨਾ ਕੀਤਾ ? ਲਹਿਰ ਕਿਉਂ ਅਤੇ ਕਦੋਂ ਆਪਣੇ ਰਾਹ ਬਾਰੇ ਸੋਚਣ ਅਤੇ ਸੋਚ ਕੇ ਬਦਲਣ 'ਤੇ ਮਜਬੂਰ ਹੋਈ ? ਇਸ ਲਹਿਰ ਦਾ ਮੌਜੂਦਾ ਪ੍ਰੋਗਰਾਮ ਕੀ ਹੈ ?—ਆਦਿਕ।

ਜਦੋਂ ਵੀ ਇਸ ਲਹਿਰ ਬਾਰੇ ਗੱਲ ਚਲਦੀ ਹੈ ਤਾਂ ਇਕ ਆਮ ਬੰਦੇ ਦੇ ਦਿਮਾਗ ਵਿਚ ਇਨ੍ਹਾਂ ਸਵਾਲਾਂ ਦਾ ਪੈਦਾ ਹੋ ਜਾਣਾ ਐਨ ਕੁਦਰਤੀ ਹੈ। ਆਮ ਤੌਰ 'ਤੇ (ਜਿਵੇਂ 'ਲਹੂ ਦੀ ਲੋਅ' ਵਿਚ) ਲੇਖਕਾਂ ਨੇ ਇਹਨਾਂ ਮੂਲ ਸਵਾਲਾਂ ਦਾ ਜਵਾਬ ਨਾ ਦੇ ਕੇ ਘਟਨਾਵਾਂ ਦਾ ਇਕ ਅਜਿਹਾ ਭਾਵਨਾਤਮਕ ਜਾਲ ਬੁਣਿਆ ਹੈ ਕਿ ਪਾਠਕ ਦਾ ਇਹਨਾਂ ਸਵਾਲਾਂ ਨੂੰ ਜਾਨਣ ਦਾ ਉਤਸ਼ਾਹ ਸ਼ੱਕ ਵਿਚ ਬਦਲ ਜਾਂਦਾ ਹੈ। ਪੁਰਾਣਾ ਰੁਮਾਂਚਿਕ ਰੂਪ, ਭਾਵੇਂ ਉਹ ਕਿੰਨਾ ਵੀ ਹਾਨੀਕਾਰਕ ਕਿਉਂ ਨਾ ਹੋਵੇ, ਇਕ ਸਾਧਾਰਨ ਬੰਦੇ ਨੂੰ ਬੜਾ ਹੀ ਸੁਆਦਲਾ ਅਤੇ ਕਾਰਜ ਭਰਪੂਰ ਲੱਗਦਾ ਹੈ। ਅਤੇ ਕੋਈ ਠੋਸ ਉੱਤਰ ਪਾਏ ਬਗੈਰ ਉਹ ਇਸ ਰੁਮਾਂਚਵਾਦ ਤੋਂ ਮੁਕਤ ਨਹੀਂ ਹੁੰਦਾ ਅਤੇ ਮੌਜੂਦਾ ਸਥਿਤੀ ਨੂੰ ਸੋਧਵਾਦ ਦਾ ਰਾਹ ਸਮਝ ਲੈਂਦਾ ਹੈ। ਇਹ ਚਿਰਾਂ ਦਾ ਉਡੀਕੀਂਦਾ ਠੋਸ ਉੱਤਰ ਪਹਿਲੀ ਵਾਰ ਬਾਰੂ 'ਸਤਵਰਗ' ਦੇ ਨਾਵਲ ਵਿਚ ਸਾਹਮਣੇ ਆਇਆ ਹੈ।

ਕਿਉਂਕਿ ਨਾਵਲ ਘਟਨਾ-ਪ੍ਰਧਾਨ ਨਾ ਹੋ ਕੇ ਸਿਧਾਂਤ ਨੂੰ ਆਪਣਾ ਮੁੱਖ ਵਿਸ਼ਾ ਬਣਾਉਂਦਾ ਹੈ ਇਸ ਲਈ ਇਸ ਵਿਚ ਪਾਤਰਾਂ ਦੀ ਕੋਈ ਖਾਸ ਅਹਿਮੀਅਤ ਨਹੀਂ। ਪਾਤਰ ਸਿਰਫ਼ ਲਹਿਰ ਬਾਰੇ ਸਵਾਲ ਕਰਨ ਅਤੇ ਜਵਾਬ ਦੇਣ ਦਾ ਇਕ ਵਸੀਲਾ ਹਨ। ਪਾਤਰ ਆਪਣੇ ਨਿੱਜ ਨੂੰ ਤਿਆਗ ਕੇ ਸਿਧਾਂਤ ਦੀਆਂ ਲੀਹਾਂ 'ਤੇ ਚਲਦੇ ਹਨ।

ਇਕ ਪੜ੍ਹੇ ਲਿਖੇ ਜਾਂ ਸ਼ਹਿਰੀ 'ਜਿਹੇ' ਬੰਦੇ ਨੂੰ ਇਹ ਨਾਵਲ ਕਲਾਤਮਕ ਦ੍ਰਿਸ਼ਟੀਕੋਣ ਤੋਂ ਬਿਲਕੁਲ ਹੀ ਊਣਾ ਲੱਗੇਗਾ ਕਿਉਂਕਿ ਸਾਡੇ ਜ਼ਿਹਨ ਵਿਚ ਕਲਾ ਦੇ ਬੁਰਜੂਆ ਸੰਕਲਪ ਘਰ ਕਰ ਗਏ ਹਨ। ਲੇਖਕ ਦੀ ਸ਼ਾਬਦਿਕ ਜਾਣਕਾਰੀ ਦੀ ਘਾਟ ਸੱਚ ਹੀ ਇਸ ਨਾਵਲ

ਵਿਚ ਉੱਭਰ ਕੇ ਸਾਹਮਣੇ ਆਉਂਦੀ ਹੈ। ਲੇਖਕ ਨੇ ਨਾਵਲ ਦੀ ਕੇਂਦਰੀ ਬੋਲੀ ਵੀ ਉਸੇ ਲਹਿਜੇ ਵਿਚ ਲਿਖੀ ਹੈ ਜਿਸ ਵਿਚ ਪਾਤਰਾਂ ਦੀ ਗੱਲ ਬਾਤ, ਜਿਸਦਾ ਸਦਕਾ ਕਈ ਸ਼ਬਦਾਂ ਨੂੰ ਉਨ੍ਹਾਂ ਦੇ ਠੀਕ ਰੂਪ ਵਿਚ ਨਾ ਲਿਖ ਕੇ ਵਿਗੜੇ ਹੋਏ ਰੂਪ ਵਿਚ ਲਿਖਿਆ ਗਿਆ ਹੈ। ਇਹ ਉਣਤਾਈ ਦੂਰ ਕੀਤੀ ਜਾ ਸਕਦੀ ਹੈ।

ਲੇਖਕ ਨੇ ਆਪਣੇ ਨਾਵਲ ਵਿਚ ਖੇਤ-ਮਜ਼ਦੂਰਾਂ ਅਤੇ ਗਰੀਬ ਕਿਰਸਾਣੀ ਵਿਚ ਬਣੇ ਹੋਏ ਘਾਤਕ ਅਤੇ ਅਵਾਂਛਿਤ ਪਾੜੇ ਨੂੰ ਬੜੀ ਸ਼ਿਦਤ ਨਾਲ ਮਹਿਸੂਸਿਆ ਹੈ।

ਲੇਖਕ ਸਰਕਾਰੀ ਨੀਤੀ—'ਪਿੱਛੇ ਹੱਟ ਕੇ ਸੱਟ ਮਾਰੋ' ਉਤੇ ਕਈ ਥਾਵੀਂ ਡੂੰਘੀ ਚੋਟ ਕਰਦਾ ਹੈ ਅਤੇ ਸਰਕਾਰੀ ਮਸ਼ੀਨਰੀ ਨੂੰ ਜਨਤਕ ਲੁਟ ਦਾ ਨਿੱਗਰ ਹਿੱਸਾ ਸਾਬਤ ਕਰਦਾ ਹੈ। ਉਸਨੂੰ ਕਮਿਊਨਿਸਟਾਂ ਵਿਚ ਪਨਪ ਰਹੀ ਮੱਧ ਵਰਗੀ ਕਿਸਮ ਦੀ ਸੋਚ ਫਿਕਰ ਲਾਉਂਦੀ ਹੈ।

ਇਕ ਗੱਲ ਇਸ ਦੇ ਲੇਖਕ ਬਾਰੇ ਨਹੀਂ ਪ੍ਰਕਾਸ਼ਨ ਬਾਰੇ। ਉਹ ਹੈ ਬਹੁਤ ਘਟੀਆ ਕਾਗਜ਼, ਛਪਾਈ ਵਿਚ ਰਹੀਆਂ ਗਲਤੀਆਂ ਅਤੇ ਸਭ ਤੋਂ ਵੱਡੀ ਗੱਲ ਹੈ ਇਸਦਾ 'ਬਹੁਤ ਜ਼ਿਆਦਾ' ਮੁੱਲ। [ਸੁਭਾਸ਼]

**ਪੰਛੀਆਂ ਦੇ ਆਲ੍ਹਣੇ** [ਭੂਰਾ ਸਿੰਘ ਕਲੇਰ]

ਮਾਰਕਸਵਾਦੀ ਰਾਜਨੀਤਕ ਸ਼ਾਸਤਰ ਅਨੁਸਾਰ ਸ਼ਬਦ "ਪਰੋਲੇਤਾਰੀ" ਦੇ ਵਿਸ਼ੇਸ਼ ਅਰਥ ਹਨ। ਇਸ ਸ਼ਬਦ ਦੇ ਧਾਰਨੀ ਲਈ ਆਰਥਿਕ ਤੌਰ 'ਤੇ ਜਾਇਦਾਦਹੀਣ ਅਤੇ ਸਾਧਨ-ਹੀਣ ਹੋਣਾ ਹੀ ਕਾਫੀ ਨਹੀਂ ਬਲਕਿ ਆਪਣੀ ਜਮਾਤੀ ਸਥਿਤੀ ਤੇ ਸਮਾਜੀ ਸੰਘਰਸ਼ ਬਾਰੇ ਵੀ ਚੇਤੰਨ ਹੋਣਾ ਲਾਜ਼ਮੀ ਹੈ। ਇਸ ਤੋਂ ਵੀ ਅੱਗੇ ਇਸ ਸੰਘਰਸ਼ ਵਿਚ ਅਮਲੀ ਤੌਰ 'ਤੇ ਹਿੱਸਾ ਪਾਉਣਾ ਵੀ ਜ਼ਰੂਰੀ ਹੈ। ਅਜਿਹੇ ਕਰੜੇ ਮਾਪ ਦੰਡਾਂ ਕਾਰਣ ਇਸ ਸ਼ਬਦ ਦੀ ਵਰਤੋਂ ਬਹੁਤ ਸੰਕੋਚ ਨਾਲ ਕਰਨੀ ਪੈਂਦੀ ਹੈ। ਪਰੰਤੂ ਭੂਰਾ ਸਿੰਘ ਕਲੇਰ 'ਤੇ ਇਹ ਸ਼ਬਦ ਲਾਗੂ ਕਰਦਿਆਂ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ। ਉਸ ਨੂੰ ਪੂਰੀ ਦਲੇਰੀ ਨਾਲ 'ਪਰੋਲੇਤਾਰੀ ਲੇਖਕ' ਕਿਹਾ ਜਾ ਸਕਦਾ ਹੈ। ਮੇਰੀ ਸੋਚ ਅਨੁਸਾਰ ਉਸ ਦੀ ਕਲਾ ਨੂੰ ਇਸ ਤੋਂ ਵੱਡਾ ਹੋਰ ਸਨਮਾਨ ਨਹੀਂ ਦਿੱਤਾ ਜਾ ਸਕਦਾ।

ਭੂਰਾ ਸਿੰਘ ਕਲੇਰ ਨੇ ਪਿਛਲੇ ਕਈ ਸਾਲਾਂ ਵਿਚ ਲਿਖੀਆਂ ਆਪਣੀਆਂ ਕਹਾਣੀਆਂ ਦਾ ਪਹਿਲਾ ਸੰਗ੍ਰਹਿ "ਪੰਛੀਆਂ ਦੇ ਆਲ੍ਹਣੇ" ਪੇਸ਼ ਕੀਤਾ ਹੈ। ਇਸ ਸੰਗ੍ਰਹਿ ਵਿਚ ਉਹਦੀਆਂ ਬਹੁਤੀਆਂ ਕਹਾਣੀਆਂ ਦਲਿਤ ਵਰਗ ਨਾਲ ਸੰਬੰਧਿਤ ਹਨ। ਪਿਛਲੇ ਸਮੇਂ ਅੰਦਰ ਪੰਜਾਬੀ ਵਿਚ ਇਸ ਵਰਗ ਬਾਰੇ ਕਾਫੀ ਕਹਾਣੀਆਂ ਲਿਖੀਆਂ ਗਈਆਂ ਹਨ। ਪਰੰਤੂ ਉਹ ਕਹਾਣੀਆਂ ਦੂਰੋਂ ਖੜਕੇ ਬਿਆਨੇ ਹਾਲਾਤ ਹੀ ਹੁੰਦੇ ਸਨ। ਉਹਨਾਂ ਵਿਚ ਦਲਿਤ ਵਰਗ ਦੀ ਅੰਦਰਲੀ ਮਾਨਸਿਕਤਾ ਦਾ ਬਹੁਤ ਘੱਟ ਜ਼ਿਕਰ ਹੁੰਦਾ ਸੀ। ਆਮ ਤੌਰ 'ਤੇ ਦਲਿਤ ਵਰਗ ਦੇ ਪਾਤਰ ਮੇਕਅਪ ਕਰਕੇ ਦਲਿਤ ਬਣਾਏ ਜਾਂਦੇ ਸਨ। ਉਹਨਾਂ ਦੇ ਅੰਦਰਲੀ ਮਾਨਸਿਕਤਾ ਤੇ ਸੋਚ ਦਰਮਿਆਨੇ ਕਿਸਾਨ ਜਾਂ ਦਰਮਿਆਨੇ ਵਰਗ ਦੀ ਹੁੰਦੀ ਸੀ। ਉਹ ਪਾਤਰ ਚੇਤੰਨ ਸੰਘਰਸ਼ ਕਰਨ ਦੀ ਗੱਲ ਕੱਥ ਕਰਦੇ ਸਨ ਪਰ ਆਪ ਉਹਨਾਂ ਦੀ ਪਹੁੰਚ ਦਲਿਤ ਵਰਗ ਤਕ ਨਹੀਂ ਹੁੰਦੀ ਸੀ। ਜਿਹੜੇ ਥੋਹੜੇ ਬਹੁਤ ਲੇਖਕ ਦਲਿਤ ਵਰਗ ਵਿਚੋਂ ਆਏ ਉਹਨਾਂ ਵਿਚ ਵੀ ਜਮਾਤ ਦੀ ਮੁਕਤੀ ਲਈ ਕੁਝ ਲਿਖਣ ਦੀ ਥਾਂ ਆਪਣੇ ਜਮਾਤੀ ਪਿਛੋਕੜ ਨੂੰ ਛੇਤੀ

ਤੋਂ ਛੇਤੀ ਢਕਣ ਦੀ ਰੁਚੀ ਪ੍ਰਬਲ ਰਹੀ ਹੈ । ਇਹੋ ਕਾਰਨ ਹੈ ਕਿ ਹਾਲ ਤਕ ਵੀ ਦਲਿਤ ਵਰਗ ਬਾਰੇ ਸਾਹਿਤ ਦੀ ਥੁੜ ਹੈ ।

ਇਸ ਕਹਾਣੀ ਸੰਗ੍ਰਿਹ ਦੀਆਂ ਤਕਰੀਬਨ ਸਾਰੀਆਂ ਕਹਾਣੀਆਂ ਲੁੱਟੇ ਜਾਂਦੇ ਵਰਗ ਬਾਰੇ ਹਨ । ਸਭ ਤੋਂ ਪਹਿਲੀ ਕਹਾਣੀ ਇਕ ਅਜਿਹੇ ਜਾਇਦਾਦ ਹੀਣ ਵਿਅਕਤੀ ਦੀ ਹੈ ਜਿਹੜਾ ਆਪਣੀ ਬੌਧਿਕ ਕਿਰਤ ਵੇਚਦਾ ਹੈ । ਪਰੰਤੂ ਜਾਇਦਾਦ ਵਾਲੇ ਉਹਨੂੰ ਵੀ ਆਪਣੀ ਲੁੱਟ ਦਾ ਹੀ ਸਾਧਨ ਸਮਝਦੇ ਹਨ । ਉਸ ਵਿਚਾਰੇ ਨੂੰ 'ਰੱਬ ਦੇ ਘਰ' 'ਗੁਰਦਵਾਰੇ' ਵੀ ਠਾਹਰ ਨਹੀਂ ਮਿਲਦੀ । ਪੈਦਾਵਾਰੀ ਦੇ ਸਾਧਨਾਂ ਦੀ ਮਾਲਕੀ ਤੋਂ ਬਿਨਾਂ ਜਾਂ ਮਾਲਕੀ ਸਾਂਝੀ ਕੀਤੇ ਬਿਨਾਂ ਹਰ ਇਕ ਵਿਅਕਤੀ ਪੰਛੀਆਂ ਵਾਂਗ ਬੇਘਰਾ ਹੈ । ਜਮਾਤੀ ਵੰਡ ਦੇ ਸਮਾਜ ਦਾ ਇਹੋ ਸਭ ਤੋਂ ਵੱਡਾ ਦੁਖਾਂਤ ਹੈ ।

'ਘਾਹ ਵਾਲੀ ਕੁੜੀ' ਦੀ ਨਾਇਕਾ ਡੋਲਦੀ ਡੋਲਦੀ ਅਡੋਲ ਖੜ ਜਾਂਦੀ ਹੈ ਅਤੇ ਅਪਣੀ ਪੱਤ ਦੇ ਗਾਹਕ ਉਤੇ ਭਰਪੂਰ ਵਾਰ ਕਰਦੀ ਹੈ । ਇਹ ਕੁਝ ਅਚੇਤ ਵਰਗ ਸੰਘਰਸ਼ ਹੈ ਜਿਹੜਾ ਇਕ ਜਮਾਤ ਦੇ ਪਾਤਰ ਦੂਜੀ ਜਮਾਤ ਵਿਰੁਧ ਵਿਅਕਤੀ ਰੂਪ ਵਿਚ ਲੜਦੇ ਹਨ । 'ਚੱਕੀ ਦੇ ਪੁੜ' ਵਿਚ ਵੀ ਇਕ ਮਜ਼ਦੂਰ ਅਪਣੇ ਮਾਲਕ ਵਿਰੁਧ ਸੰਘਰਸ਼ ਲੜਦਾ ਤੇ ਅਪਣੀ ਜਮਾਤ ਦਾ ਅੰਗ ਹੋਣ ਦਾ ਸਬੂਤ ਦਿੰਦਾ ਹੈ । ਪਰੰਤੂ ਇਹ ਕਹਾਣੀ ਪੰਜਾਬੀ ਸਾਹਿਤ ਵਿਚ 1967 ਪਿਛੋਂ ਆਏ ਉਲਾਰ ਪ੍ਰਭਾਵ ਅਧੀਨ ਲਿਖੀ ਗਈ ਹੈ । ਜਿਸ ਅਨੁਸਾਰ ਵਰਗ ਸੰਘਰਸ਼ ਸਮੂਹਕ ਪੱਧਰ 'ਤੇ ਲੜਨ ਦੀ ਥਾਂ ਵਿਅਕਤੀਗਤ ਪੱਧਰ 'ਤੇ ਲੜਨਾ ਜ਼ਰੂਰੀ ਸੀ । 'ਮੋਠੂ ਬਦਮਾਸ਼' ਇਕ ਕਲਾਮਈ ਤੇ ਵਿਅੰਗਮਈ ਕਹਾਣੀ ਹੈ ਜਿਸ ਵਿਚ ਇਕ ਖੇਤ ਮਜ਼ਦੂਰ ਮੁੰਡਾ ਜਾਗੀਰਦਾਰਾਂ ਦਾ ਹੱਥ ਠੋਕਾ ਬਣ ਕੇ ਅਪਣੀ ਜਮਾਤ ਵਿਰੁਧ ਲੜਦਾ ਹੈ । ਪਰ ਜਦੋਂ ਉਹ ਆਪ ਜਗੀਰਦਾਰੀ ਜਬਰ ਦਾ ਸ਼ਿਕਾਰ ਬਣਦਾ ਹੈ ਤਾਂ ਇਕੱਲਾ ਰਹਿ ਜਾਂਦਾ ਹੈ । ਉਹਦੇ ਹੱਕ ਵਿਚ ਕੋਈ ਨਹੀਂ ਖੜਦਾ ।

'ਅੰਬਰ ਦੀ ਹੂਕ' ਕਹਾਣੀ ਵਿਚ ਇਕ ਖੇਤ ਮਜ਼ਦੂਰ ਕੁੜੀ ਤੇ ਮੁੰਡੇ ਦੀ ਕਹਾਣੀ ਹੈ । ਜਮਾਤੀ ਤੌਰ 'ਤੇ ਚੇਤੰਨ ਨਾ ਹੋਣ ਕਾਰਨ ਕੁੜੀ ਅਪਣਾ ਇਸਤਰੀਤਵ ਜ਼ੈਲਦਾਰਾਂ ਦੇ ਛੋਕਰੇ ਕੋਲ ਲੁਟਾ ਬਹਿੰਦੀ ਹੈ । ਉਹ ਅਪਣੀ ਜਮਾਤ ਦੇ ਮੁੰਡੇ ਵਲ ਨਹੀਂ ਝਾਕਦੀ ਜਿਹੜਾ ਉਹਨੂੰ ਪਿਆਰ ਕਰਦਾ ਹੈ । ਮੁੰਡਾ ਵੀ ਜਮਾਤੀ ਤੌਰ 'ਤੇ ਚੇਤੰਨ ਨਹੀਂ ਪਰ ਕੁੜੀ ਦੇ ਵਿਆਹੇ ਜਾਣ 'ਤੇ ਮੁੰਡੇ ਵਿਚ ਨਿੰਮ੍ਹੀ ਜਿਹੀ ਜਮਾਤੀ ਚੇਤਨਾ ਜਾਗਦੀ ਹੈ ।

ਬੂਰਾ ਸਿੰਘ ਕਲੇਰ ਨੇ ਦਲਿਤ ਵਰਗ ਦੇ ਜਿਉਂਦੇ ਪਾਤਰ ਪੇਸ਼ ਕੀਤੇ ਹਨ ਜਿਹੜੇ ਚੇਤੰਨ ਤੇ ਅਚੇਤਨ ਜਮਾਤੀ ਸੰਘਰਸ਼ ਲੜਦੇ ਹਨ । ਪਰੰਤੂ ਇਕ ਕਹਾਣੀ ਤੋਂ ਬਿਨਾਂ ਕਿਤੇ ਵੀ ਉਹਨਾਂ ਤੋਂ 'ਹਥਿਆਰਬੰਦ ਸੰਘਰਸ਼' ਨਹੀਂ ਕਰਾਇਆ । ਭਾਵ ਉਹਨਾਂ ਨੂੰ ਜਾਣ ਬੁਝ ਕੇ ਰਾਜਸੀ ਪੁਠ ਨਹੀਂ ਚਾੜ੍ਹੀ । ਇਹ ਸਾਰੇ ਪਾਤਰ ਸਾਧਾਰਨ ਜੀਵਨ ਜਿਉਂਦੇ ਤੇ ਜੀਵਨ ਲਈ ਸੰਘਰਸ਼ ਕਰਦੇ ਹਨ । ਇਹ ਪਾਤਰ ਅੰਦਰੋਂ ਬਾਹਰੋਂ ਇਕ ਹਨ ।

ਮੈਂ ਬੂਰਾ ਸਿੰਘ ਕਲੇਰ ਦੇ ਇਸ ਸੰਗ੍ਰਹਿ ਦਾ ਦਿਲੋਂ ਸਵਾਗਤ ਕਰਦਾ ਹਾਂ ਤੇ ਕਾਮਨਾ ਕਰਦਾ ਹਾਂ ਕਿ ਉਹ ਅੱਗੇ ਤੋਂ ਹੋਰ ਵੀ ਵਧ ਲੋਕ ਪੱਖੀ ਲਿਖਤਾਂ ਦੇਵੇਗਾ ।

[ਸੁਰਜੀਤ ਗਿੱਲ]

ਪਿਆਰੇ ਸੰਪਾਦਕ ਜੀ,

ਅਪ੍ਰੈਲ-ਜੂਨ, 1979 'ਸਿਰਜਣਾ' ਪੜ੍ਹ ਕੇ ਕੁਝ ਵਿਚਾਰ ਇਸ ਬਾਰੇ ਸਾਂਝੇ ਕਰਨ ਦੀ ਇੱਛਾ ਜਾਗੀ ਹੈ ।

ਡਾਕਟਰ ਕੇਸਰ ਸਿੰਘ 'ਕੇਸਰ' ਹੁਰਾਂ ਦਾ ਲੇਖ 'ਪ੍ਰਗਤੀਵਾਦੀ ਪੰਜਾਬੀ ਕਵਿਤਾ', ਆਪਣੇ ਨਿਵੇਕਲੇ ਤੇ ਸੌਖੇ ਢੰਗ ਨਾਲ ਆਪਣੀ ਸਥਾਪਨਾ ਕਰ ਗਿਆ ਹੈ ਕਿ ਪ੍ਰਗਤੀਵਾਦੀ ਕਵਿਤਾ, ਤਿੰਨ ਪੜਾਅ ਪਾਰ ਕਰ ਚੁੱਕੀ ਹੈ, 'ਪਹਿਲੇ ਪੜਾਅ ਤੇ ਇਸ ਕਵਿਤਾ ਵਿਚ ਪੇਸ਼ ਸਿਰਜਕ ਮਨੁੱਖ ਆਪਣੀ ਸਮਾਜਿਕ ਸਥਿਤੀ ਤੋਂ ਅਚੇਤ ਹੈ, ਪਰ ਕਵੀ ਸਮਾਜ ਵਿਚ ਸ਼੍ਰੇਣੀ ਵੰਡ ਤੇ ਇਸ ਵਿਚ 'ਮਾਸੂਮ' ਕਿਰਤੀ ਦੀ ਸਥਿਤੀ ਨੂੰ ਪਛਾਣਦਾ ਹੈ, ਦੂਜੇ ਪੜਾਅ ਦੀਆਂ ਕਵਿਤਾਵਾਂ ਵਿਚ ਵਿਅਕਤਿਕ ਪੱਧਰ 'ਤੇ ਸ੍ਵੈ ਚੇਤੰਨ ਹੋ ਰਹੇ ਕਿਰਤੀ ਦੇ ਜੀਵਨ ਦਾ ਯਥਾਰਥ ਪੇਸ਼ ਹੋਇਆ ਹੈ, ਤੇ ਤੀਜੇ ਪੜਾਅ ਦੀਆਂ ਕਵਿਤਾਵਾਂ ਦਾ ਮੁਖ ਪਾਤਰ ਮੈਂ ਨਹੀਂ ਅਸੀਂ ਹੈ, ਅਰਥਾਤ ਕਿਸਾਨ ਮਜ਼ੂਰ ਵਰਗਾਂ ਦੀ ਬਹੁਗਿਣਤੀ ਸਮਾਜ ਦੀ ਵਰਗ-ਵੰਡ ਤੇ ਆਪਣੀ ਸਾਂਝੀ ਹੋਣੀ ਤੋਂ ਸਮੂਹਕ ਰੂਪ ਵਿਚ ਚੇਤੰਨ ਹੋ ਕੇ ਇਸ ਹੋਣੀ ਨੂੰ ਨੱਥ ਲੈਣ ਦੀ ਤਿਆਰੀ ਵਿਚ ਹੈ ।' ਡਾਕਟਰ ਅਮਰਜੀਤ ਸਿੰਘ ਨੇ ਨਬਜ਼ ਦੇ ਸਹੀ ਥਾਂ ਹੱਥ ਰਖਿਆ ਹੈ, ਤੇ ਜੱਟਵਾਦ ਨੂੰ ਵਿਅੰਗ ਦਾ ਵਿਸ਼ਾ ਬਣਾ ਕੇ, ਇਸ ਨਿਘਾਰ ਵਾਲੀ ਪ੍ਰਤਿਕ੍ਰਿਆਵਾਦੀ ਪ੍ਰਵਿਰਤੀ ਨੂੰ ਤਿਆਗ ਕੇ, ਸਹੀ ਨਿਰਪੱਖ ਪ੍ਰਗਤਿਵਾਦ ਦਾ ਰਾਹ ਅਪਨਾਉਣ ਵਲ ਸੇਧਿਤ ਕੀਤਾ ਹੈ । ਤੇਜਵੰਤ ਗਿੱਲ, ਸੇਰੇਬ੍ਰੇਰੀਆ ਕੋਂਫ਼ ਦੀ ਗੱਲ ਕਰਦਿਆਂ, ਫ਼ਜ਼ੂਲ ਗੱਲਾਂ ਉਪਰ ਤਾਂ ਸਾਰਾ ਲੇਖ ਖਰਚ ਕਰ ਦਿੰਦਾ ਹੈ, ਪਰ ਸੂਫ਼ੀ, ਗੁਰਬਾਣੀ ਆਦਿ ਬਾਰੇ ਅਪਣਾਈ ਉਸਦੀ ਜਮਾਤੀ-ਪਹੁੰਚ ਨੂੰ ਅੱਖੋਂ ਪਰੋਖੇ ਕਰ ਗਿਆ ਹੈ, ਜੋ ਸਾਰੀ ਪੁਸਤਕ ਵਿਚ ਵਿਦਮਾਨ ਹੈ । ਸੇਖੋਂ ਸਾਹਿਬ ਦਾ ਲੇਖ, ਸੰਰਚਨਾਵਾਦੀਆਂ ਨਾਲ ਚੰਗਾ ਲੋਹਾ ਲੈ ਰਿਹਾ ਹੈ । ਕਹਾਣੀਆਂ ਵਿਚੋਂ ਕੇ. ਐਲ. ਗਰਗ ਦੀ ਕਹਾਣੀ ਚੌਥਾ ਬਾਂਦਰ, ਬੜੀ ਪ੍ਰਤੀਕਮਈ, ਗਾਂਧੀ-ਵਾਦ ਦੇ ਸਰਮਾਏਦਾਰੀ ਵਿਚ ਵਿਕਾਸ ਨੂੰ ਵਿਅੰਗਮਈ ਢੰਗ ਨਾਲ ਚਿਤਰਦੀ ਹੈ । 'ਸਿਰਜਣਾ' ਆਪਣੇ ਮੰਤਵ ਵਿਚ ਪੂਰਣ ਸਫ਼ਲ ਹੈ, ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ।

ਕਰਮਜੀਤ ਸਿੰਘ ਦਸੂਹਾ [ਚੰਡੀਗੜ੍ਹ]

ਸਿਰਜਣਾ (ਅੰਕ 34) 'ਚ ਸੁਭਾਸ਼ ਦਾ 'ਮਾਣ-ਪੱਤਰ', ਤ੍ਰੈਲੋਚਨ ਦੀ ਕਵਿਤਾ 'ਕਰੀਏ ਤਾਂ ਹੁਣ ਕੀ ਕਰੀਏ', ਜਸਵੰਤ ਦੀਦ ਦੀ 'ਗੁਆਚੇ ਦੀ ਤਲਾਸ਼', ਆਦਿ ਨਜ਼ਮਾਂ ਮੈਨੂੰ ਪਿਆਰੀਆਂ ਲਗੀਆਂ । ਡਾਕਟਰ ਕੇਸਰ ਦਾ ਲੇਖ ਵੀ ਸੰਜੀਦਾ ਗੱਲ ਤੋਰਦਾ ਹੈ, ਸੇਖੋਂ ਵਾਂਗ ।

ਇਕਬਾਲ ਦੀਪ [ਨਵੀਂ ਦਿੱਲੀ]

ਅਪਰੈਲ-ਜੂਨ ਦਾ ਪਰਚਾ ਪੜ੍ਹਕੇ ਮਨ ਨੂੰ ਬੜੀ ਤਸੱਲੀ ਹੋਈ ਤੇ ਖੁਸ਼ੀ ਵੀ । ਕੁਮਾਰ ਵਿਕਲ ਦੇ 'ਪ੍ਰਾਰਥਨਾ ਗੀਤ' ਬਹੁਤ ਚੰਗੇ ਲੱਗੇ ।

ਮਨਮੋਹਨ ਸਿੰਘ ਬਾਵਾ [ਡਲਹੌਜ਼ੀ]

ਸਿਰਜਣਾ ਦਾ ਅਪਰੈਲ-ਜੂਨ ਅੰਕ ਕਲ੍ਹ ਹੀ ਮਿਲਿਆ ਹੈ ਪਰ ਤਕਰੀਬਨ ਸਾਰਾ ਹੀ ਪੜ੍ਹ ਲਿਆ ਹੈ । ਬਹੁਤ ਵਧੀਆ ਮੈਟਰ ਹੈ ਸਾਰੇ ਦਾ ਸਾਰਾ । ਸੇਖੋਂ ਸਾਹਿਬ ਦਾ ਲੇਖ,

ਗੁਰਦਿਆਲ ਸਿਘ, ਗਰਗ ਤੇ ਹਰਪ੍ਰੀਤ ਦੀਆਂ ਕਹਾਣੀਆਂ। ਸੁਭਾਸ਼, ਫਤਿਹਜੀਤ ਤੇ ਤ੍ਰੈਲੋਚਨ ਦੀਆਂ ਕਵਿਤਾਵਾਂ। ਗੱਲ ਕੀ ਹਰ ਰਚਨਾ ਹੀ ਬੜੀ ਉਚ ਪਾਏ ਦੀ ਹੈ...ਜੇ ਸਿਰਜਣਾ ਨੂੰ 'ਦੋਮਾਹੀ ਤੇ ਫੇਰ ਮਾਸਕ ਬਣਾਉ ਤਾਂ ਹੋਰ ਵੀ ਚੰਗਾ ਹੈ। ਪਰ ਮੈਨੂੰ ਪਤਾ ਹੈ ਪਰਚਾ ਕਢਣਾ ਹੈ ਬੜਾ ਕਠਿਨ। ਪੜ੍ਹਨ ਦੀ ਰੁਚੀ ਬਹੁਤ ਘੱਟ ਹੈ, ਫੇਰ ਗੰਭੀਰ ਤੇ ਯਥਾਰਥ-ਵਾਦੀ ਸਾਹਿਤ ਦੀ ਹੋਰ ਵੀ ਘੱਟ ਕਦਰ ਹੈ।

ਧਰਮ ਸਿੰਘ ਆਸੀ [ਹੈਦਰਾਬਾਦ]

ਪਰਚਾ ਇਸ ਵੇਰ ਚੰਗਾ ਹੈ। ਤੇਜਵੰਤ ਬਾਰੇ ਲਿਖਿਆ ਨੋਟ ਅਧੂਰਾ ਜਿਹਾ ਹੈ, ਕੋਈ ਗੱਲ ਨਿਤਾਰ ਕੇ ਪੇਸ਼ ਨਹੀਂ ਕਰਦਾ। ਸੇਖੋਂ ਸਾਹਿਬ ਚੰਗੇ ਖੜਕੇ ਹਨ...ਮੈਂ ਕੰਵਲ ਦੇ ਨਾਵਲਾਂ ਦੀਆਂ ਨਾਇਕਾਵਾਂ ਬਾਰੇ ਇਕ ਲੰਮਾ ਲੇਖ ਪਲਾਨ ਕੀਤਾ ਹੋਇਆ ਹੈ, ਪਰ ਹਾਲੇ ਲਿਖਿਆ ਨਹੀਂ। ਮੈਂ ਸਮਝਦਾ ਹਾਂ ਕਿ ਕੰਵਲ ਕੇਵਲ ਫਿਊਡਲ ਇਸਤਰੀ ਹੀ ਪੇਸ਼ ਕਰ ਸਕਿਆ ਹੈ। ਉਸਨੇ ਸੁਤੰਤਰ ਔਰਤ ਦੀ ਤਸਵੀਰ ਤਾਂ ਕੀ ਖਿਚਣੀ ਸੀ, ਬੁਰਜਵਾ ਔਰਤ ਵੀ ਨਹੀਂ ਚਿਤਰ ਸਕਿਆ।

ਸੁਰਜੀਤ ਗਿੱਲ [ਘੋਲੀਆ ਕਲਾਂ]

ਹੁਣ ਸਿਰਜਣਾ ਕਾਫੀ ਦਿਲਚਸਪ ਹੁੰਦੀ ਹੈ...ਅੱਗੇ ਨਾਲੋਂ ਪਾਠਕ ਵਧੇ ਨੇ।

ਹਰਜੀਤ ਚੌਧਰੀਆ [ਰੈਡਿੰਗ, ਇੰਗਲੈਂਡ]

ਜਨਵਰੀ, ਫਰਵਰੀ, ਮਾਰਚ ਦਾ ਪਰਚਾ ਸਿਰਜਣਾ ਮਿਲਿਆ ਹੈ। ਬੜੇ ਪਿਆਰ ਨਾਲ ਪੜ੍ਹਿਆ। ਪਰ ਪੜ੍ਹ ਕੇ ਇਸ ਵਾਰ ਨਿਰਾਸ਼ਾ ਜਿਹੀ ਹੋਈ ਕਿਉਂਕਿ ਆਪ ਦਾ ਸੰਪਾਦਕੀ ਲੇਖ 'ਨਕਸਲਵਾਦੀ ਸਾਹਿਤ' ਸੰਪਾਦਕੀ ਬਹੁਤ ਘਟੀਆ ਤੇ ਹਾਸੋਹੀਣੀ ਸੀ। ਆਪ ਦੀਆਂ ਜੋ ਪਹਿਲਾਂ ਲਿਖਤਾਂ ਪੜ੍ਹੀਆਂ ਸਨ ਇਸ ਨਾਲ ਮੇਲ ਨਹੀਂ ਖਾਂਦੀਆਂ।

ਕਵਿਤਾਵਾਂ ਵਿਚੋਂ ਪ੍ਰੀਤਮ ਸਿੰਘ ਦੀ ਬਿੱਲੀ ਚੂਹੇ, ਪ੍ਰੀਤਮ ਸੈਣੀ 'ਨਵੀਂ ਪੀੜ੍ਹੀ' ਕਵਿ-ਤਾਵਾਂ ਚੰਗੀਆਂ ਲਗੀਆਂ ਤੇ ਕਹਾਣੀ ਡੈੱਡ-ਲਾਈਨ ਪ੍ਰੇਮ ਪਰਕਾਸ਼ ਦੀ ਨਿਰੀ ਬਕਵਾਸ। ਦੋ ਪੱਲ ਦਾ ਚਾਨਣ ਜ਼ਰਾ ਚੰਗੀ ਕਹਾਣੀ ਸੀ। 'ਦੌੜ' ਤੇ 'ਦਲੀਲ' ਵੀ ਚੰਗੀਆਂ ਲੱਗੀਆਂ। ਸੁਰਜੀਤ ਗਿੱਲ ਦਾ ਮਾਰਕਸਵਾਦ-ਜਿਉਂਦਾ ਜਾਂ ਅਪਹਾਜ ਲੇਖ ਵਧਾਈ ਦਾ ਹੱਕਦਾਰ ਹੈ। ਖ਼ੈਰ 'ਸਿਰਜਣਾ' ਦਾ ਇਹ ਅੰਕ ਬਹੁਤਾ ਚੰਗਾ ਨਹੀਂ। ਮੈਟਰ ਬਹੁਤ ਕਮਜ਼ੋਰ ਲੱਗਾ ਹੈ।

ਸੋਹਨ ਨਦੀਮ [ਡਰਬੀ, ਇੰਗਲੈਂਡ]

ਮੁਦ੍ਰਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰ ਮੋਹਨ ਸਿੰਘ ਨੇ ਰੰਗਸ਼ਾਲਾ ਪ੍ਰਿੰਟਰਜ਼, 2017, ਸੈਕਟਰ 15-ਸੀ, ਚੰਡੀਗੜ੍ਹ ਤੋਂ ਛਪਵਾਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਪ੍ਰਕਾਸ਼ਨ ਮਿਤੀ : 30 ਜੁਲਾਈ; 1979

# ਪੰਜਾਬ ਪੋਲਟਰੀ ਡੀਵੈਲਪਮੈਂਟ ਕਾਰਪੋਰੇਸ਼ਨ ਲਿਮਿਟਿਡ

(ਰਾਜ ਸਰਕਾਰ ਕਾਰੋਬਾਰ)

**ਰਜਿਸਟਰਡ ਦਫ਼ਤਰ : ਐਸ. ਸੀ. ਓ. ਨੰ: 110-111**
**ਸੈਕਟਰ 17-ਸੀ, ਚੰਡੀਗੜ੍ਹ-110017.**

## ਪੋਲਟਰੀ ਫਾਰਮਰਾਂ ਲਈ ਖੁਸ਼ਖਬਰੀ

ਸਾਡੀ ਪੋਲਟਰੀ ਫੀਡ ਵਧੀਆ, ਭਰਪੂਰ ਤੇ ਸੰਤੁਲਿਤ ਹੈ । ਇਹ ਫੀਡ ਪਾਉਣ ਨਾਲ ਮੁਰਗੀਆਂ ਤੰਦਰੁਸਤ ਤੇ ਤਕੜੀਆਂ ਰਹਿੰਦੀਆਂ ਹਨ । ਇਸ ਨਾਲ ਮਿਨਰਲਜ਼ ਤੇ ਵਿਟਾਮਿਨ ਦੀ ਘਾਟ ਦੀਆਂ ਬਿਮਾਰੀਆਂ ਨਹੀਂ ਲਗ-ਦੀਆਂ । ਇਸ ਨਾਲ ਮੁਰਗੀਆਂ ਮੋਟੇ ਸੰਤੁਲਤ ਤੇ ਵਧ ਅੰਡੇ ਦਿੰਦੀਆਂ ਹਨ । ਇਹ ਫੀਡ ਜਾਂਚ ਪੜਤਾਲ ਕਰਕੇ ਤਕਨੀਕੀ ਮਾਹਿਰਾਂ ਅਧੀਨ ਬਣਾਈ ਜਾਂਦੀ ਹੈ । ਆਪ ਇਹ ਫੀਡ ਚੰਡੀਗੜ੍ਹ ਪਟਿਆਲਾ, ਲੁਧਿਆਣਾ, ਜਲੰਧਰ, ਗੁਰਦਾਸਪੁਰ, ਅੰਮ੍ਰਿਤਸਰ ਦੇ ਕੇਂਦਰਾਂ ਤੋਂ ਤੇ ਪੰਜਾਬ ਦੇ ਸਾਰੇ ਜ਼ਿਲਿਆਂ ਵਿਚ ਸਾਡੇ ਵਲੋਂ ਦਿਤੀਆਂ ਏਜੰਸੀਆਂ ਰਾਹੀਂ ਖਰੀਦ ਸਕਦੇ ਹੋ । ਪੋਲਟਰੀ ਫਾਰਮਰ ਜਿਹੜੇ ਸਾਡੇ ਤੋਂ ਫੀਡ ਲੈਣਗੇ ਉਨ੍ਹਾਂ ਦੇ ਅਸੀਂ ਅੰਡੇ ਵੀ ਖਰੀਦਾਂਗੇ ।

ਹਰ ਵਿਅਕਤੀ ਨੂੰ ਘਟੋ-ਘਟ ਇਕ ਅੰਡਾ ਰੋਜ਼ ਖਾਣਾ ਚਾਹੀਦਾ ਹੈ । ਅੰਡਾ ਖਾਣ ਨਾਲ ਤੁਹਾਨੂੰ ਕੋਈ ਬਿਮਾਰੀ ਨਹੀਂ ਲਗੇਗੀ ਬਲਕਿ ਤੁਸੀਂ ਹਮੇਸ਼ਾਂ ਤਕੜੇ, ਚੁਸਤ ਤੇ ਫੁਰਤੀਲੇ ਰਹੋਗੇ ।

ਜੇ ਤੂੰ ਖਾਵੇਂ ਅੰਡਾ ਰੋਜ਼,
ਛਡ ਜਾਣ ਤੈਨੂੰ ਸਾਰੇ ਰੋਗ ।

ਚੇਅਰਮੈਨ,
**ਪੰਜਾਬ ਪੋਲਟਰੀ ਕਾਰਪੋਰੇਸ਼ਨ ਲਿ:**

# ਸਾਡੀਆਂ ਪਹਿਲੇ ਦੋ ਸਾਲ ਦੀਆਂ ਸੇਵਾਵਾਂ ਦਾ ਜਾਇਜ਼ਾ

**ਖੇਤੀਬਾੜੀ**

- 1972-77 ਦੇ 5.5 ਫ਼ੀ ਸਦੀ ਦੇ ਮੁਕਾਬਲੇ 8.5 ਫ਼ੀ ਸਦੀ ਉਤਪਾਦਨ ਦਰ ਪ੍ਰਾਪਤ ਕੀਤਾ ਗਿਆ।
- ਝੋਨੇ ਦੀ ਪੈਦਾਵਾਰ ਵਿਚ 76 ਫ਼ੀ ਸਦੀ ਵਾਧਾ ਜੋ ਇਕ ਵਿਸ਼ਵ ਰਿਕਾਰਡ ਹੈ।
- 1977-78 ਦੀ ਸਾਲਾਨਾ ਔਸਤਨ 67 ਕਰੋੜ ਰੁਪਏ ਦੇ ਮੁਕਾਬਲੇ ਕਿਸਾਨਾਂ ਨੂੰ 110 ਕਰੋੜ ਰੁਪਏ ਦੇ ਸਹਿਕਾਰੀ ਕਰਜ਼ੇ ਵੰਡੇ ਗਏ।
- ਉਤਪਾਦਨ ਕਰਜ਼ਿਆਂ ਦੀ ਵਿਆਜ ਦਰ 2 ਫ਼ੀ ਸਦੀ ਘਟਾਈ ਗਈ।
- ਭੂਮੀ ਸੁਧਾਰ ਵਾਸਤੇ ਜਿਪਸਮ ਦੀ ਸਪਲਾਈ ਵਿਚ ਪਿਛਲੇ ਦੋ ਸਾਲਾਂ ਦੌਰਾਨ 5 ਗੁਣਾ ਵਾਧਾ ਹੋਇਆ ਹੈ ਅਤੇ 1977 ਤਕ 6200 ਹੈਕਟੇਅਰ ਦੇ ਮੁਕਾਬਲੇ ਪਿਛਲੇ ਦੋ ਸਾਲਾਂ ਦੌਰਾਨ 36338 ਹੈਕਟੇਅਰ ਭੂਮੀ ਨੂੰ ਉਪਜਾਊ ਬਣਾਇਆ ਗਿਆ।

**ਬਿਜਲੀ**

- ਪਿਛਲੇ 30 ਸਾਲਾਂ ਦੌਰਾਨ ਚਾਲੂ ਕੀਤੀ ਗਈ 947 ਮੈਗਾਵਾਟ ਬਿਜਲੀ ਸਮਰੱਥਾ ਵਿਚ ਅਸੀਂ 8.23 ਮੈਗਾਵਾਟ ਦਾ ਹੋਰ ਵਾਧਾ ਕਰਾਂਗੇ।

**ਸਿੰਚਾਈ**

- 1977 ਤਕ 833 ਕਿਲੋਮੀਟਰ ਦੇ ਮੁਕਾਬਲੇ ਪਿਛਲੇ ਦੋ ਸਾਲਾਂ ਦੌਰਾਨ 7200 ਕਿਲੋਮੀਟਰ ਪਾਣੀ ਦੇ ਖਾਲ਼ੇ ਪੱਕੇ ਕੀਤੇ ਗਏ।

**ਸੰਗਠਤ ਦਿਹਾਤੀ ਵਿਕਾਸ ਪ੍ਰੋਗਰਾਮ**

- ਭਾਰਤ ਵਿਚ ਆਪਣੀ ਕਿਸਮ ਦੇ ਇਸ ਪਹਿਲੇ ਪ੍ਰਾਜੈਕਟ ਵਾਸਤੇ 500 ਫੋਕਲ ਪੁਆਇੰਟਾਂ ਦੀ ਚੋਣ ਕੀਤੀ ਗਈ ਹੈ ਜਿਸ 'ਤੇ 302 ਕਰੋੜ ਰੁਪਏ ਖ਼ਰਚ ਹੋਣਗੇ।
- 235 ਫੋਕਲ ਪੁਆਇੰਟਾਂ ਵਿਖੇ ਬੈਂਕ, ਮੰਡੀ ਅਹਾਤੇ, ਪ੍ਰਚੂਨ ਦੀਆਂ ਦੁਕਾਨਾਂ, ਉਪਭੋਗੀ ਦੁਕਾਨਾਂ ਅਤੇ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ।
- ਸਮੁਚੇ ਰਾਜ ਵਿਚ 4.6 ਫ਼ੀ ਸਦੀ ਵਾਧੇ ਦੇ ਮੁਕਾਬਲੇ ਫੋਕਲ ਪੁਆਇੰਟ ਪਿੰਡਾਂ ਵਿਚ ਕਣਕ ਦੀ ਪੈਦਾਵਾਰ ਵਿਚ 14 ਫ਼ੀ ਸਦੀ ਦਾ ਵਾਧਾ ਹੋਇਆ ਹੈ।

**ਕਮਜ਼ੋਰ ਵਰਗਾਂ ਦੀ ਭਲਾਈ**

- ਚਾਲੂ ਸਕੀਮ ਤੋਂ ਇਲਾਵਾ ਅਸੀਂ ਮੁਹੱਈਆ ਕਰ ਰਹੇ ਹਾਂ:
  - (ੳ) ਹਰੀਜਨਾਂ ਅਤੇ ਖੇਤੀ ਕਾਮਿਆਂ ਲਈ ਬਣੇ ਬਣਾਏ ਘਰ।
  - (ਅ) ਰੁਜ਼ਗਾਰ ਵਾਸਤੇ ਵਿਦੇਸ਼ ਜਾਣ ਵਾਲੇ ਹਰੀਜਨਾਂ ਨੂੰ 8000/- ਰੁਪਏ ਪ੍ਰਤੀ ਵਿਅੱਕਤੀ ਦੇ ਹਿਸਾਬ ਨਾਲ ਵਿਆਜ ਰਹਿਤ ਕਰਜ਼ਾ।
- ਹਰੀਜਨ ਧਰਮਸ਼ਾਲਾਵਾਂ ਵਾਸਤੇ ਗਰਾਂਟ 7000/- ਰੁਪਏ ਤੋਂ 10,000/- ਰੁਪਏ ਕੀਤੀ ਗਈ।
- 20,000 ਹੋਰ ਵਿਅੱਕਤੀਆਂ ਨੂੰ 50/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਬੁਢਾਪਾ ਪੈਨਸ਼ਨ ਦਿੱਤੀ ਗਈ।

**ਸ਼ਹਿਰੀ ਵਿਕਾਸ**

- ਸ਼ਹਿਰੀ ਜੀਵਨ ਪੱਧਰ ਵਿਚ ਬਿਹਤਰੀ ਲਿਆਉਣ ਲਈ ਮੁੱਖ ਸ਼ਹਿਰਾਂ ਵਿਚ 67 ਕਰੋੜ ਰੁਪਏ ਦੀ ਵਾਟਰ ਸਪਲਾਈ ਅਤੇ ਸੀਵਰੇਜ ਸਕੀਮ ਲਾਗੂ ਕੀਤੀ ਗਈ।

**ਸਾਡੀਆਂ ਪ੍ਰਾਪਤੀਆਂ ਮਹੱਤਵਪੂਰਨ ਹਨ**
**ਅਸੀਂ ਪੂਰਨ ਖੁਸ਼ਹਾਲੀ ਵਲ ਅੱਗੇ ਵੱਧ ਰਹੇ ਹਾਂ।**

ਪ੍ਰਕਾਸ਼ ਸਿੰਘ ਬਾਦਲ,
ਮੁੱਖ ਮੰਤਰੀ, ਪੰਜਾਬ

ਆਰਾਮਦੇਹ ਏਅਰਕੰਡੀਸ਼ੰਡ ਬੱਸਾਂ ਵਿਚ ਸੈਰ ਸਪਾਟੇ ਦਾ ਅਰਥ ਹੈ ਆਨੰਦ ਹੀ ਆਨੰਦ

# ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ

ਵਲੋਂ

ਆਯੋਜਿਤ ਨਿੱਕੇ ਨਿੱਕੇ ਟੂਰਾਂ ਰਾਹੀਂ ਥਾਵਾਂ ਦੇ ਨਜ਼ਾਰੇ ਮਾਣੋ

ਸਾਡੇ ਹੇਠ ਲਿਖੇ ਵਧੀਆ ਢੰਗ ਨਾਲ ਸੰਭਾਲੇ ਟੂਰਿਸਟ ਕੰਪਲੈਕਸਾਂ ਵਿਚ ਰਿਹਾਇਸ਼ ਤੇ ਖਾਣ ਪੀਣ ਦਾ ਪ੍ਰਬੰਧ ਮੌਜੂਦ ਹੈ :

* ਟੂਰਿਸਟ ਬੰਗਲਾ ਰੋਪੜ ਵਿਚ ਆਰਾਮਦਾਇਕ ਰਿਹਾਇਸ਼ ਅਤੇ ਬੋਟਿੰਗ ਦਾ ਆਨੰਦ ਮਾਣੋ
* ਸਰਹੰਦ ਵਿਚ ਆਮ ਖਾਸ ਬਾਗ ਦੀ ਤਾਜ਼ਗੀ ਮਾਣੋ ਅਤੇ ਫਲੋਟਿੰਗ ਰੈਸਟੋਰੈਂਟ ਦਾ ਆਨੰਦ ਲਉ ।
* ਲੁਧਿਆਣਾ, ਪਠਾਨਕੋਟ, ਨੰਗਲ, ਨੀਲੋਂ ਵਿਚ ਵੀ ਟੂਰਿਸਟ ਬੰਗਲੇ ਮੌਜੂਦ ਹਨ ।

ਅਸੀਂ ਵਿਦਿਆਰਥੀਆਂ ਲਈ ਨਾ ਲਾਭ ਨਾ ਹਾਨੀ ਦੇ ਆਧਾਰ ਤੇ ਟੂਰਾਂ ਦਾ ਪ੍ਰਬੰਧ ਕਰਦੇ ਹਾਂ ।

ਸਕੂਲਾਂ ਵਲੋਂ ਆਪਣੇ ਵਿਦਿਆਰਥੀਆਂ ਲਈ ਇਸ ਸਾਲ ਦੌਰਾਨ ਜੋ ਟੂਰਾਂ 'ਤੇ ਖਰਚਾ ਕੀਤਾ ਜਾਵੇਗਾ ਉਸਦਾ 50%

ਕੌਮਾਂਤਰੀ ਬਾਲ ਵਰ੍ਹਾ ਮਨਾਉਣ ਦੇ ਸੰਬੰਧ ਵਿਚ
ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਲੋਂ ਮੋੜ ਦਿੱਤਾ ਜਾਵੇਗਾ ।

ਹੇਠ ਲਿਖਿਆਂ ਨੂੰ ਕਮਰਿਆਂ ਦਾ ਕਿਰਾਇਆ 50% ਮਾਫ ਕੀਤਾ ਜਾਵੇਗਾ ।

*ਸਾਰੇ ਸਰਕਾਰੀ ਕਰਮਚਾਰੀ *ਐਮ.ਐਲ.ਏ.'ਜ਼. *ਐਮ.ਪੀ 'ਜ਼ *ਐਕਰਾਡਿਟਿਡ ਜਰਨਲਿਸਟ

ਅਧਿਕਾਰਤ ਤੇ ਕਾਰਪੋਰੇਸ਼ਨ ਦੇ ਪ੍ਰਵਾਨਿਤ ਟਰੈਵਲ ਏਜੰਟਾਂ ਨੂੰ ਟੂਰਿਸਟ ਕੋਚ ਤੇ ਟੂਰਿਸਟ ਬੰਗਲਿਆਂ ਵਿਚ ਰਿਹਾਇਸ਼ ਬੁੱਕ ਕਰਾਉਣ ਤੇ 5% ਕਮਿਸ਼ਨ ਦਿੱਤਾ ਜਾਂਦਾ ਹੈ ।

ਆਮ ਲੋਕ ਤੇ ਪਾਰਟੀਆਂ :

ਸੈਰ ਸਪਾਟੇ ਵਾਲੀਆਂ ਇਹਨਾਂ ਥਾਵਾਂ ਲਈ ਸਾਡੀਆਂ ਏਅਰਕੰਡੀਸ਼ੰਡ ਬੱਸਾਂ ਕਿਰਾਏ 'ਤੇ ਲੈ ਸਕਦੀਆਂ ਹਨ :

*ਭਾਖੜਾ ਨੰਗਲ *ਪਿੰਜੌਰ ਬਾਗ *ਛੱਤਬੀੜ ਜ਼ੋਲੋਜੀਕਲ ਪਾਰਕ *ਸ਼ਿਮਲਾ *ਇਥੋਂ ਤੱਕ ਕਿ ਸ੍ਰੀ ਨਗਰ (ਕਸ਼ਮੀਰ) *ਬੰਬਈ *ਕੰਨਿਆ ਕੁਮਾਰੀ *ਹਜ਼ੂਰ ਸਾਹਿਬ *ਪਟਨਾ ਸਾਹਿਬ *ਅਲੋਰਾ ਅਜੰਤਾ ਦੀਆਂ ਗੁਫਾਵਾਂ ਲਈ ਵੀ ।

ਸਪਤਾਹ ਅੰਤ ਟੂਰ

ਸਨਿਚਰਵਾਰ : ਰੋਪੜ-ਆਨੰਦਪੁਰ ਸਾਹਿਬ-ਨੰਗਲ-ਭਾਖੜਾ ਤੇ ਵਾਪਸੀ
ਐਤਵਾਰ : ਪਟਿਆਲਾ–ਛੱਤਬੀੜ-ਪਿੰਜੌਰ ਬਾਗ ਤੇ ਵਾਪਸੀ

ਬੁਕਿੰਗ ਲਈ ਸੰਪਰਕ ਕਰੋ :

ਮੈਨੇਜਿੰਗ ਡਾਇਰੈਕਟਰ,
ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ,
ਐਸ. ਸੀ. ਓ. ਨੰ: 183-184, ਸੈਕਟਰ 8-ਸੀ, ਚੰਡੀਗੜ੍ਹ

**ਸੈਰ ਸਪਾਟਾ ਮੌਜ ਮੇਲੇ ਲਈ ਹੀ ਨਹੀਂ ਦ੍ਰਿਸ਼ਟੀਕੋਣ ਵਿਸ਼ਾਲ ਕਰਨ ਲਈ ਵੀ ਹੁੰਦਾ ਹੈ।**
**ਸੇਵਾ ਤੇ ਨਿਮਰਤਾ ਸਾਡੀ ਪ੍ਰਮੁਖਤਾ ਹੈ।**

# P U N S U P

takes pride in fulfilling the commitment made by the Akali-Janata Government by supplying

WHEAT ATTA VEGETABLE GHEE and CERTAIN PULSES at fixed rates throughout the year

RATES : These fixed rates which have remained constant since 2nd October, 1977 are :—

WHEAT ATTA : Rs. 1.30 per Kg.
VEGETABLE GHEE : Rs. 9.00 Per Kg.
P U L S E S :
Moong whole : Rs. 2.50 Per Kg.
Moong washed : Rs. 3.00 Per Kg.
Mash whole : Rs. 3.00 Per Kg.
Mash washed : Rs. 3.50 Per Kg.

QUANTITY SUPPLIED :
PULSES : 1.48 Lakh Qtls.
WHEAT ATTA : 4.00 Lakh Qtls.
VEGETABLE GHEE : 3.58 Lakh (in tins of $16\frac{1}{2}$ kg.)

Subsidized Commodities worth Rs. 14.25 crores have been supplied.

* Besides specified subsidized commodities mentioned above PUNSUP supplied various other essential commodities at reasonable rates, such as, Controlled and non-controlled cloth, Sugar, Tea, Washing and Toilet soaps, Match Boxes, Salt, Cycle Tyres and Tubes etc. etc. from more than 500 PUNSUP Retail Shops in the State.

PUNSUP has spread its sphere of activities in various other directions by undertaking procurement and distribution of :

RICE BRAN : 80,000 tonnes of rice bran has been procured and distributed.

RICE : 2,100 tonnes Superior Basmati Rice exported in 1977. Agreement for the export of 6,000 tonnes already entered into.

WHEAT : 7.79 Lac tonnes of wheat already procured from 1979 Rabi crop under Price Support Scheme, for Central Pool.

CEMENT : PUNSUP has been allotted 1.11 lac tonnes of free sale quota since January 1979 to relieve the general public from Cement shortage and meet their requirment for various purposes. Cement supplies to Rural areas especially, have been augmented.

DAL PLANT : * PUNSUP has set up its own Dal Plant at Kotkapura for processing and supplying various pulses of good quality.

* PUNSUP contemplates addition of new items in the near future such as Coal, Kerosene Oil etc. etc.

PUNSUP : in the service of common man.

SHANTI SWAROOP SHARMA
Chairman

N. S. RATTAN, IAS
Managing Director

Punjab State Civil Supplies Corporation Ltd., (PUNSUP)
CHANDIGARH.

## ਪੰਜਾਬ ਸਕੂਲ ਸਿਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ

### ਚੋਣਵੀਆਂ ਪ੍ਰਾਪਤੀਆਂ ਅਤੇ ਟੀਚਿਆਂ 'ਤੇ ਇਕ ਝਾਤ

**ਪ੍ਰਾਪਤੀਆਂ**

1. ਦਫਤਰ ਦੇ ਕੰਮ ਅਤੇ ਪਬਲਿਕ ਦੇ ਹਿਤ ਵਿਚ ਚੰਡੀਗੜ੍ਹ ਵਿਚ ਬੋਰਡ ਦੇ ਖਿੰਡੇ ਪੁੰਡੇ ਦਫਤਰ ਮੋਹਾਲੀ ਵਿਖੇ ਇਕ ਚਾਰ ਮੰਜ਼ਲੀ ਬਿਲਡਿੰਗ ਵਿਚ ਇਕੱਠੇ ਕੀਤੇ ਹਨ।
2. ਪਾਠ-ਪੁਸਤਕਾਂ ਦਾ ਮਿਆਰੀਕਰਨ ਕੀਤਾ ਹੈ ਤੇ ਕੀਮਤਾਂ ਘਟਾਈਆਂ ਹਨ। 80 ਪੁਸਤਕਾਂ ਦੀ ਨਵ-ਰਚਨਾ ਕਰਕੇ ਅਤੇ 70 ਮੁੜ ਸੋਧ ਕੇ ਛਪਵਾਈਆਂ ਗਈਆਂ ਹਨ। ਚਾਲੂ ਵਿਦਿਅਕ ਵਰ੍ਹੇ ਵਿਚ ਸਾਰੀਆਂ ਪਾਠ-ਪੁਸਤਕਾਂ ਦੇ ਕੌਮੀਕਰਨ ਦਾ ਟੀਚਾ ਪੂਰਾ ਕਰ ਲਿਆ ਹੈ।
3. ਮਿਡਲ ਜਮਾਤਾਂ ਤੱਕ ਬਸਤੇ ਹੌਲੇ ਕਰਨ ਲਈ 21 ਪਾਠ-ਪੁਸਤਕਾਂ ਘਟ ਕੀਤੀਆਂ ਹਨ। ਬਾਕੀਆਂ ਨੂੰ ਪਹਿਲਾਂ ਨਾਲੋਂ ਸਰਲ ਕੀਤਾ ਹੈ।
4. ਪਾਠ ਪੁਸਤਕ ਡਿਪੂਆਂ ਲਈ ਬੋਰਡ ਦੀਆਂ ਆਪਣੀਆਂ ਇਮਾਰਤਾਂ ਬਣਾਉਣ ਦਾ ਪ੍ਰੋਗਰਾਮ ਆਰੰਭਿਆ ਹੈ। ਇਸ ਕੰਮ ਲਈ ਇੰਪਰੂਵਮੈਂਟ ਟਰੱਸਟਾਂ ਤੋਂ ਜ਼ਮੀਨ ਖਰੀਦੀ ਜਾ ਰਹੀ ਹੈ।
5. ਪ੍ਰੀਖਿਆ ਅਤੇ ਨਿਗਰਾਨ ਅਮਲੇ ਦੇ ਸੇਵਾਫਲ ਦੀਆਂ ਦਰਾਂ ਵਧਾਈਆਂ ਹਨ। ਇਸ ਨਾਲ ਹਰ ਸਾਲ 23 ਹਜ਼ਾਰ ਤੋਂ ਵਧ ਅਧਿਆਪਕਾਂ ਨੂੰ ਲਾਭ ਪੁੱਜੇਗਾ।
6. ਵਿਦਿਆਰਥੀਆਂ ਦੀ ਸਹੂਲਤ ਲਈ 91 ਹੋਰ ਪ੍ਰੀਖਿਆ ਕੇਂਦਰ ਖੋਲ੍ਹੇ ਹਨ ਤੇ ਵਿਸ਼ੇਸ਼ ਉਪਰਾਲਿਆਂ ਦੁਆਰਾ ਨਕਲ ਦੀ ਲਾਅਨਤ ਨੂੰ ਕੁਚਲਿਆ ਹੈ।
7. ਤਮਗੇ ਪ੍ਰਾਪਤ ਕਰਨ ਵਾਲਿਆਂ ਤੋਂ ਇਲਾਵਾ ਹੋਰ ਉੱਚੀਆਂ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਸ਼ਲਾਘਾ-ਪੱਤਰ ਦੇਣੇ ਸ਼ੁਰੂ ਕੀਤੇ ਹਨ। ਪ੍ਰੀਖਿਆ ਦੇ ਆਧਾਰ 'ਤੇ ਵਜ਼ੀਫ਼ ਦੇਣ ਦਾ ਫੈਸਲਾ ਲੈ ਲਿਆ ਗਿਆ ਹੈ।
8. ਅਧਿਆਪਕ ਭਲਾਈ ਫੰਡ ਵਿਚੋਂ ਅਧਿਆਪਕਾਂ ਦੇ ਬੱਚਿਆਂ ਨੂੰ ਵਜ਼ੀਫੇ ਦੇਣੇ ਅਤੇ ਵਿਸ਼ੇਸ਼ ਹਾਲਾਤ ਵਿਚ ਅਧਿਆਪਕਾਂ ਨੂੰ ਮਾਲੀ ਸਹਾਇਤਾ ਦੇਣੀ ਸ਼ੁਰੂ ਕਰ ਦਿੱਤੀ ਹੈ।
9. ਅਧਿਆਪਕਾਂ ਦੀ ਸਹੂਲਤ ਲਈ ਚੰਡੀਗੜ੍ਹ ਵਿਖੇ ਇਕ ਸ਼ਾਨਦਾਰ ਟੀਚਰਜ਼ ਹੋਮ ਰਿਹਾਇਤ ਰਿਐਤੀ ਦਰਾਂ 'ਤੇ ਖੋਲ੍ਹਿਆ ਗਿਆ ਹੈ।

**ਟੀਚੇ**

1. ਭਾਸ਼ਾਵਾਂ ਦੀ ਉਨਤੀ ਤੇ ਵਿਦਿਅਕ ਪ੍ਰੋਗਰਾਮਾਂ ਦੇ ਵਿਕਾਸ ਲਈ ਇਸ ਵਰ੍ਹੇ ਦੇ ਬਜਟ ਵਿਚ 25.44 ਲੱਖ ਰੁਪਏ ਰੱਖੇ ਗਏ ਹਨ।
2. ਅੰਤਰ-ਰਾਸ਼ਟਰੀ ਬਾਲ ਦਿਵਸ ਸੰਬੰਧੀ ਵਿਦਿਅਕ ਪ੍ਰੋਗਰਾਮਾਂ 'ਤੇ 50,000 ਰੁਪਏ ਖਰਚੇ ਜਾਣਗੇ।
3. ਚੰਗੇ ਅਧਿਆਪਕਾਂ ਦਾ ਉਤਸ਼ਾਹ ਵਧਾਉਣ ਲਈ "ਪ੍ਰਾਈਜ਼ ਫਾਰ ਬੈਸਟ ਟੀਚਿੰਗ" ਦਿੱਤੇ ਜਾਣਗੇ।
4. ਚੋਣਵੇਂ 1500 ਪ੍ਰਾਇਮਰੀ ਅਤੇ 400 ਮਿਡਲ ਸਕੂਲਾਂ ਨੂੰ ਲਾਇਬਰੇਰੀ ਗਰਾਂਟ ਦਿੱਤੀ ਜਾਵੇਗੀ।
5. 18 ਹਜ਼ਾਰ ਲਾਇਕ ਤੇ ਗਰੀਬ ਬੱਚਿਆਂ ਨੂੰ ਬੋਰਡ ਅਪਣਾਏਗਾ ਤੇ ਉਨ੍ਹਾਂ ਨੂੰ ਲਿਖਣ ਸਮੱਗਰੀ ਅਤੇ ਪੁਸਤਕਾਂ ਦਿਆ ਕਰੇਗਾ।
6. ਸੈਂਟਰ ਪ੍ਰਾਇਮਰੀ ਸਕੂਲਾਂ ਵਿਖੇ ਵਿਦਿਅਕ ਪ੍ਰਤਿਯੋਗਤਾਵਾਂ ਲਈ 14 ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ।
7. ਪ੍ਰੀਖਿਆ ਕੇਂਦਰਾਂ ਵਿਚ 5 ਲੱਖ ਤੋਂ ਵੱਧ ਰੁਪਏ ਦਾ ਫਰਨੀਚਰ ਦਿੱਤਾ ਜਾਵੇਗਾ ਅਤੇ ਪ੍ਰੀਖਿਆ ਪ੍ਰਣਾਲੀ ਦੀ ਸੋਧ ਲਈ ਨਵੇਂ ਪ੍ਰਾਜੈਕਟ ਹੱਥ ਵਿਚ ਲਏ ਜਾਣਗੇ।
8. ਸਰਕਾਰੀ ਆਦਰਸ਼ ਵਿਦਿਆਲਿਆਂ ਲਈ ਇਕ ਕਰੋੜ ਰੁਪਿਆ ਪਿਛਲੇ ਵਰ੍ਹੇ ਸਰਕਾਰ ਨੂੰ ਦਿੱਤਾ ਸੀ। ਇਕ ਕਰੋੜ ਇਸ ਵਰ੍ਹੇ ਦਿੱਤਾ ਜਾਵੇਗਾ।

**ਜਾਰੀਕਰਤਾ/ਲੋਕ ਸੰਪਰਕ ਅਫ਼ਸਰ**

**SIRJANA**, LITERARY PUNJABI QUARTERLY, CHANDIGARH.
**No. 35** **July—September, 1979**
Ragistered with the Registrar of Newspapers for India Vide R. No 10215/65

# ਪੰਜਾਬ ਬੁਕ ਸੈਂਟਰ ਦੇ ਨਵੇਂ ਪ੍ਰਕਾਸ਼ਨ

| | | |
|---|---|---|
| ਸੋਵੀਅਤ ਇਨਸਾਨ | ... | 10-00 |
| ਸੋਵੀਅਤ ਯੂਨੀਅਨ : ਪ੍ਰਸ਼ਨ ਅਤੇ ਉੱਤਰ | ... | 7-00 |
| ਅੱਜ ਦੀ ਇਸਤਰੀ | ... | 8-00 |
| ਲੈਨਿਨ : ਇਕ ਮਹਾਨ ਸਿਧਾਂਤਕਾਰ | ... | 12-00 |
| ਲੈਨਿਨ : ਮਾਨਵੀ ਅਤੇ ਮਹਾਨ | ... | 5-00 |
| ਪੀਲੇ ਦੈਂਤ ਦਾ ਸ਼ਹਿਰ | ਗੋਰਕੀ | 4-60 |
| ਮਜ਼ਦੂਰ ਜਮਾਤ ਅਤੇ ਕਿਸਾਨ ਵਿਚਾਲੇ ਏਕਤਾ | ਲੈਨਿਨ | 11-00 |
| ਔਰਤਾਂ ਦੀ ਬੰਦ ਖਲਾਸੀ ਬਾਰੇ | ਲੈਨਿਨ | 3-60 |
| ਸੰਸਾਰ ਦੀਆਂ ਨਜ਼ਰਾਂ ਵਿਚ ਲੈਨਿਨ | ... | 11-25 |
| ਸਿਆਸੀ ਆਰਥਿਕਤਾ ਦੀ ਆਲੋਚਨਾ ਵਿਚ ਯੋਗਦਾਨ | ਮਾਰਕਸ | 7-50 |
| ਨੌਜਵਾਨਾਂ ਬਾਰੇ | ਲੈਨਿਨ | 8-25 |
| ਸਮਾਜਵਾਦੀ ਇਨਕਲਾਬ ਦਾ ਲੈਨਿਨਵਾਦੀ ਸਿਧਾਂਤ ਅਤੇ ਅਜੋਕਾ ਸੰਸਾਰ | ... | 13-20 |

## ਨਵੀਆਂ ਸੋਵੀਅਤ ਪੁਸਤਕਾਂ

| | | |
|---|---|---|
| ਚੋਣਵੀਆਂ ਕਹਾਣੀਆਂ | ਗੋਰਕੀ | 6-50 |
| ਅਲਵਿਦਾ ਗੁਲਸਾਰੀ (ਨਾਵਲ) | ਚ. ਆਈਤਮਾਤੋਵ | 3-00 |
| ਕਹਾਣੀਆਂ ਤੇ ਛੋਟੇ ਨਾਵਲ | ਤਾਲਸਤਾਏ | 5-50 |
| ਅਸਲੀ ਇਨਸਾਨ ਦੀ ਕਹਾਣੀ | ਬੋਰਿਸ ਪੋਲੋਵੋਈ | 6-00 |
| ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ | ਮਾਰਕਸ, ਐਂਗਲਜ਼ | 0-50 |
| ਯੂਟੋਪਿਆਈ ਤੇ ਵਿਗਿਆਨਕ ਸਮਾਜਵਾਦ | ਲੈਨਿਨ | 3-00 |
| ਸਾਮਰਾਜ ਅਤੇ ਸਾਮਰਾਜੀਆਂ ਬਾਰੇ | ਲੈਨਿਨ | 1-00 |
| ਲੋਕ ਵਿਦਿਆ ਬਾਰੇ | ਲੈਨਿਨ | 1-60 |
| ਅੱਜ ਦਾ ਕਮਿਊਨਿਸਟ ਵਿਰੋਧ | ਵੀ. ਮਸ਼ਵੇਵੀਸ਼ਗਦਜ਼ੇ | 1-00 |

## ਪੰਜਾਬ ਬੁਕ ਸੈਂਟਰ

**1126-27, ਸੈਕਟਰ 22 ਬੀ, ਚੰਡੀਗੜ੍ਹ**

ਬਰਾਂਚਾਂ :

ਪੁਰਾਣਾ ਡਾਕਖਾਨਾ ਰੋਡ, **ਜਲੰਧਰ**; ਘੁਮਾਰ ਮੰਡੀ ਚੌਂਕ, ਸਿਵਲ ਲਾਈਨਜ਼, **ਲੁਧਿਆਣਾ**; ਸਰਹੰਦੀ ਦਰਵਾਜ਼ੇ ਦੇ ਬਾਹਰ, **ਪਟਿਆਲਾ**; ਸ਼ਹੀਦ ਭਗਤ ਸਿੰਘ ਚੌਂਕ, **ਬਠਿੰਡਾ**; ਮਹਾਂਬੀਰ ਮਾਰਗ, **ਫਰੀਦਕੋਟ**